ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ


# ਸਾਡੇ ਲੋਕ
SADE LOK
sadelok.com

31 ਜਨਵਰੀ ਤੋਂ 6 ਫਰਵਰੀ 2024

ਸਾਲ 15ਵਾਂ - ਅੰਕ 5



email : info@sadelok.com

Ph. : 510-706-1300
Fax : 925-373-1300


## ਭਾਰਤ ਦੇ ਤਿੰਨ ਸੂਬਿਆਂ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਨੇ ਸਹੁੰ ਚੁੱਕੀ, ਹੇਮੰਤ ਸੋਰੇਨ ਗ੍ਰਿਫ਼ਤਾਰ ਅਤੇ ਅਰਵਿੰਦ ਕੇਜਰੀਵਾਲ ਨੂੰ ਸੰਮਨ



(ਦੇਖੋ ਸਫ਼ਾ 31 'ਤੇ)

## ਇਮਰਾਨ ਖ਼ਾਨ ਤੇ ਕੁਰੈਸ਼ੀ ਨੂੰ 10-10 ਸਾਲ ਦੀ ਸਜ਼ਾ

*ਵਿਸ਼ੇਸ਼ ਅਦਾਲਤ ਨੇ ਅਡਿਆਲਾ ਜੇਲ੍ਹ 'ਚ ਸੁਣਾਇਆ ਫ਼ੈਸਲਾ*



ਅੰਮ੍ਰਿਤਸਰ : ਪਾਕਿਸਤਾਨ 'ਚ ਆਫੀਸ਼ੀਅਲ ਸੀਕਰੇਟਸ ਐਕਟ ਤਹਿਤ ਸਥਾਪਿਤ ਕੀਤੀ ਗਈ ਵਿਸ਼ੇਸ਼ ਅਦਾਲਤ ਨੇ ਅੱਜ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਅਤੇ ਸਾਬਕਾ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੂੰ ਸਾਈਫ਼ਰ ਮਾਮਲੇ 'ਚ 10-10 ਸਾਲ ਦੀ ਸਜ਼ਾ ਸੁਣਾਈ। ਰਾਵਲਪਿੰਡੀ ਦੀ ਵਿਸ਼ੇਸ਼ ਅਦਾਲਤ ਦੇ ਜੱਜ ਅਬੂਲ ਹਸਨਤ ਜ਼ੁਲਕਾਰਨੈਨ ਨੇ ਅਡਿਆਲਾ ਜੇਲ੍ਹ 'ਚ ਇਹ ਫ਼ੈਸਲਾ ਸੁਣਾਇਆ। ਵਿਸ਼ੇਸ਼ ਅਦਾਲਤ ਦਾ ਇਹ ਫ਼ੈਸਲਾ ਪਾਕਿ 'ਚ 8 ਫਰਵਰੀ ਨੂੰ ਹੋਣ ਵਾਲੀਆਂ ਆਮ ਚੋਣਾਂ ਤੋਂ 9 ਦਿਨ ਪਹਿਲਾਂ ਆਇਆ ਹੈ। ਇਮਰਾਨ ਖ਼ਾਨ ਦੀ ਪਾਰਟੀ ਅਦਾਲਤੀ ਫ਼ੈਸਲੇ ਦੇ ਚੱਲਦਿਆਂ ਬਿਨਾਂ ਕਿਸੇ ਚੋਣ ਨਿਸ਼ਾਨ ਦੇ ਇਹ ਚੋਣਾਂ ਲੜ ਰਹੀ ਹੈ। ਇੱਥੇ ਇਹ ਵੀ ਦੱਸਣਯੋਗ ਹੈ ਕਿ ਇਮਰਾਨ ਖ਼ਾਨ ਦੀ ਇਹ ਦੂਜੀ ਸਜ਼ਾ ਹੈ। ਇਸ ਤੋਂ ਪਹਿਲਾਂ ਪਿਛਲੇ ਸਾਲ 5 ਅਗਸਤ ਨੂੰ ਉਨ੍ਹਾਂ ਨੂੰ ਤੋਸ਼ਾਖ਼ਾਨਾ ਕੇਸ 'ਚ ਦੋਸ਼ੀ ਠਹਿਰਾਉਂਦਿਆਂ 3 ਸਾਲ ਦੀ ਸਜ਼ਾ ਸੁਣਾਈ ਗਈ, ਜਿਸ ਦੇ ਚੱਲਦਿਆਂ ਉਹ ਰਾਵਲਪਿੰਡੀ ਦੀ ਅਡਿਆਲਾ ਜੇਲ੍ਹ 'ਚ ਬੰਦ ਹਨ। ਜਾਣਕਾਰੀ ਅਨੁਸਾਰ ਜੱਜ ਜ਼ੁਲਕਰਨੈਨ ਵਲੋਂ ਸੁਣਵਾਈ ਦੀ ਸ਼ੁਰੂਆਤ 'ਚ ਇਮਰਾਨ ਖ਼ਾਨ ਤੇ ਕੁਰੈਸ਼ੀ ਨੂੰ ਪਾਕਿਸਤਾਨ ਪੀਨਲ ਕੋਡ ਦੀ ਧਾਰਾ 342 ਤਹਿਤ ਪ੍ਰਸ਼ਨਾਵਲੀ ਦਿੱਤੀ ਗਈ। ਸਾਬਕਾ ਪ੍ਰਧਾਨ ਮੰਤਰੀ ਦੇ ਬਿਆਨ ਦਰਜ ਕਰਨ ਤੋਂ ਬਾਅਦ ਅਦਾਲਤ

(ਦੇਖੋ ਸਫ਼ਾ 15 'ਤੇ)

# ਸਨਫਰਾਂਸਿਸਕੋ ਵਿਚ ਕਰਵਾਏ ਗਏ ਖਾਲਿਸਤਾਨ ਰੈਫਰੈਂਡਮ ਪ੍ਰਤੀ ਵੋਟਾਂ ਉਪਰ ਦੋ ਲੱਖ ਤੋਂ ਵੱਧ ਇਕੱਠ

*ਇਕ ਲੱਖ 27 ਹਜ਼ਾਰ ਵੋਟਾਂ ਹੋਈਆਂ ਪੋਲ, ਮੀਲਾਂ 'ਚ ਲੱਗੀਆਂ ਲਾਈਆਂ ਲਾਈਨਾਂ*



(ਦੇਖੋ ਸਫ਼ਾ 32-35 'ਤੇ)

## ਬੀਜੇਪੀ ਆਗੂ ਰੰਜੀਤ ਕਤਲ ਵਿੱਚ 15 ਮੁਸਲਮਾਨਾ ਨੂੰ ਸਜ਼ਾ-ਏ-ਮੌਤ

ਅਲਾਪੁਝਾ : ਕੇਰਲ ਦੀ ਇਕ ਅਦਾਲਤ ਨੇ ਦਸੰਬਰ 2021 'ਚ ਕੇਰਲ ਦੇ ਅਲਾਪੁਝਾ ਜ਼ਿਲ੍ਹੇ 'ਚ ਭਾਜਪਾ ਦੀ ਹੋਰ ਪਿਛੜੀ ਸ਼੍ਰੇਣੀ (ਓ. ਬੀ. ਸੀ.) ਸ਼ਾਖਾ ਦੇ ਆਗੂ ਰੰਜੀਤ ਸ਼੍ਰੀਨਿਵਾਸਨ ਕਤਲ ਮਾਮਲੇ 'ਚ ਪਾਬੰਦੀਸ਼ੁਦਾ ਇਸਲਾਮਿਕ ਸੰਗਠਨ ਪਾਪੂਲਰ ਫਰੰਟ ਆਫ ਇੰਡੀਆ (PFI) ਨਾਲ ਜੁੜੇ 15 ਮੁਸਲਮਾਨਾ ਨੂੰ ਮੌਤ ਦੀ ਸਜ਼ਾ ਸੁਣਾਈ ਹੈ।

ਵਧੀਕ ਜ਼ਿਲ੍ਹਾ ਜੱਜ ਮਾਵੇਲੀਕਾਰਾ ਵੀ.ਜੀ. ਸ਼੍ਰੀਦੇਵੀ ਨੇ ਦੋਸ਼ੀਆਂ ਨੂੰ ਸਜ਼ਾ ਸੁਣਾਈ। ਇਸਤਗਾਸਾ ਪੱਖ ਨੇ ਦੋਸ਼ੀਆਂ ਲਈ ਵੱਧ ਤੋਂ ਵੱਧ ਸਜ਼ਾ ਦੀ ਮੰਗ ਕਰਦੇ ਹੋਏ ਕਿਹਾ ਸੀ ਕਿ PFI ਦੇ ਇਹ ਮੈਂਬਰ ਇਕ 'ਸਿੱਖਿਅਤ ਕਤਲ ਦਸਤੇ' ਨਾਲ ਸਬੰਧਤ ਸਨ ਅਤੇ ਜਿਸ ਬੇਰਹਿਮੀ ਅਤੇ ਘਿਨਾਉਣੇ ਤਰੀਕੇ ਨਾਲ ਪੀੜਤ ਨੂੰ ਉਸਦੀ ਮਾਂ, ਬੱਚੇ ਅਤੇ ਪਤਨੀ ਦੇ ਸਾਹਮਣੇ ਮਾਰਿਆ ਗਿਆ ਸੀ, ਉਹ 'ਬਹੁਤ ਦੁਰਲੱਭ' ਅਪਰਾਧ ਦੀ ਸ਼੍ਰੇਣੀ ਦੇ ਦਾਇਰੇ

(ਦੇਖੋ ਸਫ਼ਾ 27 'ਤੇ)



## ਜੇਕਰ ਕੋਈ ਅਮਰੀਕਾ ਦੇ ਸ਼ਹਿਰੀ ਦੀ ਮੁਖਬਰੀ ਕਰਦਾ, ਤੁਹਾਨੂੰ ਜਾਂ ਪ੍ਰਵਾਰ ਨੂੰ ਧਮਕੀ ਦਿੰਦਾ ਤਾਂ Federal Bureau of Investigation (FBI) ਨਾਲ ਸੰਪਰਕ ਕਰੋ




ਲਿਵਰਮੋਰ/ ਕੈਲੀਫੋਰਨੀਆ : ਤੁਹਾਨੂੰ ਧਮਕਾਉਂਦਾ ਲਈ ਸਾਡੇ ਦੇਸ਼ ਅਮਰੀਕਾ ਵਿਚ ਬਾਹਰਲੇ ਦੇਸ਼ਾਂ ਦੀਆਂ ਸਰਕਾਰਾਂ ਵੱਲੋਂ ਅੰਤਰਰਾਸ਼ਟਰੀ ਦਬਾਅ ਪਾਇਆ ਜਾ ਰਿਹਾ ਹੈ। ਇਸ ਨੂੰ ਰੋਕਣ ਲਈ ਐਫ਼ ਬੀ ਆਈ ਨੂੰ ਤੁਹਾਡੇ ਸਹਿਯੋਗ ਦੀ ਲੋੜ ਹੈ। ਵਿਦੇਸ਼ੀ ਸਰਕਾਰਾਂ ਜਾਂ ਉਹਨਾਂ ਦੇ ਮੁਲਾਜ਼ਮਾਂ ਜਾਂ ਮੁਖਬਰਾਂ ਵਲੋਂ ਅਮਰੀਕਾ ਵਿਚ ਵਸਦੇ ਕਿਸੇ ਵੀ ਇਨਸਾਨ ਨਾਲ ਕੀਤੇ ਜਾ ਰਹੇ ਅੰਤਰਰਾਸ਼ਟਰੀ ਦਬਾਅ ਦੀਆਂ ਕੁਝ ਕਿਸਮਾਂ ਇਸ ਤਰ੍ਹਾਂ ਹਨ। ਨਿਗਰਾਨੀ ਰੱਖਣੀ, ਪਿੱਛਾ ਕਰਨਾ, ਤੰਗ ਪਰੇਸ਼ਾਨ ਕਰਨਾ, ਅਗਵਾ ਕਰਨ ਦੀ ਕੋਸ਼ਿਸ਼ ਜਾਂ ਉਸ 'ਤੇ ਸਰੀਰਕ ਹਮਲਾ ਕਰਨਾ ਅਤੇ ਧਮਕੀਆਂ ਤੇ ਡਰਾਵੇ ਰਾਹੀਂ ਜ਼ਬਰਦਸਤੀ ਕਿਸੇ ਭਾਈਚਾਰੇ ਜਾਂ ਵਿਅਕਤੀਆਂ ਬਾਰੇ ਜਾਣਕਾਰੀ ਇਕੱਠੀ ਕਰਨ ਦੀ ਕੋਸ਼ਿਸ਼ ਕਰਨੀ। ਕਿਸੇ ਨੂੰ ਉਸ ਦੇ ਮੂਲ ਦੇਸ਼ ਨੂੰ ਮੁੜਨ ਲਈ ਮਜਬੂਰ ਕਰਨਾ ਜਾਂ ਮੂਲ ਦੇਸ਼ ਵਿੱਚ ਵਸਦੇ ਉਸਦੇ ਰਿਸ਼ਤੇਦਾਰਾਂ ਨੂੰ ਡਰਾਉਣਾ ਜਾਂ ਹਿਰਾਸਤ ਵਿਚ ਲੈਣਾ। ਕਿਸੇ ਦੇ ਕੰਪਿਊਟਰ ਜਾਂ ਫੋਨ ਨੂੰ ਹੈਕ ਕਰਕੇ ਉਸ ਦੀ ਨਿੱਜਤਾ 'ਤੇ

(ਦੇਖੋ ਸਫ਼ਾ 31 'ਤੇ)


For your Advertisement
Please Call
510-706-1300

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities (Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories PERM
Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas
Other Immigrantion Services
- Citizenship
- e-Verify, 1-9 and
- Other Compliance Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
• ਪੌਲੀਟੀਕਲ ਅਸਾਈਲਮ • ਡਿਪੋਟੇਸ਼ਨ ਡਿਫੈਂਸ
• BIA ਅਪੀਲ • 9 Circuit ਅਪੀਲ
• ਸਿਟੀਜਨਸ਼ਿਪ • ਗਰੀਨਕਾਰਡ
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
ਸ. ਹਰਮਿੰਦਰ ਸਿੰਘ ਸਮਾਣਾ
ਆਫਿਸ ਮੈਨੇਜਰ 209-481-7750
Law office of Anthony Nwosu
239 West Yosemite Ave Manteca CA 95336 ਸਾਡਾ ਆਫ਼ਿਸ Oakland ਅਤੇ Sacramento ਵਿਚ ਵੀ ਹੈ
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
PH: 209-624-3919
Anthony Nwosu Attorney at Law 510-788-4558

# ਵੋਟ 5 ਮਾਰਚ, 2024



ਜਨਤਕ ਸੁਰੱਖਿਆ ਲਈ



ਬੇਘਰੇ ਲੋਕਾਂ ਲਈ



ਛੋਟੇ ਕਾਰੋਬਾਰ ਨੂੰ ਉਤਸ਼ਾਹਿਤ ਕਰਨ ਲਈ

## ★ ਸੁਰੱਖਿਅਤ ਅਤੇ ਸਾਫ਼ ਆਂਢ-ਗੁਆਂਢ ★

### ਕਮਿਊਨਿਟੀ ਨੇ ਨਿਸ਼ਕਾਮ ਸੇਵਾਦਾਰ ਅਤੇ ਤਜਰਬੇਕਾਰ ਨੇਤਾ

- ਅਸੀਂ ਇਕੱਠੇ ਮਿਲ ਕੇ ਆਪਣੇ ਭਾਈਚਾਰੇ ਨੂੰ ਵੱਧ ਰਹੇ ਅਪਰਾਧਾਂ ਤੋਂ ਬਚਾਵਾਂਗੇ ਅਤੇ ਆਂਢ-ਗੁਆਂਢ ਦੀ ਸੁਰੱਖਿਆ ਨੂੰ ਉਤਸ਼ਾਹਿਤ ਕਰਾਂਗੇ।
- ਜਿਵੇਂ ਕਿ ਹਰ ਇੱਕ ਨੂੰ ਵਧੀਆ ਘਰ ਦੀ ਲੋੜ ਹੈ। ਅਸੀਂ ਮਿਲ ਕੇ ਬੇਘਰਿਆਂ ਨੂੰ ਘਰ ਬਣਾਉਣ ਅਤੇ ਸਾਫ਼-ਸੁਥਰੇ ਆਂਢ-ਗੁਆਂਢ ਨੂੰ ਬਣਾਈ ਰੱਖਣ ਵੱਲ ਧਿਆਨ ਦੇਵਾਂਗੇ।
- ਅਸੀਂ ਸਾਰੇ ਮਿਲ ਕੇ ਛੋਟੇ ਕਾਰੋਬਾਰਾਂ ਨੂੰ ਉਤਸ਼ਾਹਿਤ ਕਰਾਂਗੇ।
- ਅਸੀਂ ਸਾਰੇ ਪਾਰਕਾਂ, ਗਲੀਆਂ ਨੂੰ ਸੁਰੱਖਿਅਤ ਅਤੇ ਸਾਫ਼ ਸਥਰਾ ਰੱਖਣ ਵੱਲ ਵਿਸ਼ੇਸ਼ ਧਿਆਨ ਦੇਵਾਂਗੇ।



ਹੋਰ ਜਾਣਕਾਰੀ ਲਈ ਸੰਪਰਕ ਕਰੋ ਤੁਹਾਡਾ ਆਪਣਾ

## ਸ. ਸੁਖਦੇਵ ਸਿੰਘ ਬੈਨੀਵਾਲ

For San Jose City Council - District 8

(408) 421-9463 or email : voteBainiwal@gmail.com

visit www.Votebainiwal.com #BainiwalForAll

Paid for by Sukhdev Bainiwal for City Council 2024 FPPc#1463066

# ਸੈਕਰਾਮੈਂਟੋ ਦੇ ਗੁਰਦੁਆਰਾ ਸੈਕਰਾਮੈਂਟੋ ਸਿੱਖ ਸੋਸਾਇਟੀ ਦੀ ਬਿਲਡਿੰਗ ਨੂੰ ਧਮਾਕੇ ਕਾਰਨ ਲੱਗੀ ਅੱਗ, ਵੱਖ-ਵੱਖ ਪਹਿਲੂਆਂ ਤੋਂ ਜਾਂਚ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਸਾਊਥ ਸੈਕਰਾਮੈਂਟੋ ਦੇ ਗੁਰਦੁਆਰਾ ਸੈਕਰਾਮੈਂਟੋ ਸਿੱਖ ਸੋਸਾਇਟੀ ਜੋ ਕਿ ਬ੍ਰੈਡਸ਼ਾਅ ਰੋਡ ਤੇ ਸਥਿਤ ਹੈ ਅੱਜ ਕਰੀਬ 3:30 ਵਜੇ ਗੈਸ ਦਾ ਸਿਲੰਡਰ ਫੱਟਣ ਕਾਰਣ ਹੋਏ ਧਮਾਕੇ ਨਾਲ ਪੁਰਾਣੀ ਇਮਾਰਤ ਨੂੰ ਅੱਗ ਲੱਗ ਗਈ ਤੇ ਨਾਲ ਖੜੀਆਂ ਕਾਰਾਂ ਵੀ ਅੱਗ ਨਾਲ ਸੜ ਗਈਆਂ । ਫਾਇਰ ਡਿਪਾਰਟਮੈਂਟ ਨੇ ਅੱਗ ਤੇ ਕਾਬੂ ਪਾਇਆ ਪਰ ਪੁਰਾਣੀ ਬਿਲਡਿੰਗ ਦਾ ਇੱਕ ਹਿੱਸਾ ਸੜ ਚੁੱਕਾ ਹੈ। ਇਹ ਧਮਾਕਾ ਐਨਾ ਜਬਰਦਸਤ ਸੀ ਕਿ ਜਿਸ ਦੀ ਵਾਜ ਦੂਰ ਦੂਰ ਤੱਕ ਸੁਣਾਈ ਦਿੱਤੀ ਇਸ ਹੋਏ ਧਮਾਕੇ ਨੇ ਆਪਣਾ ਆਲਾ ਦੁਆਲਾ ਅੱਗ ਦੀ ਲਪੇਟ ਚ ਲੈ ਲਿਆ। ਜਬਰਦਸਤ ਧਮਾਕੇ ਨਾਲ ਲੱਗੀ ਅੱਗ ਦੀ ਸੈਕਰਾਮੈਂਟੋ ਕੈਲੀਫੋਰਨੀਆ ਦੀਆਂ ਲਾਅ ਇੰਨਫੋਰਸਮੈਂਟ ਏਜੰਸੀਆਂ ਵੱਖ ਵੱਖ ਪਹਿਲੂ ਤੋਂ ਜਾਂਚ ਕਰ ਰਹੀਆਂ ਹਨ ਤੇ ਆਵਾਜਾਈ ਬੰਦ ਹੈ। ਵਰਨਣਯੋਗ ਹੈ ਕਿ ਕੱਲ੍ਹ ਹੀ ਸੈਨ ਫਰਾਂਸਿਸਕੋ ਵਿੱਚ ਸਿੱਖ ਹੋਮਲੈਂਡ ਲਈ ਹੋਏ ਰੈਫਰੈਂਡਮ ਲਈ ਭਾਰੀ ਗਿਣਤੀ ਚ ਸਵਾ ਲੱਖ ਤੋਂ ਉਪਰ ਸਿੱਖਾਂ ਨੇ ਵੋਟਿੰਗ ਕੀਤੀ ਸੀ ਤੇ ਕਰੀਬ 50 ਹਜਾਰ ਲੋਕ ਵੋਟ ਹੀ ਨਹੀਂ ਪਾ ਸਕੇ ਸਨ ਇਸ ਪਹਿਲੂ ਤੋਂ ਵੀ ਪੁਲੀਸ ਜਾਂਚ ਪੜਤਾਲ ਕਰ ਰਹੀ ਸੀ ਕਿਓਂ ਕਿ ਇਸ ਗੁਰੂ ਘਰ ਤੋਂ ਭਾਰੀ ਗਿਣਤੀ ਚ ਸਿੱਖ ਵੋਟਿੰਗ ਲਈ ਗਏ ਸਨ। ਦੂਸਰਾ ਇਹ ਕਿ ਮਾਰਚ ਦੀ 24 ਮਾਰਚ ਨੂੰ ਵਿਸ਼ਾਲ ਨਗਰ ਕੀਰਤਨ ਕੱਢਿਆ ਜਾ ਰਿਹਾ ਹੈ ਤੇ ਪਿਛਲੇ ਸਾਲ ਇਸ ਨਗਰ ਕੀਰਤਨ ਗੋਲੀ ਵੀ ਚੱਲੀ ਸੀ। ਇਸ ਹੋਏ ਧਮਾਕੇ ਦੀ ਹੈਲੀਕਾਪਟਰ ਰਾਹੀਂ ਪੁਲੀਸ ਲਗਾਤਾਰ ਨਜਰ ਰੱਖ ਰਹੀ ਸੀ। ਇੱਕ ਵੀਡੀਓ ਵਿੱਚ, ਬ੍ਰੈਡਸ਼ਾਅ ਰੋਡ 'ਤੇ ਗੁਰਦੁਆਰਾ ਸਾਹਿਬ ਦੇ ਮੁੱਖ ਗੇਟ ਤੇ ਇੱਕ ਕਾਰ ਨੂੰ ਅੱਗ ਲੱਗਦੀ ਦਿਖਾਈ ਦਿੱਤੀ ਹੈ ਤੇ ਧਮਾਕਾ ਹੁੰਦਾ ਹੈ। ਗੁਰੂ ਘਰ ਦੇ ਪ੍ਰਬੰਧਕਾਂ ਨੇ ਸੰਗਤਾਂ ਨੂੰ ਅਫਵਾਹਾਂ ਤੋਂ ਬਚਣ ਦੀ ਅਪੀਲ ਕੀਤੀ। ਇਸ ਬਿਲਡਿੰਗ ਵਿੱਚ ਪੰਜਾਬੀ ਸਕੂਲ ਦੇ ਬੱਚੇ ਵੀ ਪੜਦੇ ਹਨ। ਵਾਹਿਗੁਰੂ ਦਾ ਸ਼ੁਕਰ ਹੈ ਕਿ ਅੱਜ ਐਤਵਾਰ ਨਹੀਂ ਸੀ ਤੇ ਗੁਰੂ ਘਰ ਸੰਗਤਾਂ ਵੀ ਨਹੀਂ ਸਨ, ਨਹੀਂ ਤਾਂ ਕਾਫੀ ਜਾਨੀ ਨੁਕਸਾਨ ਹੋਣ ਦਾ ਖਦਸ਼ਾ ਸੀ।





ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ



Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com

Balsani Welders & Builders
We Design, Manufacture & Ship Nationwide
All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences



ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।



ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ
ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।
ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ
ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।



- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।



S. Iqbal Singh
844-573-3824 | 510 862 2332
433 W Scotts Ave Stockton, CA 95203
PH: (925) 487-7117

ਸਾਡੇ ਲੋਕ


# ਅਮਰੀਕਾ ਦੇ ਲਾਸ ਏਂਜਲਸ 'ਚ ਗੋਲੀਬਾਰੀ, ਚਾਰ ਲੋਕਾਂ ਦੀ ਮੌਤ



ਲਾਸ ਏਂਜਲਸ : ਅਮਰੀਕਾ ਦੇ ਲਾਸ ਏਂਜਲਸ ਵਿੱਚ ਸ਼ਨੀਵਾਰ ਨੂੰ ਹੋਈ ਗੋਲੀਬਾਰੀ ਦੀ ਘਟਨਾ ਵਿੱਚ ਚਾਰ ਲੋਕਾਂ ਦੀ ਮੌਤ ਹੋ ਗਈ੍ਰ ਪੁਲਸ ਨੇ ਇਸ ਨੂੰ ਕਤਲ ਤੋਂ ਬਾਅਦ ਖ਼ੁਦਕੁਸ਼ੀ ਦਾ ਮਾਮਲਾ ਦੱਸਿਆ ਹੈ। ਲਾਸ ਏਂਜਲਸ ਪੁਲਸ ਵਿਭਾਗ ਨੇ ਸੋਸ਼ਲ ਮੀਡੀਆ 'ਤੇ ਇੱਕ ਬਿਆਨ ਸਾਂਝਾ ਕੀਤਾ, ਜਿਸ ਵਿੱਚ ਕਿਹਾ ਗਿਆ ਹੈ ਕਿ ਅਧਿਕਾਰੀਆਂ ਨੇ ਲੇਰਡੋ ਐਵੇਨਿਊ ਦੇ 11600 ਬਲਾਕ ਵਿੱਚ ਗੋਲੀਬਾਰੀ ਦੀ ਰਿਪੋਰਟ ਮਗਰੋਂ ਸ਼ਾਮ 7 ਵਜੇ ਤੋਂ ਪਹਿਲਾਂ ਘਟਨਾ ਵਾਲੀ ਥਾਂ 'ਤੇ ਜਵਾਬ ਦਿੱਤਾ।

ਪੁਲਸ ਨੇ ਕਿਹਾ ਕਿ ਚਾਰ ਲੋਕਾਂ ਨੂੰ ਮੌਕੇ 'ਤੇ ਮ੍ਰਿਤਕ ਐਲਾਨ ਦਿੱਤਾ ਗਿਆ ਸੀ ਅਤੇ ਜਾਂਚਕਰਤਾਵਾਂ ਅਨੁਸਾਰ ਇਹ ਖ਼ੁਦਕੁਸ਼ੀ ਤੋਂ ਬਾਅਦ ਕਤਲ ਦਾ ਮਾਮਲਾ ਸੀ। ਮ੍ਰਿਤਕਾਂ ਬਾਰੇ ਅਜੇ ਤੱਕ ਕੋਈ ਹੋਰ ਜਾਣਕਾਰੀ ਨਹੀਂ ਦਿੱਤੀ ਗਈ ਹੈ ਅਤੇ ਨਾ ਹੀ ਇਹ ਦੱਸਿਆ ਗਿਆ ਹੈ ਕਿ ਗੋਲੀਬਾਰੀ ਕਿਉਂ ਕੀਤੀ ਗਈ।

# ਅਮਰੀਕਾ ਵਿਚ ਨਾਈਟਰੋਜਨ ਰਾਹੀਂ ਮੌਤ ਦੀ ਸਜ਼ਾ ਦੀ ਕਈ ਥਾਵਾਂ ਤੇ ਕੀਤੀ ਗਈ ਨਿੰਦਾ



ਵਾਸ਼ਿੰਗਟਨ : ਅਮਰੀਕਾ ਦੇ ਅਲਬਾਮਾ 'ਚ ਪਾਦਰੀ ਦੀ ਪਤਨੀ ਦੀ ਹੱਤਿਆ ਦੇ ਦੋਸ਼ੀ ਕੇਨੇਥ ਸਮਿਥ ਨੂੰ ਸ਼ੁੱਕਰਵਾਰ ਨੂੰ ਨਾਈਟ੍ਰੋਜਨ ਗੈਸ ਨਾਲ ਮੌਤ ਦੀ ਸਜ਼ਾ ਸੁਣਾਏ ਜਾਣ 'ਤੇ ਦੇਸ਼ ਭਰ 'ਚ ਆਲੋਚਨਾ ਜਾਰੀ ਹੈ। ਵ੍ਹਾਈਟ ਹਾਊਸ ਨੇ ਵੀ ਇਸ ਤਰ੍ਹਾਂ ਮੌਤ ਦੀ ਸਜ਼ਾ ਦੇਣ 'ਤੇ ਚਿੰਤਾ ਪ੍ਰਗਟਾਈ ਹੈ। ਇਸ ਦੇ ਨਾਲ ਹੀ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਸੰਗਠਨ ਨੇ ਵੀ ਇਸ ਦੀ ਸਖ਼ਤ ਆਲੋਚਨਾ ਕਰਦੇ ਹੋਏ ਇਸ ਨੂੰ ਜ਼ਾਲਮ ਤਰੀਕਾ ਦੱਸਿਆ ਹੈ। ਵ੍ਹਾਈਟ ਹਾਊਸ ਨੇ ਕਿਹਾ ਕਿ ਨਾਈਟ੍ਰੋਜਨ ਗੈਸ ਦੀ ਵਰਤੋਂ ਚਿੰਤਾਜਨਕ ਹੈ। ਅਸੀਂ ਇਸ ਤੋਂ ਬਹੁਤ ਦੁਖੀ ਹਾਂ। ਅਮਰੀਕਾ ਵਿਚ ਜ਼ਹਿਰ ਦਾ ਟੀਕਾ ਲਗਾ ਕੇ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ ਪਰ ਅਲਬਾਮਾ, ਓਕਾਲਾ ਅਤੇ ਮਿਸੀਸਿਪੀ ਵਿਚ ਨਾਈਟ੍ਰੋਜਨ ਗੈਸ ਨਾਲ ਮੌਤ ਦੀ ਸਜ਼ਾ ਦੇਣ ਦੀ ਵਿਵਸਥਾ ਹੈ। ਅਲਬਾਮਾ ਦੇ ਅਟਾਰਨੀ ਜਨਰਲ ਸਟੀਵ ਮਾਰਸ਼ਲ ਨੇ ਕੈਨੇਥ ਸਮਿਥ ਨੂੰ ਫਾਂਸੀ ਦੇਣ ਦੇ ਤਰੀਕੇ ਦਾ ਬਚਾਅ ਕੀਤਾ।

ਕੇਨੇਥ ਦੀ ਮੌਤ ਦੇ ਮੌਕੇ 'ਤੇ ਮੌਜੂਦ ਲੋਕਾਂ ਵਿੱਚ ਪਾਦਰੀ ਜੈਫ ਹੁੱਡ ਵੀ ਸ਼ਾਮਲ ਹਨ। ਜਦੋਂ ਮੌਤ ਦੀ ਸਜ਼ਾ ਦਿੱਤੀ ਜਾ ਰਹੀ ਸੀ, ਉਸ ਦੇ (ਕੇਨੇਥ ਸਮਿਥ) ਦੇ ਚਿਹਰੇ 'ਤੇ ਹੈਰਾਨੀ ਦੇ ਪ੍ਰਗਟਾਵੇ ਸਾਫ਼ ਵੇਖੇ ਜਾ ਸਕਦੇ ਸਨ। ਇਨ੍ਹਾਂ ਹਾਲਾਤਾਂ 'ਚ ਇਹ ਕਹਿਣਾ ਮੁਸ਼ਕਿਲ ਹੈ ਕਿ ਇਹ ਕੀ ਸੀ ਪਰ ਉਸ ਦੌਰਾਨ ਸਾਡੇ ਸਾਰਿਆਂ ਦੇ ਚਿਹਰਿਆਂ 'ਤੇ ਡਰ ਸੀ। ਇਹ ਉਹ ਪਲ ਸਨ ਜੋ ਹਮੇਸ਼ਾ ਮੇਰੇ ਨਾਲ ਰਹੇਗਾ। ਸਮਿਥ ਬੁਰੀ ਤਰ੍ਹਾਂ ਤੜਫ ਰਿਹਾ ਸੀ।

# ਜੌਰਡਨ 'ਚ ਈਰਾਨ ਸਮਰਥਿਤ ਮਿਲੀਸ਼ੀਆ ਦੇ ਹਮਲੇ 'ਚ 3 ਅਮਰੀਕੀ ਸੈਨਿਕਾਂ ਦੀ ਮੌਤ

ਕੋਲੰਬੀਆ – ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਨੇ ਐਤਵਾਰ ਨੂੰ ਕਿਹਾ ਕਿ ਜੌਰਡਨ 'ਚ ਡਰੋਨ ਹਮਲੇ 'ਚ ਅਮਰੀਕੀ ਹਥਿਆਰਬੰਦ ਬਲਾਂ ਦੇ ਤਿੰਨ ਮੈਂਬਰ ਮਾਰੇ ਗਏ ਅਤੇ ਕਈ ਜ਼ਖ਼ਮੀ ਹੋ ਗਏ। ਬਾਈਡੇਨ ਨੇ ਇਸ ਹਮਲੇ ਲਈ ਈਰਾਨ ਸਮਰਥਿਤ ਮਿਲੀਸ਼ੀਆ ਸਮੂਹਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਗਾਜ਼ਾ ਵਿੱਚ ਇਜ਼ਰਾਈਲ-ਹਮਾਸ ਯੁੱਧ ਵਿਚਾਲੇ ਈਰਾਨ-ਸਮਰਥਿਤ ਮਿਲੀਸ਼ੀਆ ਦੁਆਰਾ ਪੱਛਮੀ ਏਸ਼ੀਆ ਵਿੱਚ ਅਮਰੀਕੀ ਬਲਾਂ ਖ਼ ?ਲਾਫ਼ ਮਹੀਨਿਆਂ ਤੋਂ ਜਾਰੀ ਹਮਲਿਆਂ ਵਿੱਚ ਪਹਿਲੀ ਵਾਰ ਅਮਰੀਕੀ ਨਾਗਰਿਕ ਹਤਾਹਤ ਹੋਏ ਹਨ, ਜਿਸ ਨਾਲ ਖੇਤਰ ਵਿੱਚ ਤਣਾਅ ਵਧਣ ਦਾ ਖਤਰਾ ਵਧ ਗਿਆ ਹੈ।



ਬਾਈਡੇਨ ਨੇ ਕਿਹਾ ਕਿ ਅਮਰੀਕਾ ਉਨ੍ਹਾਂ ਸਾਰਿਆਂ ਨੂੰ 'ਸਾਡੀ ਚੋਣ ਦੇ ਸਮੇਂ ਅਤੇ ਢੰਗ ਨਾਲ ਜਵਾਬਦੇਹ ਠਹਿਰਾਏਗਾ।' ਜੌਰਡਨ ਨੇ ਇਸ 'ਤੇ ਫਿਲਹਾਲ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਹੈ, ਜਿਸਦੀਆਂ ਸਰਹੱਦਾਂ ਇਰਾਕ, ਇਜ਼ਰਾਈਲ, ਫਲਸਤੀਨੀ ਖੇਤਰਾਂ ਦੇ ਵੈਸਟ ਬੈਂਕ, ਸਾਊਦੀ ਅਰਬ ਅਤੇ ਸੀਰੀਆ ਨਾਲ ਲੱਗੀ ਹੋਈ ਹੈ। ਅਮਰੀਕੀ ਸੁਰੱਖਿਆ ਬਲ ਲੰਬੇ ਸਮੇਂ ਤੋਂ ਆਪਣੇ ਆਧਾਰ ਕੈਂਪ ਦੇ ਤੌਰ 'ਤੇ ਜੌਰਡਨ ਦਾ ਇਸਤੇਮਾਲ ਕਰਦੇ ਰਹੇ ਹਨ। ਜਾਰਡਨ ਵਿੱਚ ਕਰੀਬ 3,000 ਅਮਰੀਕੀ ਸੈਨਿਕ ਤਾਇਨਾਤ ਹਨ। ਵ੍ਹਾਈਟ ਹਾਊਸ ਦੀ ਪ੍ਰੈਸ ਸਕੱਤਰ ਕੈਰੀਨ ਜੀਨ-ਪੀਅਰੇ ਨੇ ਕਿਹਾ ਕਿ ਬਾਈਡੇਨ ਨੂੰ ਐਤਵਾਰ ਸਵੇਰੇ ਹਮਲੇ ਦੀ ਸੂਚਨਾ ਦਿੱਤੀ ਗਈ ਸੀ।

# ਪ੍ਰਵਾਸੀਆਂ ਨੂੰ ਰੋਕਣ ਲਈ ਟੈਕਸਾਸ ਨੂੰ ਮਿਲਿਆ 25 ਸੂਬਿਆਂ ਦਾ ਸਮਰਥਨ, ਬਾਈਡੇਨ ਸਰਕਾਰ ਨਾਲ ਵਧਿਆ ਵਿਵਾਦ





ਨਿਊਯਾਰਕ : ਅਮਰੀਕਾ ਦੇ ਦੂਜੇ ਸਭ ਤੋਂ ਵੱਡੇ ਸੂਬੇ ਟੈਕਸਾਸ ਨੇ ਖੁੱਲ੍ਹੀਆਂ ਸਰਹੱਦਾਂ ਦੇ ਮੁੱਦੇ 'ਤੇ ਬਾਈਡੇਨ ਸਰਕਾਰ ਵਿਰੁੱਧ ਹੁਣ ਮੋਰਚਾ ਖੋਲ੍ਹ ਦਿੱਤਾ ਹੈ। ਮੈਕਸੀਕੋ ਸਰਹੱਦ 'ਤੇ ਕੰਟਰੋਲ ਨੂੰ ਲੈ ਕੇ ਟੈਕਸਾਸ ਅਤੇ ਬਾਈਡੇਨ ਸਰਕਾਰ ਵਿਚਾਲੇ ਲੜਾਈ ਹੁਣ ਤੇਜ਼ ਹੋ ਗਈ ਹੈ। ਟੈਕਸਾਸ ਦੇ ਗਵਰਨਰ ਨੇ ਇਹ ਐਲਾਨ ਕੀਤਾ ਹੈ ਕਿ ਉਹ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਰੋਕਣ ਲਈ ਹੋਰ ਕੰਡਿਆਲੀ ਤਾਰ ਬੰਨ੍ਹਣ ਦੇ ਆਦੇਸ਼ ਦੇ ਕੇ ਬਾਈਡੇਨ ਪ੍ਰਸ਼ਾਸਨ ਅਤੇ ਯੂ. ਐੱਸ. ਸੁਪਰੀਮ ਕੋਰਟ ਦੀ ਉਲੰਘਣਾ ਕਰਨਗੇ। ਅਮਰੀਕਾ ਦੇ ਲਗਭਗ ਸਾਰੇ ਰਿਪਬਲਿਕਨ ਰਾਜਾਂ ਦੇ ਗਵਰਨਰ ਟੈਕਸਾਸ ਦੇ ਗਵਰਨਰ ਦਾ ਸਮਰਥਨ ਕਰ ਰਹੇ ਹਨ। ਵੱਧਦੇ ਪ੍ਰਵਾਸੀ ਅਮਰੀਕਾ ਲਈ ਚੁਣੌਤੀ ਬਣ ਗਏ ਹਨ। ਅਮਰੀਕਾ 'ਚ ਵੱਡੀ ਗਿਣਤੀ 'ਚ ਗੈਰ-ਕਾਨੂੰਨੀ ਸ਼ਰਨਾਰਥੀ (ਪ੍ਰਵਾਸੀ) ਆਉਂਦੇ ਰਹਿੰਦੇ ਹਨ। ਟੈਕਸਾਸ ਨੇ ਆਪਣੇ ਬਾਰਡਰ ਕ੍ਰਾਸਿੰਗ ਨੂੰ ਗੈਰ-ਕਾਨੂੰਨੀ ਬਣਾਉਣ ਅਤੇ ਇਸ ਨੂੰ ਜੇਲ੍ਹ ਦੀਆਂ ਸਜ਼ਾਵਾਂ ਦੁਆਰਾ ਸਜ਼ਾਯੋਗ ਬਣਾਉਣ ਵਾਲਾ ਕਾਨੂੰਨ ਪਾਸ ਕੀਤਾ ਹੈ। ਇਸ ਦੇ ਨਾਲ ਹੀ ਬਾਰਡਰ 'ਤੇ ਕੰਡਿਆਲੀ ਤਾਰ ਬੰਨ੍ਹਣ ਦੇ ਹੁਕਮ ਦਿੱਤੇ ਹਨ ਪਰ ਅਮਰੀਕੀ ਸੁਪਰੀਮ ਕੋਰਟ ਨੇ ਇਸ 'ਤੇ ਪਾਬੰਦੀ ਲਗਾ ਦਿੱਤੀ ਅਤੇ ਇਸ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ ਹੈ। ਸੁਪਰੀਮ ਕੋਰਟ ਨੇ ਤਰਕ ਦਿੱਤਾ ਕਿ ਕੰਡਿਆਲੀ ਤਾਰ ਗਸ਼ਤ 'ਚ ਰੁਕਾਵਟ ਪਵੇਗੀ ਅਤੇ ਪ੍ਰਵਾਸੀਆਂ ਦੀਆਂ ਜਾਨਾਂ ਨੂੰ ਵੀ ਖ਼ਤਰੇ 'ਚ ਪਾਵੇਗੀ।


ਜ਼ਿਕਰਯੋਗ ਹੈ ਕਿ ਅਮਰੀਕਾ 'ਚ ਇਮੀਗ੍ਰੇਸ਼ਨ ਦਾ ਮੁੱਦਾ ਸੰਘੀ ਸਰਕਾਰ ਦੇ ਅਧੀਨ ਆਉਂਦਾ ਹੈ। ਟੈਕਸਾਸ ਬਾਰੇ ਕਿਹਾ ਗਿਆ ਹੈ ਕਿ ਸੰਘੀ ਅਦਾਲਤ ਦਾ ਫੈਸਲਾ ਹੁਣ ਪ੍ਰਵਾਸੀ ਨਾਗਰਿਕਾਂ ਦੇ ਮਾਮਲੇ 'ਚ ਲਾਗੂ ਨਹੀਂ ਹੋਵੇਗਾ। ਟੈਕਸਾਸ ਰਾਜ ਨੇ ਬਾਈਡੇਨ ਪ੍ਰਸ਼ਾਸਨ ਦੇ ਫੈਸਲੇ ਖਿਲਾਫ ਆਪਣੇ ਪੱਧਰ 'ਤੇ ਸੂਬੇ ਦੀ ਸਰਹੱਦ ਦੀ ਸੁਰੱਖਿਆ ਕਰਨ ਦਾ ਫੈਸਲਾ ਕੀਤਾ ਹੈ। ਦਿਲਚਸਪ ਗੱਲ ਇਹ ਹੈ ਕਿ ਇਸ ਮਾਮਲੇ 'ਚ ਟੈਕਸਾਸ ਸੂਬੇ ਨੂੰ ਅਮਰੀਕਾ ਦੇ 25 ਹੋਰ ਸੂਬਿਆਂ ਦਾ ਸਮਰਥਨ ਮਿਲ ਰਿਹਾ ਹੈ। ਲਗਭਗ ਸਾਰੇ ਅਮਰੀਕੀ ਰਿਪਬਲਿਕਨ ਗਵਰਨਰਾਂ ਨੇ ਸਰਹੱਦੀ ਕੰਟਰੋਲ ਨੂੰ ਲੈ ਕੇ ਸੰਘੀ ਸਰਕਾਰ ਵਿਰੁੱਧ ਲੜਾਈ 'ਚ ਟੈਕਸਾਸ ਦੇ ਗਵਰਨਰ ਗ੍ਰੇਗ ਐਬੋਟ ਦਾ ਸਮਰਥਨ ਕਰਨ ਵਾਲੇ ਇਕ ਬਿਆਨ 'ਤੇ ਦਸਤਖਤ ਵੀ ਕੀਤੇ ਹਨ।

ਰਿਪਬਲਿਕਨ ਪਾਰਟੀ ਦੇ ਗਵਰਨਰਜ਼ ਐਸੋਸੀਏਸ਼ਨ ਦੀ ਵੈੱਬਸਾਈਟ 'ਤੇ ਵੀਰਵਾਰ ਨੂੰ ਜਾਰੀ ਕੀਤੇ ਗਏ ਇਕ ਬਿਆਨ 'ਚ ਬਾਈਡੇਨ ਪ੍ਰਸ਼ਾਸਨ ਦੀ ਆਲੋਚਨਾ ਵੀ ਕੀਤੀ ਗਈ ਅਤੇ ਕਿਹਾ ਗਿਆ ਕਿ ਟੈਕਸਾਸ ਨੂੰ ਆਪਣਾ ਬਚਾਅ ਕਰਨ ਦਾ ਸੰਵਿਧਾਨਕ ਅਧਿਕਾਰ ਹੈ। ਇਸ ਹਫਤੇ ਰੀਓ ਗ੍ਰਾਂਡੇ ਦੇ ਕੰਢੇ 'ਤੇ ਲਗਾਈ ਗਈ ਕੰਡਿਆਲੀ ਤਾਰ ਨੂੰ ਲੈ ਕੇ ਟੈਕਸਾਸ ਦੇ ਅਧਿਕਾਰੀਆਂ ਅਤੇ ਹੋਮਲੈਂਡ ਸਕਿਓਰਿਟੀ ਵਿਭਾਗ ਵਿਚਾਲੇ ਵਿਵਾਦ ਹੋਇਆ ਸੀ। ਯੂ. ਐੱਸ. ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਕਿ ਫੈੱਡਰਲ ਏਜੰਟ ਲੋਕਾਂ ਨੂੰ ਲੰਘਣ ਤੋਂ ਰੋਕਣ ਲਈ ਰਾਜਾਂ ਦੁਆਰਾ ਲਗਾਈਆਂ ਗਈਆਂ ਰੇਜ਼ਰ ਤਾਰਾਂ ਨੂੰ ਕੱਟ ਸਕਦੇ ਹਨ। ਉੱਧਰ 25 ਰਿਪਬਲਿਕਨ ਰਾਜਾਂ ਦੇ ਰਾਜਪਾਲਾਂ ਨੇ ਕਿਹਾ ਕਿ ਉਹ ਸਰਹੱਦ ਨੂੰ ਸੁਰੱਖਿਅਤ ਕਰਨ ਲਈ ਰੇਜ਼ਰ ਤਾਰ ਸਮੇਤ ਹਰ ਸੰਦ ਅਤੇ ਰਣਨੀਤੀ ਦੀ ਵਰਤੋਂ ਕਰਨ ਲਈ ਸਾਥੀ ਗਵਰਨਰ ਗ੍ਰੇਗ ਐਬੋਟ ਅਤੇ ਟੈਕਸਾਸ ਸੂਬੇ ਦੇ ਨਾਲ ਚੱਟਾਨ ਵਾਂਗ ਖੜ੍ਹੇ ਹਨ।

# ਅਮਰੀਕਾ ਵਿਚ ਪਤਨੀ ਦੀ ਹੱਤਿਆ ਦੇ ਮਾਮਲੇ ਵਿਚ ਇਕ ਵਿਅਕਤੀ 30 ਸਾਲ ਤੋਂ ਵਧ ਸਮੇ ਬਾਅਦ ਕੋਸਟਾ ਰੀਕਾ ਵਿੱਚ ਹੋਇਆ ਗ੍ਰਿਫਤਾਰ

## ਅਮਰੀਕੀ ਪੁਲਿਸ ਦੇ ਕੀਤਾ ਹਵਾਲੇ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : 30 ਸਾਲ ਤੋਂ ਵਧ ਸਮਾਂ ਪਹਿਲਾਂ ਪਤਨੀ ਦੀ ਹੱਤਿਆ ਤੋਂ ਬਾਅਦ ਲਾਪਤਾ ਹੋਏ ਉਸ ਦੇ ਪਤੀ ਨੂੰ ਕੋਸਟਾ ਰੀਕਾ ਵਿਚ ਦਾਖਲ ਹੋਣ ਸਮੇ ਗ੍ਰਿਫਤਾਰ ਕਰ ਲੈਣ ਉਪਰੰਤ ਉਸ ਨੂੰ ਅਮਰੀਕਾ ਦੇ ਸਪੁਰਦ ਕਰ ਦਿੱਤਾ ਗਿਆ ਹੈ। ਇਹ ਪ੍ਰਗਟਾਵਾ ਪੁਲਿਸ ਨੇ ਜਾਰੀ ਇਕ ਪ੍ਰੈਸ ਬਿਆਨ ਵਿਚ ਕੀਤਾ ਹੈ। ਪੁਲਿਸ ਨੇ ਕਿਹਾ ਹੈ ਕਿ ਜੋਸ ਲਾਜ਼ਾਰੋ ਕਰੂਜ਼ ਨੂੰ 2022 ਵਿਚ ਕੋਸਟਾ ਰੀਕਾ ਵਿਚ ਗ੍ਰਿਫਤਾਰ ਕੀਤਾ ਗਿਆ ਸੀ ਤੇ ਹੁਣ ਉਸ ਨੂੰ ਫੇਅਰਫੈਕਸ ਕਾਊਂਟੀ, ਵਿਰਜੀਨੀਆ ਵਿਚ ਲਿਆਂਦਾ ਗਿਆ ਹੈ ਜਿਥੇ ਉਸ ਨੂੰ 32 ਸਾਲ ਪੁਰਾਣੇ ਕਤਲ ਦੇ ਮਾਮਲੇ ਵਿਚ ਮੁਕੱਦਮੇ ਦਾ ਸਾਹਮਣਾ ਕਰਨਾ ਪਵੇਗਾ। ਫੇਅਰਫੈਕਸ ਕਾਊਂਟੀ ਦੇ ਡਿਪਟੀ ਚੀਫ ਐਲੀ ਕੋਰੀ ਅਨੁਸਾਰ 30 ਅਪ੍ਰੈਲ 1991 ਨੂੰ ਸੂਚਨਾ ਮਿਲਣ 'ਤੇ ਮੌਕੇ 'ਤੇ ਪੁੱਜੀ ਪੁਲਿਸ ਨੂੰ ਅਨਾ ਜੁਰਾਡੋ (24) ਮ੍ਰਿਤਕ ਹਾਲਤ ਵਿਚ ਮਿਲੀ ਸੀ ਉਸ ਦੇ ਸਰੀਰ ਦੇ ਉਪਰਲੇ



ਜੋਸ ਲਾਜ਼ਾਰੋ ਕਰੂਜ਼

ਹਿੱਸੇ ਵਿਚ ਡੂੰਘਾ ਜ਼ਖਮ ਸੀ। ਕੋਰੀ ਅਨੁਸਾਰ ਲਾਜ਼ਾਰੋ ਕਰੂਜ਼ ਜੋ ਉਸ ਵੇਲੇ ਜੁਰਾਡੋ ਦਾ ਪਤੀ ਸੀ ਤੇ ਉਸ ਨਾਲ ਨਰਾਜ ਸੀ, ਨੂੰ ਪੁਲਿਸ ਨੇ ਕਥਿੱਤ ਹੱਤਿਆਰੇ ਵਜੋਂ ਨਾਮਜ਼ਦ ਕੀਤਾ ਸੀ। ਹੱਤਿਆ ਉਪਰੰਤ ਪਹਿਲਾਂ ਲਾਜ਼ਾਰੋ ਨੇ ਕੈਨੇਡਾ ਜਾਣ ਦੀ ਕੋਸ਼ਿਸ਼ ਕੀਤੀ ਪਰੰਤੂ ਫਰਜ਼ੀ ਦਸਤਾਵੇਜਾਂ ਕਾਰਨ ਉਸ ਨੂੰ ਕੈਨੇਡਾ ਵਿਚ ਦਾਖਲ ਹੋਣ ਤੋਂ ਇਨਕਾਰ ਕਰ ਦਿੱਤਾ ਗਿਆ। ਬਾਰਡਰ 'ਤੇ ਤਾਇਨਾਤ ਪੁਲਿਸ ਅਫਸਰਾਂ ਅਨੁਸਾਰ ਉਸ ਸਮੇ ਉਸ ਦੇ ਹੱਥ ਉਪਰ ਤਾਜਾ ਜਖਮ ਸੀ। ਕੋਰੀ ਅਨੁਸਾਰ ਕੈਨਡਾ ਵਿਚ ਦਾਖਲ ਹੋਣ ਵਿੱਚ ਅਸਫਲ ਰਹਿਣ ਉਪਰੰਤ ਲਾਜ਼ਾਰੋ ਹੋਸਟਨ, ਟੈਕਸਾਸ ਚਲਾ ਗਿਆ ਜਿਥੋਂ ਉਹ ਕਿਸੇ ਤਸਕਰ ਦੀ ਮਦਦ ਨਾਲ ਅਮਰੀਕਾ ਤੋਂ ਬਾਹਰ ਐਲ ਸਲਵਾਡੋਰ ਚਲਾ ਗਿਆ। 29 ਜੁਲਾਈ 2022 ਨੂੰ ਕੋਸਟਾ ਰੀਕਾ ਵਿਚ ਦਾਖਲ ਹੋਣ ਸਮੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਮੌਤ ਸਮੇ ਜੁਰਾਡੋ 3 ਬੱਚਿਆਂ ਦੀ ਮਾਂ ਸੀ ਜਿਨਾਂ ਵਿਚੋਂ 3 ਤੇ 7 ਸਾਲ ਦੀਆਂ ਧੀਆਂ ਉਸ ਦੇ ਨਾਲ ਹੀ ਅਮਰੀਕਾ ਵਿਚ ਰਹਿੰਦੀਆਂ ਸਨ ਜਦ ਕਿ ਇਕ 4 ਸਾਲ ਦਾ ਪੁੱਤਰ ਐਲ ਸਲਵਾਡੋਰ ਵਿਚ ਸੀ। ਪੁਲਿਸ ਚੀਫ ਕੋਰੀ ਅਨੁਸਾਰ ਲਾਜ਼ਾਰੋ ਕਰੂਜ਼ ਨੇ ਦੁਬਾਰਾ ਵਿਆਹ ਵੀ ਕਰਵਾਇਆ ਤੇ ਉਸ ਦੇ ਕਈ ਬੱਚੇ ਹਨ। ਇਸ ਸਮੇ ਉਸ ਨੂੰ ਫੇਅਰਫੈਕਸ ਕਾਊਂਟੀ ਕੋਰੈਕਸ਼ਨਲ ਸੈਂਟਰ ਵਿਚ ਰਖਿਆ ਗਿਆ ਹੈ।

# ਅਮਰੀਕਾ 'ਚ ਹਸਪਤਾਲ ਨੂੰ ਲਿਜਾਣ ਸਮੇਂ ਹੱਤਿਆ ਦੇ ਮਾਮਲੇ 'ਚ ਸ਼ੱਕੀ ਨਬਾਲਗ ਦੋਸ਼ੀ ਹੋਇਆ ਫਰਾਰ

## ਸੂਹ ਦੇਣ ਵਾਲੇ ਨੂੰ 5000 ਡਾਲਰ ਇਨਾਮ ਦੇਣ ਦਾ ਐਲਾਨ

ਸੈਕਰਾਮੈਂਟ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਪੈਨਸਿਲਵਾਨੀਆ ਰਾਜ ਵਿਚ 2020 ਵਿਚ ਹੋਈ ਹੱਤਿਆ ਦੇ ਮਾਮਲੇ ਵਿਚ ਨਬਾਲਗ ਸ਼ੱਕੀ ਦੋਸ਼ੀ ਦੇ ਉਸ ਵੇਲੇ ਪੁਲਿਸ ਹਿਰਾਸਤ ਵਿਚੋਂ ਫਰਾਰ ਹੋ ਜਾਣ ਦੀ ਖਬਰ ਹੈ ਜਦੋਂ ਉਸ ਨੂੰ ਇਲਾਜ਼ ਲਈ ਫਿਲਾਡੈਲਫੀਆ ਸ਼ਹਿਰ ਦੇ ਇਕ ਹਸਪਤਾਲ ਵਿਚ ਲਿਜਾਇਆ ਜਾ ਰਿਹਾ ਸੀ। ਪੁਲਿਸ ਨੇ ਕਿਹਾ ਹੈ ਕਿ 17 ਸਾਲਾ ਸ਼ੱਕੀ ਦੋਸ਼ੀ ਸ਼ੇਨ ਪਰਾਈਓਰ ਨੂੰ ਹੱਥ 'ਤੇ ਹੋਏ ਜ਼ਖਮ ਦੇ ਇਲਾਜ਼ ਲਈ ਫਿਲਾਡੈਲਫੀਆ ਜੁਵੇਨਾਈਲ ਜਸਟਿਸ ਸਰਵਿਸਜ ਸੈਂਟਰ ਤੋਂ ਬੱਚਿਆਂ ਦੇ ਹਸਪਤਾਲ ਲਿਜਾਇਆ ਜਾ ਰਿਹਾ ਸੀ ਕਿ ਉਹ ਅਚਾਨਕ ਬਚ ਕੇ ਨਿਕਲ ਜਾਣ ਵਿਚ ਸਫਲ ਹੋ ਗਿਆ। ਰਾਬਰਟ ਕਲਾਰਕ ਡਿਪਟੀ ਯੂ ਐਸ ਮਾਰਸ਼ਲ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਸ਼ੇਨ ਇਕ ਖਤਰਨਾਕ ਨਿਰਾਸ਼ ਵਿਅਕਤੀ ਹੈ ਉਸ ਨੂੰ ਕਾਬੂ ਕਰਨ ਲਈ ਹਰ ਮੌਜੂਦ ਸਾਧਨ ਦੀ ਵਰਤੋਂ ਕੀਤੀ ਜਾਵੇਗੀ। ਉਸ ਦੀ ਗ੍ਰਿਫਤਾਰੀ ਲਈ ਸੂਹ ਦੇਣ ਵਾਲੇ ਨੂੰ 5000 ਡਾਲਰ ਇਨਾਮ ਦੇਣ ਦਾ ਐਲਾਨ ਕੀਤਾ ਗਿਆ ਹੈ।



# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

## ਟਰੰਪ ਨੂੰ ਝਟਕਾ, ਮਾਣਹਾਨੀ ਮਾਮਲੇ 'ਚ ਲੇਖਿਕਾ ਕੈਰੋਲ ਨੂੰ 83.3 ਮਿਲੀਅਨ ਡਾਲਰ ਮੁਆਵਜ਼ਾ ਦੇਣ ਦਾ ਹੁਕਮ





ਵਾਸ਼ਿੰਗਟਨ : ਨਿਊਯਾਰਕ ਵਿੱਚ ਇੱਕ ਜਿਊਰੀ ਨੇ ਸ਼ੁੱਕਰਵਾਰ ਨੂੰ ਸਾਬਕਾ ਅਮਰੀਕੀ ਰਾਸ਼ਟਰਪਤੀ ਡੌਨਾਲਡ ਟਰੰਪ ਨੂੰ ਲੇਖਿਕਾ ਈ. ਜੀਨ ਕੈਰੋਲ ਨੂੰ 83.3 ਮਿਲੀਅਨ ਡਾਲਰ ਦਾ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ ਹੈ। ਜਿਊਰੀ ਨੇ 2024 ਦੇ ਉਮੀਦਵਾਰ ਟਰੰਪ ਨੂੰ ਜਿਨਸੀ ਸ਼ੋਸ਼ਣ ਅਤੇ ਬਦਨਾਮੀ ਦੇ ਦੋਸ਼ਾਂ 'ਤੇ ਮਾਣਹਾਨੀ ਵਜੋਂ ਇਹ ਮੁਆਵਜ਼ਾ ਦੇਣ ਲਈ ਕਿਹਾ ਹੈ। ਕੈਰੋਲ ਨੇ ਮਾਣਹਾਨੀ ਲਈ 10 ਮਿਲੀਅਨ ਡਾਲਰ ਦੀ ਮੰਗ ਕੀਤੀ ਸੀ ਪਰ ਜਿਊਰੀ ਨੇ ਡੌਨਾਲਡ ਟਰੰਪ ਨੂੰ 83.3 ਮਿਲੀਅਨ ਡਾਲਰ ਦਾ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ ਹੈ।

ਟਰੰਪ ਨੇ ਫੈਸਲੇ ਤੋਂ ਬਾਅਦ ਆਪਣੇ ਬਿਆਨ 'ਚ ਫੈਸਲੇ ਨੂੰ ਹਾਸੋਹੀਣਾ ਦੱਸਿਆ ਅਤੇ ਕਿਹਾ ਕਿ ਉਹ ਇਸ ਖਿਲਾਫ ਅਪੀਲ ਕਰਨਗੇ। ਜਿਊਰੀ ਕਰੀਬ 3 ਘੰਟੇ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਆਪਣੇ ਫੈਸਲੇ 'ਤੇ ਪਹੁੰਚੀ। ਜਦੋਂ ਬਹਿਸ ਸ਼ੁਰੂ ਹੋਈ ਤਾਂ ਟਰੰਪ ਅਦਾਲਤ ਵਿੱਚ ਸਨ ਪਰ ਅੱਧ ਵਿਚਾਲੇ ਹੀ ਵਾਕਆਊਟ ਕਰ ਗਏ। ਜਦੋਂ ਅਦਾਲਤ ਵਿੱਚ ਫੈਸਲਾ ਪੜ੍ਹਿਆ ਗਿਆ ਤਾਂ ਉਹ ਉੱਥੇ ਨਹੀਂ ਸੀ। ਦੋ ਔਰਤਾਂ ਅਤੇ ਸੱਤ ਪੁਰਸ਼ਾਂ ਦੀ ਜਿਊਰੀ ਨੇ ਸ਼ੁੱਕਰਵਾਰ ਨੂੰ ਟਰੰਪ ਨੂੰ ਹੁਕਮ ਦਿੱਤਾ ਕਿ ਉਹ ਕੈਰੋਲ ਨੂੰ ਉਨ੍ਹਾਂ ਦੀ ਸਾਖ ਬਹਾਲ ਕਰਨ ਲਈ 11 ਮਿਲੀਅਨ ਡਾਲਰ, ਹੋਰ ਹਰਜਾਨੇ ਲਈ 7.3 ਮਿਲੀਅਨ ਡਾਲਰ ਅਤੇ ਦੰਡਕਾਰੀ ਹਰਜਾਨੇ ਦੇ ਰੂਪ ਵਿੱਚ 65 ਮਿਲੀਅਨ ਡਾਲਰ ਦਾ ਭੁਗਤਾਨ ਕਰੇ। 77 ਸਾਲਾ ਟਰੰਪ ਨੇ ਇਸ ਫੈਸਲੇ 'ਤੇ ਆਪਣੀ ਨਾਖੁਸ਼ੀ ਜ਼ਾਹਰ ਕੀਤੀ ਹੈ। ਟਰੰਪ ਨੇ ਇਸ ਗੱਲ ਤੋਂ ਵੀ ਇਨਕਾਰ ਕੀਤਾ ਕਿ ਉਨ੍ਹਾਂ ਨੇ ਆਪਣੇ ਬਿਆਨਾਂ ਰਾਹੀਂ ਕੈਰੋਲ ਨੂੰ ਨੁਕਸਾਨ ਪਹੁੰਚਾਉਣ ਲਈ ਕਿਸੇ ਨੂੰ ਨਿਰਦੇਸ਼ ਦਿੱਤਾ ਸੀ।

## ਭਾਰਤੀ ਵਿਦਿਆਰਥੀ ਦਾ ਅਮਰੀਕਾ 'ਚ ਬੇਰਹਿਮੀ ਨਾਲ ਕਤਲ, ਹਥੌੜੇ ਨਾਲ ਕੀਤੇ ਗਏ 50 ਵਾਰ

ਵਾਸ਼ਿੰਗਟਨ : ਅਮਰੀਕਾ ਦੇ ਜਾਰਜੀਆ ਵਿੱਚ ਇੱਕ ਸੁਵਿਧਾ ਸਟੋਰ ਵਿੱਚ ਪਾਰਟ-ਟਾਈਮ ਕੰਮ ਕਰਨ ਵਾਲੇ ਇੱਕ ਭਾਰਤੀ ਵਿਦਿਆਰਥੀ ਨੂੰ ਇੱਕ ਬੇਘਰ ਵਿਅਕਤੀ ਨੇ ਬੇਰਹਿਮੀ ਨਾਲ ਹਥੌੜੇ ਨਾਲ ਕੁੱਟ-ਕੁੱਟ ਕੇ ਮਾਰ ਦਿੱਤਾ, ਜਿਸਦੀ ਉਹ ਅਤੇ ਹੋਰ ਕਰਮਚਾਰੀ ਪਿਛਲੇ ਕੁਝ ਦਿਨਾਂ ਤੋਂ ਮਦਦ ਕਰ ਰਹੇ ਸਨ। ਮੀਡੀਆ ਰਿਪੋਰਟਾਂ ਦੇ ਹਵਾਲੇ ਨਾਲ ਇਹ ਜਾਣਕਾਰੀ ਦਿੱਤੀ ਗਈ ਹੈ। ਨੌਜਵਾਨ ਵਿਦਿਆਰਥੀ, ਜੋ ਕਿ ਆਪਣੀ ਬੀ.ਟੈਕ ਪੂਰੀ ਕਰਨ ਤੋਂ ਬਾਅਦ 2 ਸਾਲ ਪਹਿਲਾਂ ਅਮਰੀਕਾ ਗਿਆ ਸੀ, ਨੇ ਹਾਲ ਹੀ ਵਿੱਚ ਬਿਜ਼ਨਸ ਐਡਮਿਨਿਸਟਰੇਸ਼ਨ ਵਿੱਚ ਮਾਸਟਰ ਦੀ ਡਿਗਰੀ ਹਾਸਲ ਕੀਤੀ ਸੀ। ਸੈਣੀ ਹਰਿਆਣਾ ਦਾ ਰਹਿਣ ਵਾਲਾ ਸੀ। ਉਸ ਦੇ ਮਾਤਾ-ਪਿਤਾ, ਗੁਰਜੀਤ ਸਿੰਘ ਅਤੇ ਲਲਿਤਾ ਸੈਣੀ ਸਦਮੇ ਵਿਚ ਹਨ ਅਤੇ ਵਰਤਮਾਨ ਵਿੱਚ ਇਸ ਦੁਖਦਾਈ ਘਟਨਾ ਬਾਰੇ ਗੱਲ ਕਰਨ ਵਿੱਚ ਅਸਮਰੱਥ ਹਨ।



ਸਥਾਨਕ ਚੈਨਲ WSB-TV ਨੇ ਐਤਵਾਰ ਨੂੰ ਦੱਸਿਆ ਕਿ ਜਿਸ ਘਟਨਾ ਵਿੱਚ 25 ਸਾਲਾ ਵਿਵੇਕ ਸੈਣੀ ਦੀ ਮੌਤ ਹੋਈ, ਉਹ 18 ਜਨਵਰੀ ਨੂੰ ਵਾਪਰੀ ਸੀ। ਚਸ਼ਮਦੀਦਾਂ ਦਾ ਕਹਿਣਾ ਹੈ ਕਿ ਵਿਵੇਕ 'ਤੇ 18 ਜਨਵਰੀ ਦੇਰ ਰਾਤ ਲਿਥੋਨੀਆ ਦੇ ਸਨੈਪਫਿੰਗਰ ਅਤੇ ਕਲੀਵਲੈਂਡ ਰੋਡ ਸਥਿਤ ਸ਼ੈਵਰਨ ਫੂਡ ਮਾਰਟ ਵਿਖੇ ਇੱਕ ਬੇਘਰ ਵਿਅਕਤੀ ਨੇ ਹਥੌੜੇ ਨਾਲ ਹਮਲਾ ਕੀਤਾ ਸੀ। WSB-TV ਦੀ ਰਿਪੋਰਟ ਮੁਤਾਬਕ ਫੂਡ ਮਾਰਟ ਦੇ ਵਰਕਰਾਂ ਨੇ ਕਿਹਾ ਕਿ 14 ਜਨਵਰੀ ਦੀ ਸ਼ਾਮ ਤੋਂ ਉਨ੍ਹਾਂ ਨੇ ਇੱਕ ਬੇਘਰ ਵਿਅਕਤੀ, ਜਿਸ ਦੀ ਪੁਲਸ ਨੇ 53 ਸਾਲਾ ਜੂਲੀਅਨ ਫਾਕਨਰ ਵਜੋਂ ਪਛਾਣ ਕੀਤੀ ਹੈ, ਨੂੰ ਆਪਣੇ ਸਟੋਰ ਦੇ ਅੰਦਰ ਅਤੇ ਬਾਹਰ ਆਉਣ ਦੀ ਇਜਾਜ਼ਤ ਦਿੱਤੀ ਸੀ, ਜਿਸ ਨੇ ਉਨ੍ਹਾਂ ਕੋਲੋਂ ਚਿਪਸ ਅਤੇ ਕੋਕ ਮੰਗੀ ਸੀ। ਸ਼ੈਵਰਨ ਦੇ ਇੱਕ ਕਰਮਚਾਰੀ ਨੇ ਕਿਹਾ ਕਿ ਅਸੀਂ ਉਸਨੂੰ ਪਾਣੀ ਸਮੇਤ ਸਭ ਕੁਝ ਦਿੱਤਾ। ਉਨ੍ਹਾਂ ਅੱਗੇ ਕਿਹਾ ਕਿ ਉਨ੍ਹਾਂ ਨੇ ਆਦਮੀ ਦੀ ਮਦਦ ਕਰਨ ਲਈ ਲਗਭਗ 2 ਦਿਨ ਬਿਤਾਏ।

ਕਰਮਚਾਰੀ ਨੇ ਕਿਹਾ, 'ਉਸ ਨੇ ਪੁੱਛਿਆ ਕਿ ਕੀ ਮੈਨੂੰ ਇੱਕ ਕੰਬਲ ਮਿਲ ਸਕਦਾ ਹੈ, ਮੈਂ ਕਿਹਾ ਕਿ ਸਾਡੇ ਕੋਲ ਕੰਬਲ ਨਹੀਂ ਹਨ। ਇਸ ਲਈ ਮੈਂ ਉਸਨੂੰ ਇੱਕ ਜੈਕਟ ਦੇ ਦਿੱਤੀ। ਉਹ ਅੰਦਰ-ਬਾਹਰ ਘੁੰਮ ਰਿਹਾ ਸੀ ਅਤੇ ਸਿਗਰੇਟ, ਪਾਣੀ ਅਤੇ ਹਰ ਚੀਜ਼ ਮੰਗ ਰਿਹਾ ਸੀ। ਉਹ ਹਰ ਸਮੇਂ ਇੱਥੇ ਬੈਠਾ ਰਹਿੰਦਾ ਸੀ ਅਤੇ ਅਸੀਂ ਉਸਨੂੰ ਕਦੇ ਬਾਹਰ ਨਿਕਲਣ ਲਈ ਨਹੀਂ ਕਿਹਾ ਕਿਉਂਕਿ ਸਾਨੂੰ ਪਤਾ ਸੀ ਕਿ ਠੰਡ ਹੈ ਪਰ 16 ਜਨਵਰੀ ਦੀ ਰਾਤ ਨੂੰ ਸੈਣੀ ਨੇ ਫਾਕਨਰ ਨੂੰ ਇੱਥੋਂ ਚਲੇ ਜਾਣ ਲਈ ਕਿਹਾ, ਨਹੀਂ ਤਾਂ ਉਹ ਪੁਲਸ ਵਾਲਿਆਂ ਨੂੰ ਬੁਲਾਉਣ ਜਾ ਰਿਹਾ ਸੀ, ਫਾਕਨਰ 2 ਦਿਨਾਂ ਤੋਂ ਉੱਥੇ ਸੀ।÷ ਪੁਲਸ ਨੇ ਦੱਸਿਆ ਕਿ ਜਦੋਂ ਸੈਣੀ ਘਰ ਜਾਣ ਲਈ ਨਿਕਲਿਆ ਤਾਂ ਫਾਕਨਰ ਨੇ ਉਸ 'ਤੇ ਹਥੌੜੇ ਨਾਲ ਹਮਲਾ ਕਰ ਦਿੱਤਾ।

ਕਰਮਚਾਰੀ ਨੇ ਅੱਗੇ ਕਿਹਾ, 'ਉਸਨੇ ਸੈਣੀ 'ਤੇ ਪਿੱਛੋਂ ਹਥੌੜਾ ਮਾਰਿਆ ਅਤੇ ਫਿਰ ਉਹ ਚਿਹਰੇ ਅਤੇ ਸਿਰ 'ਤੇ ਲਗਭਗ 50 ਵਾਰ ਕੀਤੇ।' ਇਹ ਭਿਆਨਕ ਘਟਨਾ ਕੈਮਰੇ 'ਚ ਕੈਦ ਹੋ ਗਈ। ਘਟਨਾ ਦੀ ਰਿਪੋਰਟ ਦੇ ਅਨੁਸਾਰ, ਜਦੋਂ ਅਧਿਕਾਰੀ ਪਹੁੰਚੇ ਤਾਂ ਫਾਕਨਰ ਉਦੋਂ ਵੀ ਹਥੌੜਾ ਫੜ ਕੇ ਪੀੜਤ ਦੇ ਕੋਲ ਖੜ੍ਹਾ ਸੀ। ਪੁਲਸ ਨੇ ਉਸਨੂੰ ਹਥੌੜਾ ਸੁੱਟਣ ਲਈ ਜ਼ੁਬਾਨੀ ਹੁਕਮ ਦਿੱਤਾ। ਕਰਮਚਾਰੀ ਨੇ ਕਿਹਾ ਮੈਂ ਨਹੀਂ ਦੱਸ ਸਕਦਾ ਕਿ ਮੈਂ ਕੀ ਮਹਿਸੂਸ ਕਰ ਰਿਹਾ ਹਾਂ। ਅਸੀਂ ਹਮੇਸ਼ਾ ਮਦਦਗਾਰ ਬਣਨ ਦੀ ਕੋਸ਼ਿਸ਼ ਕਰ ਰਹੇ ਸੀ ਅਤੇ ਸਾਨੂੰ ਕਦੇ ਉਮੀਦ ਨਹੀਂ ਸੀ ਕਿ ਇਸ ਤਰ੍ਹਾਂ ਦੀ ਚੀਜ਼ ਹੋਵੇਗੀ। ਪੁਲਸ ਨੇ ਕਿਹਾ ਕਿ ਫਾਕਨਰ ਬੇਰਹਿਮੀ ਨਾਲ ਕਤਲ ਅਤੇ ਸਰਕਾਰੀ ਜਾਇਦਾਦ ਵਿੱਚ ਦਖ਼ਲ ਦੇਣ ਦੇ ਦੋਸ਼ ਵਿੱਚ ਜੇਲ੍ਹ ਵਿੱਚ ਹੈ।

## ਸਿੱਖਸ ਆਫ਼ ਅਮੈਰੀਕਾ ਨੇ ਅੰਬੈਸਡਰ ਤਰਨਜੀਤ ਸਿੰਘ ਸੰਧੂ ਨੂੰ ਸ਼ਾਹੀ ਅੰਦਾਜ਼ 'ਚ ਦਿੱਤੀ ਵਿਦਾਇਗੀ ਪਾਰਟੀ

ਵਾਸ਼ਿੰਗਟਨ : ਅਮਰੀਕਾ ਵਿੱਚ ਭਾਰਤ ਦੇ ਰਾਜਦੂਤ ਤਰਨਜੀਤ ਸਿੰਘ ਸੰਧੂ 35 ਸਾਲ ਦੀ ਸੇਵਾ ਤੋਂ ਬਾਅਦ ਇਸ ਮਹੀਨੇ ਦੇ ਅੰਤ ਵਿੱਚ ਵਿਦੇਸ਼ ਸੇਵਾ ਤੋਂ ਸੇਵਾਮੁਕਤ ਹੋ ਰਹੇ ਹਨ। ਰਾਜਦੂਤ ਸੰਧੂ ਨੂੰ ਸਿੱਖਸ ਆਫ਼ ਅਮੈਰੀਕਾ ਦੇ ਚੇਅਰਮੈਨ ਸ: ਜਸਦੀਪ ਸਿੰਘ ਜੱਸੀ ਦੀ ਅਗਵਾਈ 'ਚ ਸ਼ਾਹੀ ਅੰਦਾਜ਼ 'ਚ ਵਿਦਾਇਗੀ ਪਾਰਟੀ ਦਿੱਤੀ। ਮੈਰੀਲੈਂਡ ਸੂਬੇ ਦੇ ਗਰੀਨ ਬੈਲਟ ਸ਼ਹਿਰ 'ਚ ਮਾਰਟਿਨਸ ਕਰੌਸ ਵਿੰਡ ਬੈਂਕੁਇਟ ਹਾਲ 'ਚ ਕਰਵਾਏ ਗਏ ਇਸ ਸਮਾਰੋਹ ਵਿਚ ਸਿੱਖਸ ਆਫ ਅਮੈਰੀਕਾ ਦੇ ਬੈਨਰ ਹੇਠ ਐੱਨ.ਸੀ.ਏ.ਆਈ.ਏ. (ਨੈਸ਼ਨਲ ਕੌਂਸਲ ਆਫ ਏਸ਼ੀਅਨ ਇੰਡੀਅਨ ਐਸੋਸੀਏਸ਼ਨ), ਗਲੋਬਲ ਹਰਿਆਣਾ, ਓਵਰਸੀਜ਼ ਫਰੈਂਡਸ ਆਫ ਬੀ.ਜੇ.ਪੀ., ਯੂ.ਐੱਸ. ਇੰਡੀਆ ਸਿੱਖ ਅਲਾਇੰਸ, ਯੂ.ਐੱਸ. ਇੰਡੀਆ ਐੱਸ.ਐੱਮ.ਈ. ਕੌਂਸਲ, ਗਲੋਬਲ ਅਸਾਮੀ ਉੱਦਮਤਾ ਫੋਰਮ ਆਦਿ ਸੰਸਥਾਵਾਂ ਵਲੋਂ ਵੀ ਸ਼ਿਰਕਤ ਕੀਤੀ ਗਈ।

ਇਸ ਦੌਰਾਨ ਵ੍ਹਾਈਟ ਹਾਊਸ ਵਲੋਂ ਬਾਈਡਨ ਪ੍ਰਸ਼ਾਸ਼ਨ ਦੇ ਵਿਸ਼ੇਸ਼ ਪ੍ਰਤੀਨਿਧੀ ਰਾਹੁਲ ਗੁਪਤਾ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਸਿੱਖਸ ਆਫ ਅਮੈਰਿਕਾ ਵੱਲੋਂ ਗੁਰਵਿੰਦਰ ਸੇਠੀ, ਮਨਿੰਦਰ ਸੇਠੀ, ਇੰਦਰਜੀਤ ਸਿੰਘ ਗੁਜਰਾਲ, ਹਰਬੀਰ ਬੱਤਰਾ, ਪ੍ਰਭਜੋਤ ਬੱਤਰਾ, ਚੱਤਰ ਸਿੰਘ ਸੈਣੀ, ਰਾਜ ਸੈਣੀ, ਦਿਲਵੀਰ ਸਿੰਘ, ਰਤਨ ਸਿੰਘ ਆਦਿ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਜਦਕਿ ਭਾਈਚਾਰੇ ਵਲੋਂ ਰੋਇਲ ਤਾਜ ਇੰਡੀਅਨ ਰੈਸਟੋਰੈਂਟ ਦੇ ਮਾਲਕ ਜਸਵਿੰਦਰ ਸਿੰਘ, ਸ਼ਿਵਰਾਜ ਗੋਰਾਇਆ, ਕਰਮਜੀਤ ਸਿੰਘ, ਗੁਰਦੇਵ ਘੋਤੜਾ, ਰਜਿੰਦਰ ਸਿੰਘ ਗੋਗੀ ਆਦਿ ਨੇ ਸ਼ਿਰਕਤ ਕੀਤੀ।

ਸ. ਤਰਨਜੀਤ ਸਿੰਘ ਸੰਧੂ ਦੇ ਸਵਾਗਤ ਲਈ ਬਣਾਈ ਗਈ ਸਵਾਗਤੀ ਕਮੇਟੀ ਵਿੱਚ ਬਲਜਿੰਦਰ ਸਿੰਘ ਸ਼ੰਮੀ, ਪ੍ਰੀਤ ਤੱਖਰ, ਡਾ. ਸੁਧੀਰ ਸਕਸੇਰੀਆ, ਕੀਰਤੀ ਸਵਾਮੀ, ਲੀਸ਼ਾ



ਪੁਲਵਰਟੀ, ਇੰਦਰਜੀਤ ਸਿੰਘ ਗੁਜਰਾਲ ਸ਼ਾਮਿਲ ਸਨ, ਜਿਨ੍ਹਾਂ ਨੇ ਢੋਲ ਨਾਲ ਤਰਨਜੀਤ ਸਿੰਘ ਸੰਧੂ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਹਾਲ ਵਿੱਚ ਲੈ ਕੇ ਆਏ। ਮੰਚ ਸੰਚਾਲਨ ਦੀ ਭੂਮਿਕਾ ਨਿਭਾਉਂਦਿਆਂ ਜਾਣ-ਪਛਾਣ ਉਪਰੰਤ ਸੁਖਪਾਲ ਸਿੰਘ ਧਨੋਆ ਨੇ ਵੱਖ-ਵੱਖ ਬੁਲਾਰਿਆਂ ਨੂੰ ਮੰਚ 'ਤੇ ਸੱਦਾ ਦਿੱਤਾ। ਸਿੱਖਸ ਆਫ ਅਮੈਰੀਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ, ਕੁਲਵਿੰਦਰ ਫਲੋਰਾ, ਸਰਬਜੀਤ ਬਖਸ਼ੀ, ਵਰਿੰਦਰ ਸਿੰਘ, ਜਸਵਿੰਦਰ ਸਿੰਘ ਜੰਨੀ, ਸਿੱਖਸ ਆਫ਼ ਅਮੈਰੀਕਾ ਬਾਲਟੀਮੋਰ ਗੁਰਦੁਆਰਾ ਸਾਹਿਬ ਦੇ ਚੇਅਰਮੈਨ ਚਰਨਜੀਤ ਸਿੰਘ ਸ਼ਾਮਲ ਹੋਏ। ਇਸ ਮੌਕੇ ਸਿੱਖਸ ਆਫ ਅਮੈਰੀਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਨੇ ਸ. ਸੰਧੂ ਦਾ ਸਮਾਗਮ ਵਿੱਚ ਸਵਾਗਤ ਕਰਦਿਆਂ ਕਿਹਾ ਕਿ ਜਿੱਥੇ ਤਰਨਜੀਤ ਸਿੰਘ ਸੰਧੂ ਨੇ ਇਕ ਅੰਬੈਸਡਰ ਵਜੋਂ ਸੇਵਾਵਾਂ ਨਿਭਾਉਂਦਿਆਂ ਦੋਵਾਂ ਦੇਸ਼ਾਂ ਦੇ ਆਪਸੀ ਸਬੰਧਾਂ ਨੂੰ ਮਜਬੂਤ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ, ਉੱਥੇ ਹੀ ਉਹਨਾਂ ਦਸਤਾਰ ਦਾ ਮਾਣ ਵੀ ਦੁਨੀਆ ਭਰ ਵਿਚ ਉੱਚਾ ਕੀਤਾ ਹੈ। ਉਹਨਾਂ ਕਿਹਾ ਕਿ ਇਸ ਉੱਚੇ ਅਹੁਦੇ ਉੱਤੇ ਇਕ ਸਿੱਖ ਵਲੋਂ ਸੇਵਾਵਾਂ ਨਿਭਾਉਣੀਆਂ ਸਾਡੇ ਸਭ ਲਈ ਬਹੁਤ ਮਾਣ ਵਾਲੀ ਗੱਲ ਹੈ ਅਤੇ ਇਹ ਇਕ ਇਤਿਹਾਸਕ ਪ੍ਰਾਪਤੀ ਗਿਣੀ ਜਾਵੇਗੀ।

ਇਸ ਮੌਕੇ ਸਿੱਖਸ ਆਫ ਅਮੈਰਿਕਾ ਦੇ ਵਾਈਸ ਪ੍ਰਧਾਨ ਬਲਜਿੰਦਰ ਸਿੰਘ ਸ਼ੰਮੀ ਨੇ ਕਿਹਾ ਕਿ ਸ. ਤਰਨਜੀਤ ਸਿੰਘ ਸੰਧੂ ਨੇ ਲੰਬਾ ਸਮਾਂ ਅਮਰੀਕਾ 'ਚ ਵਸਦੇ ਭਾਰਤੀ ਭਾਈਚਾਰੇ ਨੂੰ ਆਪਣੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਹਨ। ਉਹਨਾਂ ਦੇ ਕਾਰਜਕਾਲ ਵਿਚ ਭਾਰਤੀ ਭਾਈਚਾਰੇ ਨੂੰ ਕਦੇ ਵੀ ਕਿਸੇ ਕੰਮ ਲਈ ਸਮੱਸਿਆ ਨਹੀਂ ਆਈ। ਅਸੀਂ ਉਹਨਾਂ ਦੀਆਂ ਨਿਰਪੱਖ ਅਤੇ ਗਤੀਸ਼ੀਲ ਸੇਵਾਵਾਂ ਦੀ ਤਸਦੀਕ ਕਰਦੇ ਹੋਏ ਉਹਨਾਂ ਨੂੰ ਨਿੱਘੀ ਵਿਦਾਇਗੀ ਦਿੰਦੇ ਹਾਂ। ਉਹਨਾਂ ਲਈ ਸਾਡੇ ਦਿਲਾਂ ਵਿਚ ਹਮੇਸ਼ਾ ਸਤਿਕਾਰ ਰਹੇਗਾ। ਇਸ ਮੌਕੇ ਸ. ਸੰਧੂ ਨੇ ਸੰਬੋਧਨ ਕਰਦਿਆਂ ਕਿਹਾ ਕਿ ਉਹਨਾਂ ਦੀ ਆਪਣੇ ਕਾਰਜਕਾਲ ਦੌਰਾਨ ਹਮੇਸ਼ਾ ਕੋਸ਼ਿਸ਼ ਰਹੀ ਹੈ ਕਿ ਅਮਰੀਕਾ ਵੱਸਦੇ ਭਾਰਤੀਆਂ ਦੀਆਂ ਜੋ ਵੀ ਸਮੱਸਿਆਵਾਂ ਹਨ ਉਹ ਹੱਲ ਕਰਵਾਈਆਂ ਜਾਣ। ਇਸ ਦੌਰਾਨ ਉਨ੍ਹਾਂ ਕਿਹਾ ਭਾਰਤੀ ਭਾਈਚਾਰੇ ਵਲੋਂ ਮਿਲੇ ਪਿਆਰ ਨੂੰ ਉਹ ਹਮੇਸ਼ਾ ਯਾਦ ਰੱਖਣਗੇ। ਇਸ ਸਮਾਗਮ ਵਿਚ ਅੰਤ ਵਿਚ ਸ. ਸੰਧੂ ਨੂੰ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ।

## ਭੰਨਤੋੜ ਤੋਂ ਡੇਢ ਸਾਲ ਬਾਅਦ ਨਿਊਯਾਰਕ 'ਚ ਮਹਾਤਮਾ ਗਾਂਧੀ ਦੇ ਨਵੇਂ ਬੁੱਤ ਦਾ ਕੀਤਾ ਗਿਆ ਉਦਘਾਟਨ

ਨਿਊਯਾਰਕ : ਨਿਊਯਾਰਕ ਸਿਟੀ ਦੇ ਮੇਅਰ ਐਰਿਕ ਐਡਮਜ਼ ਅਤੇ ਭਾਰਤੀ-ਅਮਰੀਕੀ ਰਾਜ ਵਿਧਾਨ ਸਭਾ ਮੈਂਬਰ ਜੈਨੀਫਰ ਰਾਜਕੁਮਾਰ ਨੇ ਰਾਜ ਦੇ ਇਕ ਹਿੰਦੂ ਮੰਦਰ ਦੇ ਬਾਹਰ 2 ਵਾਰ ਭੰਨਤੋੜ ਕੀਤੇ ਜਾਣ ਦੇ ਇਕ ਸਾਲ ਤੋਂ ਵੱਧ ਸਮੇਂ ਬਾਅਦ ਮਹਾਤਮਾ ਗਾਂਧੀ ਦੇ ਨਵੇਂ ਬੁੱਤ ਦਾ ਉਦਘਾਟਨ ਕੀਤਾ ਹੈ। ਰਿਚਮੰਡ ਹਿੱਲ ਦੀ 111ਵੀਂ ਸਟਰੀਟ 'ਤੇ ਸ਼੍ਰੀ ਤੁਲਸੀ ਮੰਦਰ ਦੇ ਸਾਹਮਣੇ ਸਥਿਤ, ਗਾਂਧੀ ਦੇ ਬੁੱਤ ਨੂੰ 3 ਅਤੇ 16 ਅਗਸਤ 2022 ਨੂੰ ਡੇਗ ਦਿੱਤਾ ਗਿਆ ਸੀ ਅਤੇ ਸਪਰੇਅ ਨਾਲ ਇਤਰਾਜ਼ਯੋਗ ਸ਼ਬਦ ਲਿਖ ਕੇ ਹਥੌੜੇ ਨਾਲ ਭੰਨਤੋੜ ਕੀਤੀ ਗਈ ਸੀ। ਮੇਅਰ ਐਡਮਜ਼ ਨੇ ਪਿਛਲੇ ਹਫ਼ਤੇ ਬੁੱਤ ਦਾ ਉਦਘਾਟਨ ਕਰਦੇ ਹੋਏ ਕਿਹਾ, 'ਪਿਛਲੇ ਸਾਲ, ਦੱਖਣੀ ਰਿਚਮੰਡ ਹਿੱਲ ਵਿੱਚ ਗਾਂਧੀ ਦੇ ਬੁੱਤ ਦੀ ਭੰਨਤੋੜ ਕੀਤੀ ਗਈ ਸੀ। ਅੱਜ, ਅਸੀਂ ਇੱਕ ਆਵਾਜ਼ ਵਿੱਚ ਇਹ ਕਹਿਣ ਲਈ ਭਾਈਚਾਰੇ ਦੇ ਨਾਲ ਖੜੇ ਹਾਂ ਕਿ ਸਾਡੇ ਸ਼ਹਿਰ ਵਿੱਚ ਨਫ਼ਰਤ ਦੀ ਕੋਈ ਥਾਂ ਨਹੀਂ ਹੈ। ਅਸੀਂ ਨਿਆਂ ਦੀਆਂ ਉਨ੍ਹਾਂ ਕਦਰਾਂ-ਕੀਮਤਾਂ ਨੂੰ ਅਪਣਾਉਂਦੇ ਹਾਂ, ਜਿਸ ਲਈ ਗਾਂਧੀ ਨੇ ਆਪਣਾ ਜੀਵਨ ਦਿੱਤਾ।'

ਉਥੇ ਹੀ ਰਾਜਕੁਮਾਰ ਨੇ ਇਸ ਘਟਨਾ ਨੂੰ ਹਿੰਦੂਆਂ ਅਤੇ ਭਾਰਤੀਆਂ ਵਿਰੁੱਧ ਨਫ਼ਰਤੀ ਅਪਰਾਧ ਵਜੋਂ ਜਾਂਚ ਕਰਨ ਦੀ ਮੰਗ ਕੀਤੀ। ਉਨ੍ਹਾਂ ਨੇ ਐਕਸ 'ਤੇ ਸਮਾਰੋਹ ਦੀ ਇੱਕ ਵੀਡੀਓ ਪੋਸਟ ਕੀਤੀ ਅਤੇ ਕਿਹਾ ਕਿ ਮੇਅਰ ਐਡਮਜ਼ ਦੇ ਨਾਲ ਬੁੱਤ ਦਾ ਉਦਘਾਟਨ ਕਰਨਾ 'ਰੋਮਾਂਚਕ' ਸੀ। ਉਨ੍ਹਾਂ ਲਿਖਿਆ, 'ਖ਼ੁਦ ਨੂੰ ਅਤੇ NYC ਮੇਅਰ ਨੂੰ ਪਿਛਲੇ ਸਾਲ ਦੀ ਨਫ਼ਰਤ ਭਰੀ ਭੰਨਤੋੜ ਵਾਲੀ ਥਾਂ 'ਤੇ ਤੁਲਸੀ ਮੰਦਰ ਵਿਖੇ ਨਵੀਂ ਮਹਾਤਮਾ ਗਾਂਧੀ ਦੇ ਬੁੱਤ ਦਾ ਉਦਘਾਟਨ ਕਰਦੇ ਹੋਏ ਦੇਖ ਕੇ ਰੋਮਾਂਚਕ ਹਾਂ! ਇਹ ਸਾਡੇ ਰਿਚਮੰਡ ਹਿੱਲ ਭਾਈਚਾਰੇ ਲਈ ਇੱਕ ਇਤਿਹਾਸਕ ਪਲ ਸੀ ਕਿਉਂਕਿ ਅਸੀਂ ਇਹ ਦਿਖਾਉਣ ਲਈ ਇਕੱਠੇ ਹੋਏ ਸੀ ਕਿ ਸਾਡਾ ਪਿਆਰ ਸਾਰੀਆਂ ਨਫ਼ਰਤਾਂ ਨੂੰ ਜਿੱਤ ਲਵੇਗਾ।'



ਨਿਊਯਾਰਕ ਪੁਲਸ ਵਿਭਾਗ (NYPD) ਦੇ ਅਨੁਸਾਰ, 6 ਅਣਪਛਾਤੇ ਵਿਅਕਤੀਆਂ, ਜਿਨ੍ਹਾਂ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਸੀ, ਨੂੰ ਨਿਗਰਾਨੀ ਵੀਡੀਓ ਵਿਚ ਬੁੱਤ ਨੂੰ ਤੋੜਦੇ ਹੋਏ ਦੇਖਿਆ ਗਿਆ ਸੀ, ਜਿਸ ਤੋਂ ਬਾਅਦ ਉਹ 2 ਵੱਖ-ਵੱਖ ਕਾਰਾਂ, ਇੱਕ ਚਿੱਟੀ ਮਰਸਡੀਜ਼ ਬੈਂਜ਼ ਅਤੇ ਇੱਕ ਗੂੜੇ ਰੰਗ ਦੀ ਟੋਇਟਾ ਕੈਮਰੀ ਵਿਚ ਸਵਾਰ ਹੋ ਕੇ ਭੱਜ ਗਏ ਸਨ। ਹਮਲੇ ਦੇ ਇੱਕ ਮਹੀਨੇ ਬਾਅਦ, 27 ਸਾਲਾ ਸੁਖਪਾਲ ਸਿੰਘ, ਜੋ ਕਿ ਸਮੂਹ ਦਾ ਹਿੱਸਾ ਸੀ, ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਨਫ਼ਰਤੀ ਅਪਰਾਧਾਂ ਦਾ ਦੋਸ਼ ਲਗਾਇਆ ਗਿਆ ਸੀ।

# ਅਮਰੀਕਾ ਦੇ ਟੈਕਸਾਸ ਦੀ ਸੂਬਾਈ ਸਰਕਾਰ ਤੇ ਫੈਡਰਲ ਸਰਕਾਰ ਵਿਚਾਲੇ ਸਰਹੱਦੀ ਸੁਰੱਖਿਆ ਨੂੰ ਲੈ ਕੇ ਟਕਰਾਅ



ਨਿਊਯਾਰਕ : ਅਮਰੀਕਾ ਦੀ ਟੈਕਸਾਸ ਰਾਜ ਸਰਕਾਰ ਅਤੇ ਅਮਰੀਕੀ ਸੰਘੀ ਸਰਕਾਰ ਦੇ ਵਿਚਾਲੇ ਸਰਹੱਦੀ ਸੁਰੱਖਿਆ ਨੂੰ ਲੈ ਕੇ ਟਕਰਾਅ ਤੇਜ਼ ਹੁੰਦਾ ਜਾ ਰਿਹਾ ਹੈ। ਫੈਡਰਲ ਸਰਕਾਰ ਜ਼ੋਰ ਦੇ ਰਹੀ ਹੈ ਕਿ ਬਾਰਡਰ ਏਜੰਟਾਂ ਨੂੰ ਸ਼ੈਲਬੀ ਪਾਰਕ ਵਿਚ ਦਾਖ਼ਲ ਹੋਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ, ਜੋ ਕਿ ਗੈਰ-ਕਾਨੂੰਨੀ ਇਮੀਗ੍ਰੇਸ਼ਨ ਦਾ ਇਕ ਸਰੋਤ ਬਣ ਗਿਆ ਹੈ, ਜਦੋਂ ਕਿ ਟੈਕਸਾਸ ਸਰਕਾਰ ਨੇ ਕਿਸੇ ਨੂੰ ਵੀ ਇਸ ਵਿਚ ਦਾਖ਼ਲ ਹੋਣ ਦੀ ਇਜਾਜ਼ਤ ਨਾ ਦੇਣ ਦਾ ਫ਼ੈਸਲਾ ਕੀਤਾ ਹੈ।

ਟੈਕਸਾਸ ਦੇ ਗਵਰਨਰ ਗ੍ਰੇਗ ਐਬੋਟ ਨੇ ਜੋ ਬਿਡੇਨ ਦੇ ਪ੍ਰਸ਼ਾਸਨ 'ਤੇ ਸਰਹੱਦੀ ਸੁਰੱਖਿਆ ਨੂੰ ਲੈ ਕੇ ਅਸਫ਼ਲ ਰਹਿਣ ਦਾ ਦੋਸ਼ ਵੀ ਲਗਾਇਆ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਦੱਖਣੀ ਸਰਹੱਦ ਤੋਂ ਗੈਰ-ਕਾਨੂੰਨੀ ਢੰਗ ਦੇ ਨਾਲ ਪ੍ਰਵਾਸ ਨੂੰ ਰੋਕਣ ਲਈ ਟੈਕਸਾਸ ਸਟੇਟ ਨੈਸ਼ਨਲ ਗਾਰਡ ਅਤੇ ਹੋਰ ਬਲਾਂ ਨੂੰ ਵੀ ਤਾਇਨਾਤ ਕੀਤਾ ਗਿਆ ਹੈ। ਪਰ ਇਕੱਲੇ ਦਸੰਬਰ 2023 ਵਿਚ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖ਼ਲ ਹੋਣ ਵਾਲੇ 225,000 ਹਜ਼ਾਰ ਤੋਂ ਵੱਧ ਲੋਕਾਂ ਨੇ ਗੈਰ-ਕਾਨੂੰਨੀ ਢੰਗ ਨਾਲ ਸਰਹੱਦ ਪਾਰ ਕੀਤੀ। ਗੀਓ ਗ੍ਰਾਂਡੇ 'ਤੇ ਸਥਿੱਤ ਇਕ ਪਾਰਕ ਹੈ ਜਿਸ 'ਚ ਕਿਸੇ ਨੂੰ ਵੀ ਦਾਖਲ ਹੋਣ ਦੀ ਇਜਾਜ਼ਤ ਨਹੀਂ ਹੈ। ਇਸ ਵਿਵਾਦ ਦੇ ਕਾਰਨ ਸੋਸ਼ਲ ਮੀਡੀਆ 'ਤੇ ਸਟੈਂਡ ਵਿਦ ਟੈਕਸਾਸ ਟਰੈਂਡ ਕਰ ਰਿਹਾ ਹੈ।

# ਹਿਊਸਟਨ 'ਚ ਆਸਮਾਨ 'ਚ ਲਹਿਰਾਇਆ ਗਿਆ ਜੈ ਸ਼੍ਰੀ ਰਾਮ ਦਾ ਬੈਨਰ

ਹਿਊਸਟਨ : ਅਯੁੱਧਿਆ ਵਿਚ ਰਾਮ ਮੰਦਰ ਪ੍ਰਾਣ ਪ੍ਰਤਿਸ਼ਠਾ ਸਮਾਗਮ ਦੇ ਇਕ ਹਫ਼ਤੇ ਬਾਅਦ ਵੀ ਭਾਰਤੀ ਅਮਰੀਕੀਆਂ ਵਿਚ ਉਤਸ਼ਾਹ ਦਾ ਮਾਹੌਲ ਹੈ ਅਤੇ ਅਮਰੀਕਾ ਦੇ ਹਿਊਸਟਨ ਸ਼ਹਿਰ ਵਿਚ ਹਵਾਈ ਜਹਾਜ਼ ਤੋਂ ਇਕ ਬੈਨਰ ਲਹਿਰਾਇਆ ਗਿਆ, ਜਿਸ 'ਤੇ ਲਿਖਿਆ ਸੀ, "ਯੂਨੀਵਰਸ ਚੈਂਟਸ ਜੈ ਸ਼੍ਰੀ ਰਾਮ" ਯਾਨੀ ਬ੍ਰਹਿਮੰਡ ਵਿਚ ਗੂੰਜ ਰਿਹਾ ਹੈ ਜੈ ਸ਼੍ਰੀ ਰਾਮ ਦਾ ਮੰਤਰ। ਹਿਊਸਟਨ ਵਿੱਚ ਕੜਕਦੀ ਠੰਡ ਅਤੇ ਮੀਂਹ ਤੋਂ ਬਾਅਦ ਰਵਾਇਤੀ ਭਾਰਤੀ ਪਹਿਰਾਵੇ ਪਹਿਨ ਕੇ ਭਾਰਤੀ ਮੂਲ ਦੇ ਲੋਕ ਐਤਵਾਰ ਨੂੰ ਗੁਜਰਾਤ ਸਮਾਜ ਅਤੇ ਹੋਰ ਥਾਵਾਂ 'ਤੇ ਇਕੱਠੇ ਹੋਏ।

ਉਨ੍ਹਾਂ ਨੇ ਭਗਵੇਂ ਝੰਡੇ ਫੜੇ ਹੋਏ ਸਨ ਅਤੇ 'ਜੈ ਸ਼੍ਰੀ ਰਾਮ' ਦੇ ਨਾਅਰੇ ਲਗਾ ਰਹੇ ਸਨ। ਜਿਸ





ਜਹਾਜ਼ 'ਤੇ ਇਹ ਬੈਨਰ ਲਹਿਰਾਇਆ ਗਿਆ, ਉਸ ਦੇ ਪਾਇਲਟ ਦਾ ਵੀ 'ਜੈ ਸ਼੍ਰੀ ਰਾਮ' ਦੇ ਨਾਅਰਿਆਂ ਨਾਲ ਸਵਾਗਤ ਕੀਤਾ ਗਿਆ। ਆਯੋਜਕਾਂ ਨੇ ਐਤਵਾਰ ਨੂੰ ਦੁਪਹਿਰ 1 ਤੋਂ 3 ਵਜੇ ਦੇ ਵਿਚਕਾਰ ਪੂਰੇ ਹਿਊਸਟਨ ਵਿੱਚ ਆਪਣੀ ਕਿਸਮ ਦੇ ਪਹਿਲੇ ਹਵਾਈ ਬੈਨਰ ਬਾਰੇ ਪ੍ਰਚਾਰ ਕੀਤਾ। ਭਾਰਤੀ ਮੂਲ ਦੇ ਲੋਕ ਆਸਮਾਨ ਵੱਲ ਦੇਖਦੇ ਰਹੇ। ਇਸ ਦੇ ਲਈ ਪ੍ਰਮੋਸ਼ਨਲ ਕਰਨ ਵਾਲੇ ਫਲਾਇਰ 'ਤੇ ਲਿਖਿਆ ਗਿਆ ਸੀ, 'ਆਸਮਾਨ 'ਤੇ ਨਜ਼ਰ ਰੱਖੋ ਅਤੇ ਜਦੋਂ ਤੁਸੀਂ ਆਪਣੇ ਖੇਤਰ 'ਚ ਜਹਾਜ਼ ਨੂੰ ਵੇਖੋ ਤਾਂ ਜੈ ਸ਼੍ਰੀ ਰਾਮ ਦੇ ਨਾਅਰੇ ਲਗਾਓ।" ਇਸ ਸ਼ੋਅ ਦੇ ਆਯੋਜਕ ਉਮੰਗ ਮਹਿਤਾ ਨੇ ਦੱਸਿਆ, "500 ਸਾਲਾਂ ਦੇ ਸੰਘਰਸ਼ ਤੋਂ ਬਾਅਦ ਸ਼੍ਰੀ ਰਾਮ ਮੰਦਰ ਦੇ ਉਦਘਾਟਨ ਦਾ ਜਸ਼ਨ ਮਨਾਉਣ ਇਹ ਪ੍ਰੋਗਰਾਮ ਦੀ ਕਲਪਨਾ ਕੀਤੀ ਗਈ ਅਤੇ ਇਸ ਤਰ੍ਹਾਂ ਦਾ ਸੰਦੇਸ਼ ਦਿੱਤਾ ਗਿਆ ਜੋ ਹਿੰਦੂਆਂ ਵਿਚਕਾਰ ਗੂੰਜਦਾ ਰਹੇ।"

# ਮਿਸੂਰੀ ਰਾਜ ਦੀ ਪਹਿਲੀ ਮਹਿਲਾ ਸੈਨੇਟਰ ਜੀਨ ਕਾਰਨਾਹਨ ਦਾ ਬਿਮਾਰੀ ਮਗਰੋਂ ਦੇਹਾਂਤ

ਨਿਊਯਾਰਕ (ਰਾਜ ਗੋਗਨਾ)- ਮਿਸੂਰੀ ਰਾਜ ਦੀ ਪਹਿਲੀ ਮਹਿਲਾ ਸੈਨੇਟਰ ਅਤੇ ਸੂਬੇ ਦੀ ਸਾਬਕਾ ਪਹਿਲੀ ਮਹਿਲਾ ਜੀਨ ਕਾਰਨਾਹਨ ਦਾ ਬੀਤੇ ਦਿਨ ਮੰਗਲਵਾਰ ਸ਼ਾਮ ਨੂੰ 90 ਸਾਲ ਦੀ ਉਮਰ 'ਚ ਦੇਹਾਂਤ ਹੋ ਗਿਆ। ਉਨ੍ਹਾਂ ਦੇ ਪਰਿਵਾਰ ਦੇ ਬਿਆਨ ਅਨੁਸਾਰ ਕਾਰਨਾਹਨ ਦੀ ਇੱਕ ਸੰਖੇਪ ਬਿਮਾਰੀ ਤੋਂ ਬਾਅਦ ਸਥਾਨਕ ਸੇਂਟ ਲੁਈਸ ਦੇ ਇੱਕ ਹਸਪਤਾਲ ਵਿੱਚ ਮੌਤ ਹੋ ਗਈ। ਉਸ ਦੇ ਪਰਿਵਾਰ ਨੇ ਕਿਹਾ, 'ਮਾਂ ਲੰਬੀ ਅਤੇ ਅਮੀਰ ਜ਼ਿੰਦਗੀ ਤੋਂ ਬਾਅਦ ਸ਼ਾਂਤੀ ਨਾਲ ਗੁਜ਼ਰ ਗਈ।' ਪਰਿਵਾਰ ਮੁਤਾਬਕ, 'ਉਹ ਇੱਕ ਨਿਡਰ ਟਰੇਲਬਲੇਜ਼ਰ ਸੀ। ਉਹ ਹੁਸ਼ਿਆਰ, ਰਚਨਾਤਮਕ, ਹਮਦਰਦ ਅਤੇ ਆਪਣੇ ਪਰਿਵਾਰ ਅਤੇ ਆਪਣੇ ਸਾਥੀ ਮਿਸੂਰੀ ਦੇ ਲੋਕਾਂ ਨੂੰ ਸਮਰਪਿਤ ਸੀ।'

ਜੀਨ ਕਾਰਨਾਹਨ ਮਿਸੂਰੀ ਦੀ ਪਹਿਲੀ ਮਹਿਲਾ



ਬਣ ਗਈ ਸੀ, ਜਦੋਂ ਉਸ ਦੇ ਪਤੀ ਮੇਲ ਕਾਰਨਾਹਨ ਨੂੰ 1992 'ਚ ਰਾਜ ਦਾ ਗਵਰਨਰ ਚੁਣਿਆ ਗਿਆ। ਮਿਸੂਰੀ ਦੇ ਮਹਿਲ ਵਿੱਚ ਆਪਣੇ ਸਮੇਂ ਦੌਰਾਨ ਉਸਨੇ ਕੰਮ ਕਰਨ ਵਾਲੇ ਪਰਿਵਾਰਾਂ ਅਤੇ ਬਚਪਨ ਦੇ ਟੀਕਾਕਰਨ ਲਈ ਸਾਈਟ 'ਤੇ ਡੇ-ਕੇਅਰ ਸੈਂਟਰਾਂ ਦੀ ਵਕਾਲਤ ਕਰਕੇ ਬੱਚਿਆਂ ਦੇ ਜੀਵਨ ਨੂੰ ਬਿਹਤਰ ਬਣਾਉਣ 'ਤੇ ਬਹੁਤ ਧਿਆਨ ਦਿੱਤਾ। ਦੁਖਦਾਈ ਤੌਰ 'ਤੇ ਉਸ ਦਾ ਪਤੀ ਇੱਕ ਡੈਮੋਕਰੇਟ ਅਕਤੂਬਰ 2000 ਵਿੱਚ ਇੱਕ ਹਵਾਈ ਹਾਦਸੇ ਵਿੱਚ ਆਪਣੇ ਵੱਡੇ ਪੁੱਤਰ, ਰੈਂਡੀ ਦੇ ਨਾਲ ਮਰ ਗਿਆ ਜਦੋਂ ਉਹ ਯੂ.ਐਸ ਸੈਨੇਟ ਵਿੱਚ ਮਿਸੂਰੀ ਦੀ ਨੁਮਾਇੰਦਗੀ ਕਰਨ ਲਈ ਮੁਹਿੰਮ ਚਲਾ ਰਿਹਾ ਸੀ।

ਜੀਨ ਕਾਰਨਾਹਨ ਸੈਨੇਟ ਵਿੱਚ ਮਿਸੂਰੀ ਦੀ ਨੁਮਾਇੰਦਗੀ ਕਰਨ ਵਾਲੀ ਪਹਿਲੀ ਔਰਤ ਬਣ ਗਈ ਜਦੋਂ ਉਸਨੂੰ ਆਪਣੇ ਪਤੀ ਦੀ ਸੀਟ ਭਰਨ ਲਈ ਨਿਯੁਕਤ ਕੀਤਾ ਗਿਆ ਸੀ। ਉਸਨੇ ਦੋ ਸਾਲ ਸੈਨੇਟ ਵਿੱਚ ਸੇਵਾ ਕੀਤੀ, ਜਿਸ ਦੌਰਾਨ ਉਹ ਉਸਦੀ ਜੀਵਨੀ ਅਨੁਸਾਰ ਆਰਮਡ ਸਰਵਿਸਿਜ਼ ਕਮੇਟੀ ਵਿੱਚ ਸੇਵਾ ਕਰਨ ਵਾਲੀ ਸਿਰਫ ਪੰਜਵੀਂ ਔਰਤ ਬਣ ਗਈ, ਜਿਸ ਵਿੱਚ ਕਿਹਾ ਗਿਆ ਕਿ ਉਸਨੇ ਵਾਸ਼ਿੰਗਟਨ ਵਿੱਚ ਰਹਿੰਦੇ ਹੋਏ ਕੰਮਕਾਜੀ ਪਰਿਵਾਰਾਂ ਦੀ ਵਕਾਲਤ ਜਾਰੀ ਰੱਖੀ ਸੀ।




# ਭਾਵੇਂ ਮੈਂ ਜਾਂ ਮੇਰਾ ਪੁੱਤਰ ਨਾ ਦੇਖ ਸਕਣ, ਪਰ ਮੇਰਾ ਪੋਤਾ ਉਸ ਪਵਿੱਤਰ ਧਰਤੀ 'ਤੇ ਇਕ ਮਾਣਮੱਤੇ ਸਿੱਖ ਦੇ ਤੌਰ 'ਤੇ ਆਪਣੀ ਖਾਲਿਸਤਾਨੀ ਧਰਤੀ 'ਤੇ ਆਪਣੇ ਵਤਨ ਉਪਰ ਇੱਕ ਦਿਨ ਖੜ੍ਹਾ ਹੋਵੇਗਾ : ਡਾ. ਬਲਬੀਰ ਸਿੰਘ ਰਾਗੀ



ਕੈਲੀਫੋਰਨੀਆ ਅਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਇਕੱਠੀ ਹੋਈ ਸਮੂਹ ਸੰਗਤ ਨੇ ਇਤਿਹਾਸ ਸਿਰਜਣ ਲਈ ਘੰਟਿਆਂਬੱਧੀ ਵੋਟਾ ਪਾਉਣ ਲਈ ਲਾਈਨ ਵਿੱਚ ਖੜ੍ਹਕੇ ਇੱਕ ਉੱਚੀ ਆਵਾਜ਼ ਵਿੱਚ ਵੱਡਾ ਸੰਦੇਸ਼ ਦਿੱਤਾ ਹੈ ਕਿ ਸਿੱਖ ਹੁਣ ਕੀ ਚਾਹੁੰਦੇ ਹਨ। ਆਪਣਾ ਅਜਾਦ ਘਰ ਬਣਾਉਣ ਲਈ ਇੱਕ ਜਗ੍ਹਾ ਇੱਕ ਅਜਾਦ ਖਿੱਤਾ, ਇੱਕ ਸੁਤੰਤਰ ਸਥਾਨ ਜਿੱਥੇ ਉਹ ਆਪਣੀ ਕਿਸਮਤ ਨੂੰ ਖੁਦ ਘੜ ਕਰ ਸਕਦੇ ਹਨ।

ਮੈਨੂੰ 1984 ਦਾ ਉਹ ਦਿਨ ਯਾਦ ਆ ਰਿਹਾ ਹੈ ਜਦੋਂ ਫੋਸਟਰ ਸ਼ਹਿਰ ਵਿੱਚ ਆਪਣੇ ਦਫ਼ਤਰ ਵਿੱਚ ਬੈਠਾ



ਸੀ ਅਤੇ ਫ਼ੋਨ ਆਇਆ ਸੀ ਕਿ ਹਰਮਿੰਦਰ ਸਾਹਿਬ ਉੱਤੇ ਭਾਰਤੀ ਫ਼ੌਜ ਨੇ ਹਮਲਾ ਕਰ ਦਿੱਤਾ ਹੈ। ਜਿਵੇਂ ਕਿ ਅਸੀਂ ਉਸ ਦੁਪਹਿਰ ਨੂੰ ਫਰੀਮਾਂਟ ਗੁਰਦੁਆਰੇ ਵਿੱਚ ਇਕੱਠੇ ਹੋਏ ਅਤੇ ਉਸੇ ਦਿੱਨ ਭਾਰਤੀ ਕੌਂਸਲੇਟ ਸਨਫਰਾਂਸਿਸਕੋ ਦੇ ਸਾਹਮਣੇ ਪ੍ਰਦਰਸ਼ਨ ਕੀਤਾ ਅਤੇ ਕੁਝ ਲੋਕਾਂ ਨੇ ਉਸ ਦਿਨ ਆਪਣੇ ਆਪਣੇ ਵਿਚਾਰ ਰੱਖੇ।

ਅਤੇ ਅੱਜ ਉਸੇ ਸ਼ਹਿਰ ਵਿੱਚ ਹਜ਼ਾਰਾਂ ਲੱਖਾਂ ਦੀ ਗਿਣਤੀ ਵਿੱਚ ਲੋਕ ਖੜੇ ਹਨ। ਉਦੋਂ ਅਸੀਂ ਕੁਝ ਸੌ ਹੀ ਸੀ। ਉਸ ਸਮੇਂ ਕਿਸੇ ਨੇ ਮੈਨੂੰ ਟਿੱਪਣੀ ਕੀਤੀ ਕਿ ਇਹ ਸਿਰਫ ਸਾਡਾ ਗੁੱਸਾ ਸੀ ਅਤੇ ਇਹ ਸਮੇਂ ਦੇ ਨਾਲ ਲੰਘ ਜਾਵੇਗਾ।

ਮੈਨੂੰ ਯਾਦ ਹੈ ਕਿ ਇੱਕ ਨੌਜਵਾਨ ਮੁਸਕਰਾ ਰਿਹਾ ਸੀ ਅਤੇ ਉਸ ਆਦਮੀ ਨੂੰ ਕਹਿੰਦਾ ਸੀ ਕਿ ਮੈਂ ਅਜਿਹਾ ਨਹੀਂ ਸੋਚਦਾ। ਅਤੇ ਜਿਵੇਂ ਕਿ ਮੈਂ ਅੱਜ ਹਜ਼ਾਰਾਂ ਲੱਖਾਂ ਲੋਕਾਂ ਨੂੰ ਅੱਜ ਦੇ ਨੌਜਵਾਨਾ ਸਮੇਤ ਆਪਣੇ ਰਾਸ਼ਟਰ ਆਪਣੇ ਦੇਸ਼ ਨੂੰ ਆਪਣਾ ਨਾਮ ਦੇਣ ਲਈ ਇਕੱਠੇ ਹੋਏ ਦੇਖਦਾ ਹਾਂ ਕਿ ਉਹ ਆਪਣੇ ਵਤਨ ਦੀ ਕਿਸਮਤ ਘੜਨ ਲਈ ਖੜੇ ਨੇ. ਅਤੇ ਉਨਾ ਨਾਲ ਸਾਡੇ ਵਿੱਚੋਂ ਕੁਝ ਪੁਰਾਣੇ ਪਹਿਰੇਦਾਰ ਵੀ ਨਾਲ ਨੇ ਕੁਝ ਅਗਲੀ ਪੀੜ੍ਹੀ ਅਤੇ ਕੁਝ ਉਸ ਤੋਂ ਅਗਲੀ ਪੀੜ੍ਹੀ ਵੀ।

ਇਸਨੂੰ ਦੇਖਕੇ ਮੈ ਇਹ ਮੈਨੂੰ ਸਪੱਸ਼ਟ ਕਹਿ ਸਕਦਾ ਹਾਂ ਕਿ ਇਹ ਭਾਵੇਂ ਮੈਂ ਜਾਂ ਮੇਰਾ ਪੁੱਤਰ ਨਾ ਦੇਖ ਸਕਣ, ਪਰ ਮੇਰਾ ਪੋਤਾ ਉਸ ਪਵਿੱਤਰ ਧਰਤੀ 'ਤੇ ਇਕ ਮਾਣਮੱਤੇ ਸਿੱਖ ਦੇ ਤੌਰ ਉਪਰ ਆਪਣੀ ਖਾਲਿਸਤਾਨੀ ਧਰਤੀ ਉਪਰ ਆਪਣੇ ਵਤਨ ਉਪਰ ਇੱਕ ਦਿੱਨ ਖੜ੍ਹਾ ਹੋਵੇਗਾ।

# ਮਜ਼ਬੂਤ ਅਰਥਵਿਵਸਥਾ ਵਾਲੇ ਦੇਸ਼ 'ਚ ਨੌਜਵਾਨਾਂ ਲਈ ਰੁਜ਼ਗਾਰ ਕਿਉਂ ਨਹੀਂ?

**ਨਵਤੇਜ ਸਿੰਘ ਮੱਲ੍ਹੀ**



ਮੌਜੂਦਾ ਹਾਲਾਤ ਨੂੰ ਦੇਖ ਕੇ ਲਗਦਾ ਹੈ ਕਿ ਜਿਵੇਂ-ਜਿਵੇਂ ਅਗਲੀਆਂ ਲੋਕ ਸਭਾ ਚੋਣਾਂ ਨੇੜੇ ਆ ਰਹੀਆਂ ਹਨ, ਉਵੇਂ-ਉਵੇਂ ਦੇਸ਼ ਦੇ ਵਿਕਾਸ ਦੀ ਚਾਲ ਰਫ਼ਤਾਰ ਫੜਦੀ ਜਾ ਰਹੀ ਹੈ। ਆਰਥਿਕ ਪੱਖੋਂ ਭਾਰਤ ਦੇ ਜ਼ਮੀਨੀ ਹਾਲਾਤ ਭਾਵੇਂ ਕੁਝ ਵੀ ਬਿਆਨ ਕਰਦੇ ਹੋਣ, ਪਰ ਮੌਜੂਦਾ ਦ੍ਰਿਸ਼ ਇਸ ਨੂੰ ਵਿਕਾਸ ਦੇ ਮਾਰਗ 'ਤੇ ਨਿਰੰਤਰ ਅੱਗੇ ਵਧਦਾ ਦਰਸਾਉਣ ਵਾਲਾ ਹੈ। ਅਜਿਹੇ ਸਮੇਂ ਬੁੱਧੀਜੀਵੀ ਵਰਗ ਨੂੰ ਸਮਝ ਨਹੀਂ ਆ ਰਹੀ ਕਿ ਭੁੱਖਮਰੀ, ਕੰਗਾਲੀ ਤੇ ਗ਼ਰੀਬੀ ਨਾਲ ਜੂਝ ਰਹੇ ਆਮ ਲੋਕਾਂ ਦਾ ਦੇਸ਼ ਅਮਰੀਕਾ, ਚੀਨ, ਜਾਪਾਨ ਤੇ ਜਰਮਨੀ ਵਰਗੇ ਵਿਕਸਿਤ ਤੇ ਸਾਧਨ ਸੰਪੰਨ ਦੇਸ਼ਾਂ ਨੂੰ ਪਛਾੜਨ ਦੇ ਦਮਗਜੇ ਕਿਵੇਂ ਮਾਰ ਰਿਹਾ ਹੈ? ਇਕ ਪਾਸੇ ਭਾਰਤ ਦੀ ਤੁਲਨਾ ਅਮਰੀਕਾ ਵਰਗੇ ਵਿਕਸਿਤ ਦੇਸ਼ਾਂ ਨਾਲ ਕੀਤੀ ਜਾਂਦੀ ਹੈ, ਦੂਜੇ ਪਾਸੇ ਦੇਸ਼ ਦੀ 80 ਕਰੋੜ ਆਬਾਦੀ ਨੂੰ ਆਰਥਿਕ ਪੱਖੋਂ ਕਮਜ਼ੋਰ ਮੰਨ ਕੇ ਮੁਫ਼ਤ ਰਾਸ਼ਨ ਵੰਡਿਆ ਜਾ ਰਿਹਾ ਹੈ। ਅਸਲ 'ਚ ਚੋਣਾਂ ਨੇੜੇ ਆਉਣ ਕਾਰਨ ਦੇਸ਼ ਦੇ ਆਰਥਿਕ ਵਿਕਾਸ ਦਾ ਏਨਾ ਪ੍ਰਚਾਰ-ਪ੍ਰਸਾਰ ਕੀਤਾ ਜਾ ਰਿਹਾ ਹੈ ਕਿ ਲੋਕਾਂ ਦਾ ਦੇਸ਼ ਦੀਆਂ ਤਲਖ ਹਕੀਕਤਾਂ ਵੱਲ ਧਿਆਨ ਨਾ ਜਾਵੇ। ਬਿਨਾਂ ਸ਼ੱਕ ਭਾਰਤ ਵਿਕਸਿਤ ਦੇਸ਼ ਬਣਨ ਵੱਲ ਵਧਣਾ ਚਾਹੀਦਾ ਹੈ, ਪਰ ਫ਼ਰਜ਼ੀ ਅੰਕੜਿਆਂ ਦੇ ਬਲਬੂਤੇ ਇਹ ਕਦੇ ਵੀ ਸੰਭਵ ਨਹੀਂ ਹੋਵੇਗਾ। ਸਰਕਾਰ ਮੁਤਾਬਿਕ ਜੇਕਰ ਮੰਨ ਲਿਆ ਜਾਵੇ ਕਿ ਦੇਸ਼ ਵਿਕਸਿਤ ਦੇਸ਼ਾਂ ਦੀ ਬਰਾਬਰੀ ਕਰ ਰਿਹਾ ਹੈ ਤਾਂ ਜ਼ਮੀਨੀ ਪੱਧਰ 'ਤੇ ਲੋਕਾਂ ਦੇ ਹਾਲਾਤ ਕਿਉਂ ਨਹੀਂ ਬਦਲ ਰਹੇ? ਜੇਕਰ ਦੇਸ਼ ਆਰਥਿਕ ਪੱਖੋਂ ਮਜ਼ਬੂਤ ਹੈ ਤਾਂ ਸਾਡੇ ਲੋਕ ਸਿਹਤ, ਸਿੱਖਿਆ, ਬਿਜਲੀ, ਸ਼ੁੱਧ ਪਾਣੀ, ਮਕਾਨ ਤੇ ਰੁਜ਼ਗਾਰ ਵਰਗੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਹਾਲੇ ਵੀ ਕਿਉਂ ਤਰਸ ਰਹੇ ਹਨ? ਤ੍ਰਾਸਦੀ ਹੈ ਕਿ ਅੱਜ ਵੀ ਸਾਡੇ ਦੇਸ਼ 'ਚ ਲੱਖਾਂ ਗ੍ਰੈਜੂਏਟ ਤੇ ਡਿਗਰੀਆਂ ਤੇ ਡਿਪਲੋਮਾ ਧਾਰਕ ਨੌਜਵਾਨ ਪੜ੍ਹ-ਲਿਖ ਕੇ ਇਕ ਚੌਰਾਹੇ 'ਤੇ ਆਣ ਖਲੋਂਦੇ ਹਨ, ਜਿੱਥੋਂ ਉਨ੍ਹਾਂ ਨੂੰ ਆਪਣੇ ਭਵਿੱਖ ਦਾ ਕੋਈ ਰਸਤਾ ਨਜ਼ਰ ਨਹੀਂ ਆਉਂਦਾ। ਡਿਗਰੀਆਂ, ਡਿਪਲੋਮਿਆਂ 'ਤੇ ਲੱਖਾਂ ਰੁਪਏ ਖਰਚ ਕਰਕੇ ਵੀ ਉਨ੍ਹਾਂ ਦੇ ਪੱਲੇ ਅਖੀਰ ਨਿਰਾਸ਼ਾ ਹੀ ਪੈਂਦੀ ਹੈ। ਕਈ ਵਾਰ ਆਪਣੇ ਮਾਪਿਆਂ ਦੀਆਂ ਇੱਛਾਵਾਂ ਪੂਰੀਆਂ ਨਾ ਕਰ ਸਕਣ ਕਾਰਨ ਇਹ ਬੇਰੁਜ਼ਗਾਰ ਨੌਜਵਾਨ ਨਸ਼ੇ ਦਾ ਸਹਾਰਾ ਲੈਣਾ ਸ਼ੁਰੂ ਕਰ ਦਿੰਦੇ ਹਨ ਜਾਂ ਫਿਰ ਅਪਰਾਧਾਂ ਦੀ ਦੁਨੀਆ ਵੱਲ ਖਿੱਚੇ ਜਾਂਦੇ ਹਨ।

ਰੁਜ਼ਗਾਰ ਦੇ ਮੌਕਿਆਂ ਦੀ ਘਾਟ ਕਾਰਨ ਹੁਣ ਤਾਂ ਦੇਸ਼ ਭਰ 'ਚ 12ਵੀਂ ਜਮਾਤ ਤੋਂ ਅੱਗੇ ਪੜ੍ਹਨ ਦਾ ਰੁਝਾਨ ਹੀ ਵਿਦਿਆਰਥੀਆਂ 'ਚੋਂ ਖ਼ਤਮ ਹੋ ਰਿਹਾ ਹੈ। ਇਸੇ ਕਰਕੇ ਉੱਚ ਸਿੱਖਿਆ ਪ੍ਰਦਾਨ ਕਰ ਰਹੀਆਂ ਕਾਲਜਾਂ ਤੇ ਯੂਨੀਵਰਸਿਟੀਆਂ ਵਰਗੀਆਂ ਸਿੱਖਿਆ ਸੰਸਥਾਵਾਂ ਵਿਦਿਆਰਥੀਆਂ ਦੀ ਘਾਟ ਕਾਰਨ ਆਪਣੇ ਪਤਨ ਵੱਲ ਵਧ ਰਹੀਆਂ ਹਨ। ਵਧੇਰੇ ਮਾਪੇ ਵੀ ਹੁਣ ਨਹੀਂ ਚਾਹੁੰਦੇ ਕਿ ਉਨ੍ਹਾਂ ਦੇ ਬੱਚੇ ਉੱਚ ਸਿੱਖਿਆ ਹਾਸਿਲ ਕਰਕੇ ਬੇਰੁਜ਼ਗਾਰਾਂ ਦੀਆਂ ਭੀੜਾਂ 'ਚ ਸ਼ਾਮਿਲ ਹੋਣ। ਵਿਦੇਸ਼ ਜਾਣ ਦਾ ਰੁਝਾਨ ਵੀ ਦੇਸ਼ 'ਚ ਬੇਰੁਜ਼ਗਾਰੀ ਦੇ ਵਿਕਰਾਲ ਰੂਪ ਨੇ ਪੈਦਾ ਕੀਤਾ ਹੈ। ਦੇਸ਼ ਭਰ 'ਚੋਂ 7.5 ਲੱਖ ਵਿਦਿਆਰਥੀ ਹਰ ਸਾਲ ਅਮਰੀਕਾ, ਕੈਨੇਡਾ, ਆਸਟਰੇਲੀਆ, ਇੰਗਲੈਂਡ, ਜਰਮਨੀ ਵਰਗੇ ਦੇਸ਼ਾਂ 'ਚ ਪੜ੍ਹਨ ਲਈ ਜਾ ਰਹੇ ਹਨ। ਦੇਸ਼ ਦੇ 6.07 ਲੱਖ ਕਰੋੜ ਰੁਪਏ ਇਨ੍ਹਾਂ ਵਿਦਿਆਰਥੀਆਂ ਦੀ ਪੜ੍ਹਾਈ, ਟਿਊਸ਼ਨ, ਰਿਹਾਇਸ਼ ਆਦਿ 'ਤੇ ਖਰਚੇ ਲਈ ਹਰ ਸਾਲ ਵਿਦੇਸ਼ ਭੇਜੇ ਜਾਂਦੇ ਹਨ। ਡਾਕਟਰ, ਇੰਜੀਨੀਅਰ, ਵਿਦਵਾਨ, ਅਧਿਆਪਕ ਤੇ ਚਿੰਤਕ ਦੇਸ਼ 'ਚ ਹੁਨਰ ਦੀ ਬੇਕਦਰੀ ਕਾਰਨ ਵਿਦੇਸ਼ਾਂ 'ਚ ਜਾਣ ਲਈ ਮਜਬੂਰ ਹਨ, ਕਿਉਂਕਿ ਉੱਥੋਂ ਦੀਆਂ ਸਰਕਾਰਾਂ ਹੁਨਰ ਦਾ ਮੁੱਲ ਤਾਰਨਾ ਜਾਣਦੀਆਂ ਹਨ। ਹੁਨਰ ਦੀ ਬੇਕਦਰੀ ਹੀ ਕਹੀ ਜਾ ਸਕਦੀ ਹੈ ਕਿ ਪੀ.ਐੱਚ.ਡੀ. ਕਰਕੇ ਨੌਜਵਾਨ ਸਬਜ਼ੀਆਂ ਦੀਆਂ ਰੇਹੜੀਆਂ ਲਾ ਕੇ ਘਰ ਦਾ ਗੁਜ਼ਾਰਾ ਚਲਾਉਂਦੇ ਹਨ।

ਅਖੌਤੀ ਵਿਕਾਸ ਦੇ ਅਜਿਹੇ ਜ਼ਮੀਨੀ ਹਾਲਾਤ ਕਾਰਨ ਨੌਜਵਾਨ ਇੱਥੇ ਰਹਿਣਾ ਪਸੰਦ ਨਹੀਂ ਕਰਦੇ। ਉਹ ਹਰ ਤਰ੍ਹਾਂ ਦਾ ਜਾਨੀ-ਮਾਲੀ ਜੋਖ਼ਮ ਲੈ ਕੇ ਵੀ ਵਿਦੇਸ਼ਾਂ 'ਚ ਕੰਮ ਕਰਨ ਤੇ ਰਹਿਣ ਨੂੰ ਸੁਰੱਖਿਅਤ ਸਮਝਦੇ ਹਨ। ਸੀ.ਐਮ.ਆਈ.ਈ. (ਸੈਂਟਰ ਫਾਰ ਮੌਨੀਟਰਿੰਗ ਇੰਡੀਅਨ ਇਕਾਨਮੀ) ਦੀ ਰਿਪੋਰਟ ਅਨੁਸਾਰ ਅਕਤੂਬਰ 2023 'ਚ ਬੇਰੁਜ਼ਗਾਰੀ ਨੇ ਪਿਛਲੇ ਦੋ ਸਾਲਾਂ ਦੇ ਰਿਕਾਰਡ ਤੋੜ ਦਿੱਤੇ, ਜਦ ਬੇਰੁਜ਼ਗਾਰੀ 10.05 ਫ਼ੀਸਦੀ ਤੱਕ ਪਹੁੰਚ ਗਈ, ਜੋ ਸਤੰਬਰ 'ਚ 7.09 ਫ਼ੀਸਦੀ ਸੀ। ਪੇਂਡੂ ਖੇਤਰਾਂ 'ਚ ਇਸ ਦੀ ਦਰ 6.02 ਫ਼ੀਸਦੀ ਤੋਂ ਵਧ ਕੇ 10.82 ਫ਼ੀਸਦੀ ਤੱਕ ਪਹੁੰਚ ਗਈ ਹੈ। ਜਦਕਿ ਸ਼ਹਿਰੀ ਖੇਤਰਾਂ 'ਚ ਇਸ ਦੀ ਦਰ 8.44 ਫ਼ੀਸਦੀ ਰਹੀ। 15 ਸਾਲ ਤੋਂ 34 ਸਾਲ ਉਮਰ ਦਰਮਿਆਨ 36 ਫ਼ੀਸਦੀ ਭਾਰਤੀਆਂ ਸਾਹਮਣੇ ਬੇਰੁਜ਼ਗਾਰੀ ਸਭ ਤੋਂ ਵੱਡੀ ਚੁਣੌਤੀ ਹੈ। 2 ਕਰੋੜ ਸਾਲਾਨਾ ਨੌਕਰੀਆਂ ਦੇਣ ਦੇ ਵਾਅਦੇ ਨਾਲ ਸੱਤਾ 'ਚ ਆਈ ਭਾਜਪਾ ਨੇ ਕੇਵਲ 80 ਹਜ਼ਾਰ ਸਾਲਾਨਾ ਨੌਕਰੀਆਂ ਦਿੱਤੀਆਂ। ਕੇਂਦਰੀ ਕਿਰਤ ਤੇ ਰੁਜ਼ਗਾਰ ਬਾਰੇ ਰਾਜ ਮੰਤਰੀ ਜਿਤੇਂਦਰ ਸਿੰਘ ਨੇ ਖ਼ੁਦ ਲੋਕ ਸਭਾ 'ਚ ਮੰਨਿਆ ਕਿ ਸਰਕਾਰ ਨੂੰ 2014-22 ਦੌਰਾਨ 22.05 ਕਰੋੜ ਅਰਜ਼ੀਆਂ ਨੌਕਰੀਆਂ ਲਈ ਪ੍ਰਾਪਤ ਹੋਈਆਂ, ਪਰ ਇਨ੍ਹਾਂ 'ਚੋਂ ਵੱਖ-ਵੱਖ ਅਦਾਰਿਆਂ 'ਚ 7.22 ਲੱਖ ਲੋਕਾਂ ਨੂੰ ਹੀ ਨੌਕਰੀਆਂ ਮੁਹੱਈਆ ਕਰਵਾਈਆਂ ਜਾ ਸਕੀਆਂ। ਹਾਲਾਂਕਿ 9.64 ਲੱਖ ਅਸਾਮੀਆਂ ਸਰਕਾਰੀ ਅਦਾਰਿਆਂ 'ਚ ਖਾਲੀ ਪਈਆਂ ਹਨ। ਇਕ ਰਿਪੋਰਟ ਅਨੁਸਾਰ 23 ਕਰੋੜ ਆਬਾਦੀ ਹਾਲੇ ਵੀ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ ਹੈ। ਇਹ ਲੋਕ ਸਾਲਾਨਾ 72 ਹਜ਼ਾਰ ਤੋਂ ਵੀ ਘੱਟ ਕਮਾਉਂਦੇ ਹਨ। ਵਿਕਸਿਤ ਹੋ ਰਹੇ ਭਾਰਤ ਦੇ ਇਹ ਲੋਕ ਬੁਨਿਆਦੀ ਲੋੜਾਂ ਦੀ ਪੂਰਤੀ ਤੋਂ ਵਾਂਝੇ ਹਨ। ਦੇਸ਼ ਦੇ 18 ਲੱਖ ਤੋਂ ਵੱਧ ਲੋਕ ਆਪਣਾ ਮਕਾਨ ਨਾ ਹੋਣ ਕਾਰਨ ਅਤਿ ਦੀ ਗਰਮੀ ਤੇ ਸਰਦੀ 'ਚ ਖੁੱਲ੍ਹੇ ਅਸਮਾਨ ਹੇਠ ਰਾਤਾਂ ਕੱਟਣ ਲਈ ਮਜਬੂਰ ਹਨ। ਛੱਤੀਸਗੜ੍ਹ ਦੇਸ਼ ਦਾ ਸਭ ਤੋਂ ਗ਼ਰੀਬ ਰਾਜ ਹੈ। ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ, ਮੱਧ ਪ੍ਰਦੇਸ਼, ਅਰੁਣਾਚਲ ਪ੍ਰਦੇਸ਼, ਓਡੀਸ਼ਾ, ਆਸਾਮ, ਮਨੀਪੁਰ ਵਰਗੇ ਰਾਜਾਂ ਦੀ 30 ਤੋਂ 40 ਫ਼ੀਸਦੀ ਆਬਾਦੀ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ ਹੈ। ਇਨ੍ਹਾਂ ਲੋਕਾਂ ਨੂੰ ਗ਼ਰੀਬੀ ਰੇਖਾ ਤੋਂ ਬਾਹਰ ਕੱਢਣ ਦੇ ਯਤਨ ਵੀ ਨਾਮਾਤਰ ਹਨ। ਖ਼ੈਰਾਤਾਂ ਨੂੰ ਵਿਕਾਸ ਯੋਜਨਾਵਾਂ ਦਾ ਨਾਂਅ ਦਿੱਤਾ ਜਾ ਰਿਹਾ ਹੈ। ਵੱਧ ਆਬਾਦੀ ਵਾਲੇ ਰਾਜਾਂ 'ਚ ਗ਼ਰੀਬੀ ਏਨੀ ਘੋਰ ਹੈ ਕਿ ਆਟੇ ਦੀ ਮੁਫ਼ਤ ਇਕ-ਇਕ ਥੈਲੀ ਵੰਡਣ ਵਾਲੀ ਪਾਰਟੀ ਨੂੰ ਇਹ ਲੋਕ ਰੱਬ ਦਾ ਰੂਪ ਮੰਨਦੇ ਹਨ। ਇਨ੍ਹਾਂ ਰਾਜਾਂ 'ਚੋਂ ਕਿਸੇ ਇਕ ਪਾਰਟੀ ਨੂੰ ਵੱਡਾ ਬਹੁਮਤ ਮਿਲਣ ਦਾ ਕਾਰਨ ਵਿਕਾਸ ਨਾਲੋਂ ਵਧ ਕੇ ਖ਼ੈਰਾਤਾਂ ਦੀ ਵੰਡ ਹੈ। ਅਮਰੀਕਾ, ਕੈਨੇਡਾ, ਜਰਮਨੀ ਵਰਗੇ ਦੇਸ਼ਾਂ ਦੇ ਲੋਕਾਂ ਦੀ ਤੁਲਨਾ ਅਸੀਂ ਆਪਣੇ ਦੇਸ਼ ਦੇ ਗ਼ਰੀਬ ਰਾਜਾਂ ਦੇ ਲੋਕਾਂ ਨਾਲ ਕਿਵੇਂ ਕਰ ਸਕਦੇ ਹਾਂ? ਉੱਥੋਂ ਦੀਆਂ ਸਰਕਾਰਾਂ ਲੋਕਾਂ ਤੋਂ ਟੈਕਸ ਲੈਂਦੀਆਂ ਹਨ ਪਰ ਬਦਲੇ 'ਚ ਹਰ ਤਰ੍ਹਾਂ ਦੀਆਂ ਸਹੂਲਤਾਂ ਨਾਗਰਿਕਾਂ ਨੂੰ ਦਿੰਦੀਆਂ ਹਨ। ਸਾਡੇ ਦੇਸ਼ 'ਚ ਤਾਂ ਨਵੀਆਂ ਨੌਕਰੀਆਂ ਦੇਣ ਦੀ ਥਾਂ ਰੇਲਵੇ, ਹਵਾਈ ਅੱਡਿਆਂ, ਬੈਂਕਾਂ, ਬੀਮਾ ਅਤੇ ਕੋਲਾ ਵਰਗੇ ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਕਰਕੇ ਇਨ੍ਹਾਂ 'ਚ ਨੌਕਰੀਆਂ ਕਰਦੇ ਲੱਖਾਂ ਲੋਕਾਂ ਨੂੰ ਵੀ ਬੇਰੁਜ਼ਗਾਰੀ ਵੱਲ ਧੱਕਿਆ ਜਾ ਰਿਹਾ ਹੈ। ਦੇਸ਼ ਦੀਆਂ ਲੱਖਾਂ ਗ਼ਰੀਬ ਔਰਤਾਂ ਨੂੰ ਵੀ ਉਜਵਲਾ ਯੋਜਨਾ ਦੇ ਤਹਿਤ ਮੁਫ਼ਤ ਗੈਸ ਸਿਲੰਡਰ ਵੰਡ ਕੇ ਇਸ ਨੂੰ ਭਲਾਈ ਯੋਜਨਾਵਾਂ ਦਾ ਨਾਂਅ ਦਿੱਤਾ ਜਾ ਰਿਹਾ ਹੈ। ਪਰ ਇਹ ਲੋਕ ਗ਼ਰੀਬ ਹੋਣ ਕਾਰਨ 940 ਰੁਪਏ ਦਾ ਮਹਿੰਗਾ ਸਿਲੰਡਰ ਮੁੜ ਕਿਵੇਂ ਭਰਵਾਉਣਗੇ, ਇਸ ਬਾਰੇ ਨਹੀਂ ਸੋਚਿਆ ਗਿਆ। ਦੇਸ਼ ਦੀ ਆਬਾਦੀ ਜ਼ਿਆਦਾ ਹੋਣ ਕਾਰਨ ਇਕੱਲਾ ਸਰਕਾਰੀ ਤੇ ਨਾ ਹੀ ਇਕੱਲਾ ਗ਼ੈਰ-ਸਰਕਾਰੀ ਖੇਤਰ ਏਨੇ ਲੋਕਾਂ ਨੂੰ ਰੁਜ਼ਗਾਰ ਦੇ ਸਕਦਾ ਹੈ, ਪਰ ਸਰਕਾਰੀ ਖ਼ੇਤਰ ਨੂੰ ਖ਼ਤਮ ਕਰਨ ਦੇ ਰਾਹ 'ਤੇ ਚੱਲ ਰਹੀ ਸਰਕਾਰ ਇਹ ਨਹੀਂ ਸੋਚ ਰਹੀ ਕਿ ਕਰੋੜਾਂ ਲੋਕਾਂ ਨੂੰ ਨਿੱਜੀ ਖ਼ੇਤਰ 'ਚ ਨੌਕਰੀਆਂ ਕਿਵੇਂ ਮਿਲ ਸਕਦੀਆਂ ਹਨ, ਜਿੱਥੇ ਮਿਹਨਤਾਨਾ ਲੋੜਾਂ ਦੀ ਪੂਰਤੀ ਮੁਤਾਬਿਕ ਨਹੀਂ, ਸਗੋਂ ਸਾਹ ਚਲਦੇ ਰਹਿਣ ਤੱਕ ਸੀਮਤ ਹੁੰਦਾ ਹੈ। ਆਮ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕੇ ਬਿਨਾਂ ਦੇਸ਼ ਦੀ ਵਿਕਸਿਤ ਦੇਸ਼ਾਂ ਨਾਲ ਬਰਾਬਰੀ ਦੀਆਂ ਗੱਲਾਂ ਕਰਨਾ ਲੋਕਾਂ ਦੀਆਂ ਅੱਖਾਂ 'ਚ ਧੂੜ ਪਾਉਣ ਤੋਂ ਬਿਨਾਂ ਕੁਝ ਨਹੀਂ।

ਸਾਡੇ ਲੋਕ SADE LOK

ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



ਸਿਹਤ ਵਿਗਿਆਨ
ਡਾ. ਗੁਰਦੀਪ ਸਿੰਘ ਸੰਧੂ

**Gurdip Singh Sandhu** Homeopathic Consultant
Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.
Dublin ca 94568 Ph. : (408) 687-1899
Email: homeomedicine@yahoo.com
http://www.homeomedicineatoz.com



**ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ**

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ-102

ਸਾਡੇ ਸਿਰ ਦੀ ਖੋਪੜੀ ਦੇ ਹੇਠਾਂ ਜਿਸਨੂੰ ਅਸੀਂ ਇਕ ਲਫਜ਼ ਯਾਨੀ ਬਰੇਨ ਕਹਿੰਦੇ ਹਾਂ ਉਹ ਅਸਲ ਵਿੱਚ ਬਰੇਨ ਇਕ ਹੀ ਚੀਜ਼ ਨਹੀਂ ਹੈ। ਸਾਡੀ ਖੋਪੜੀ ਗੀ ਚਾਰ-ਦਿਵਾਰੀ ਦੇ ਅੰਦਰ ਇਕ ਪੂਰਾ ਪਿੰਡ ਵਸਿਆ ਹੋਇਆ ਹੈ। ਜਿਵੇਂ ਪਿੰਡ ਵਿੱਚ ਵੱਖ ਵੱਖ ਘਰ ਹੁੰਦੇ ਹਨ ਤੇ ਉਹਨਾਂ ਦੀ ਆਪਣੀ ਆਪਣੀ ਚਾਰ-ਦਿਵਾਰੀ ਹੁੰਦੀ ਹੈ ਠੀਕ ਇਸੇ ਤਰ੍ਹਾਂ ਖੋਪੜੀ ਦੇ ਅੰਦਰ ਵੱਖ ਵੱਖ ਅੰਗਾਂ ਦੀ ਆਪਣੀ ਆਪਣੀ ਚਾਰ-ਦਿਵਾਰੀ ਹੈ। ਇਹਨਾਂ ਅੰਗਾਂ ਦੀ ਚਾਰ ਦਿਵਾਰੀ ਨੂੰ ਮਨਿਜਜ ਕਹਿੰਦੇ ਹਨ। ਮਨਿਜਜ ਇਕ ਤਰ੍ਹਾਂ ਦਾ ਦੂਹਰੇ ਪਰਦੇ ਵਾਲਾ ਗ਼ਿਲਾਫ਼ ਹੈ ਜੋ ਵੱਖ ਵੱਖ ਅੰਗਾਂ ਨੂੰ ਆਪਣੇ ਵਿੱਚ ਲਿਪੇਟਦਾ ਹੈ। ਇਸ ਗੁਲਾਬ ਦੀਆਂ ਦੋਹਾਂ ਤਹਿਆਂ ਦੇ ਵਿਚਕਾਰ ਇਕ ਅੰਗ ਵੀ ਹੁੰਦਾ ਹੈ ਤੇ ਕੁਝ ਤਰਲ ਪਦਾਰਥ ਵੀ ਹੁੰਦਾ ਹੈ ਜਿਸਨੂੰ ਸੀ ਐਸ ਐਫ ਯਾਨੀ ਸੈਰੇਬਰੋਸਪਾਈਨਲ ਫਲਿਊਡ ਯਾਨੀ ਬਰੇਨ ਦੇ ਅੰਗਾਂ ਅਤੇ ਰੀੜ ਦੀ ਹੱਡੀ ਯਾਨੀ ਸਪਾਈਨ ਯਾਨੀ ਵਰਟੇਬਰਾਲ ਕੋਲਮ ਦੇ ਅੰਦਰ ਅੰਦਰ ਇਹ ਤਰਲ ਪਦਾਰਥ ਘੁੰਮਦਾ ਰਹਿੰਦਾ ਹੈ। ਤਾਂਕਿ ਸਿਰ ਦੀ ਖੋਪੜੀ ਦੇ ਅੰਦਰ ਦੇ ਅੰਗਾਂ ਅਤੇ ਰੀੜ ਦੀ ਹੱਡੀ ਦੇ ਅੰਦਰਲੇ ਅੰਦਰਲੇ ਗੋਲ ਸੁਰਾਖ ਵਿੱਚੋਂ ਲੰਘਦੀਆਂ ਨਸ਼ਾ ਨੂੰ ਹਿੱਲਣ ਜੁਲਣ ਤੇ ਕੰਮ ਕਰਨ ਵਿੱਚ ਅਸਾਨੀ ਰਹੇ।

ਇਸ ਮਨਿਜਜ ਨਾ ਦੇ ਗ਼ਿਲਾਫ਼ ਜਾ ਚਾਰ-ਦਿਵਾਰੀ ਵਿਚ ਲਪੇਟੇ ਅੰਗਾਂ ਦਾ ਵੇਰਵਾ ਇੰਜ ਹੈ। ਮਨਿਜਿਜ ਗੇ ਅੰਦਰ ਸਭ ਤੋਂ ਵੱਡਾ ਹਿੱਸਾ ਖੋਪੜੀ ਦਾ ਸੈਰੇਬਰਮ ਨਾ ਦੇ ਅੰਗ ਨਾਲ ਭਰਿਆ ਹੁੰਦਾ ਹੈ।

ਸੇਰੇਬਰਮ ਇਕ ਤਰ੍ਹਾਂ ਨਾਲ ਦੋ ਹਿੱਸਿਆਂ ਵਿੱਚ ਵੰਡਿਆ ਹੁੰਦਾ ਹੈ ਤੇ ਇਸਨੂੰ ਸੱਜੇ ਅਤੇ ਖੱਬੇ ਹਿੱਸਿਆਂ ਵਿੱਚ ਵੰਡਣ ਵਾਲੀ ਲਕੀਰ ਜਾਂ ਖਾਲੀ ਨੂੰ ਲੌਂਗੀਚੂਡੀਨਲ ਖਾਲੀ ਕਹਿੰਦੇ ਹਨ। ਖਾਲ ਜਾ ਖਾਲੀ ਇਕ ਸਧਾਰਨ ਪੰਜਾਬੀ ਕਿਰਸਾਨੀ ਨਾਲ ਜੁੜਿਆ ਲ.ਫਜ਼ ਮੈ ਵਰਤਿਆ ਹੈ। ਖਾਲ ਜਾਂ ਖਾਲੀ ਜਿਸ ਵਿੱਚ ਪਾਣੀ ਚੱਲਦਾ ਹੈ ਤੇ ਜਿਹੜੀ ਦੋ ਖੇਤਾਂ ਨੂੰ ਵੰਡਦੀ ਵਿਚਕਾਰੋ ਲੰਘਦੀ ਹੈ। ਇਸੇ ਤਰ੍ਹਾਂ ਲੈਗੀਚੂਡੀਨਲ ਫਿਕਰ ਨਾ ਦੀ ਖਾਲੀ ਸੈਰੇਬਰਮ ਨੂੰ ਮੱਥੇ ਤੋਂ ਚਲ ਕੇ ਖੁੱਤੀ ਤੱਕ ਦੋ ਹਿੱਸਿਆਂ ਵਿੱਚ ਵੰਡਦੀ ਹੈ।

ਸੈਰੇਬਰਮ ਅੰਦਰ ਤੋਂ ਇੰਜ ਹੈ ਜਿਵੇਂ ਕਿਸੇ ਸੁਆਣੀ ਨੇ ਸੇਵੀਆ ਬਣਾ ਕੇ ਕਿਸੇ ਥਾਲੀ ਵਿੱਚ ਰੱਖੀਆਂ ਹੋਣ। ਹਰ ਸੇਵੀ ਦੂਜੀ ਸੇਵੀ ਨਾਲੋਂ ਸਪਸ਼ਟ ਤੌਰ 'ਤੇ ਵੱਖ ਵੱਖ ਦਿਖਾਈ ਦਿੰਦੀਆਂ ਹਨ। ਸੇਵੀਆਂ ਵਰਗੀਆਂ ਵੱਟਾਂ ਨੂੰ ਜੈਰਿਸ ਤੇ ਜੋ ਸੇਵੀਆ ਦੇ ਵਿਚਕਾਰਲੀ ਥਾਂ ਬਚਦੀ ਹੈ ਉਸ ਗੈਪ ਨੂੰ ਖਾਲੀ ਥਾਂ ਨੂੰ ਸਲਕਸ ਕਹਿੰਦੇ ਹਨ।

ਸੱਜੇ ਦੇ ਖੱਬੇ ਦੇ ਦੋ ਹਿੱਸਿਆਂ ਨੂੰ ਸੱਜਾ ਤੇ ਖੱਬਾ ਹੈਮੀਸਫੇਅਰ ਕਹਿੰਦੇ ਹਨ। ਹਰੇਕ ਹੈਮੀ ਸਫੇਅਰ ਯਾਨੀ ਹਰੇਕ ਅੱਧੇ ਟੁਕੜੇ ਵਿੱਚ ਵੱਖ ਵੱਖ ਜੈਰਿਸ ਤੇ ਸੈਲਸਾਈ ਹਨ। ਮੱਥੇ ਵਾਲੇ ਯਾਨੀ ਸਾਹਮਣੇ ਪਾਸੇ ਦੇ ਸੱਜੇ ਤੇ ਖੱਬੇ ਹਿੱਸਿਆਂ ਨੂੰ ਸੱਜਾ ਤੇ ਖੱਬਾ ਫਰੰਟਲ ਲੋਭ ਯਾਨੀ ਹਿੱਸਾ ਕਹਿੰਦੇ ਹਨ। ਇਹਨਾਂ ਵਿੱਚ ਜੈਰਿਸ ਤੇ ਸੈਲਸਾਈ ਯਾਨੀ ਸੇਵੀਆ ਵਰਗੀਆਂ ਵੱਟਾਂ ਤੇ ਉਹਨਾਂ ਵਿਚਕਾਰਲੇ ਗੈਪ ਯਾਨੀ ਖਾਲੀ ਥਾਵਾਂ ਨੂੰ ਸੁਪੀਰੀਅਰ ਫਰੰਟਲ ਉਸਤੋਂ ਪਿਛੇ ਮਿਡਲ ਫਰੰਟਲ ਫਿਰ ਪਰੀ ਸੈਂਟਰਲ ਫਿਰ ਸੈਂਟਰਲ ਜੈਰਿਸ ਤੇ ਸੈਲਸਾਈ ਕਹਿੰਦੇ ਹਨ। ਸੱਜਾ ਤੇ ਖੱਬਾ ਹਰੇਕ ਦੇ ਨਾ ਨਾਲ ਜੋੜਿਆ ਜਾਂਦਾ ਹੈ। ਅੱਧ ਤੋਂ ਬਾਅਦ ਇਹਨਾਂ ਜੈਰਿਸ ਤੇ ਸੈਲਸਾਈ ਦੇ ਨਾ ਨਾਲ ਪੋਸਟ ਸੈਂਟਰਲ ਯਾਨੀ ਸੈਂਟਰ ਤੋਂ ਬਾਅਦ ਦਾ ਜੈਰਿਸ ਤੇ ਸੈਲਸਾਈ ਲਗਾਇਆ ਜਾਂਦਾ ਹੈ ਜਾਂ ਇਹਨਾਂ ਨੂੰ ਇੰਜ ਲਿਖਿਆ ਜਾਂਦਾ ਹੈ।

ਔਕਸੀਪੀਟਲ ਯਾਨੀ ਸਾਟਰ ਤੋਂ ਪਿਛੇ ਨਾਲ ਖੂੱਤੀ ਤੱਕ ਦੇ ਹਿੱਸਿਆਂ ਨੂੰ ਯਾਨੀ ਪੈਰਾਈਟਲ ਲੂਨੇਟ ਤੇ ਔਕਸੀਪੀਟਲ ਜੈਰਿਸ ਤੇ ਸੈਲਸਾਈ ਕਿਹਾ ਜਾਂਦਾ ਹੈ।

**ਸੈਰੇਬਰਮ ਦਾ ਕੰਮ** : ਸਰੈਬਰਮ ਸਰੀਰ ਦੇ ਅੱਧ ਕੋ ਵੱਧ ਨਿਉਰੋ ਦਾ ਸੰਚਾਲਨ ਕਰਦਾ ਹੈ ਤੇ ਸਰੀਰ ਦੇ ਤਾਪਮਾਨ ਨੂੰ ਕੰਟਰੋਲ ਕਰਨ ਦੇ ਨਾਲ ਨਾਲ ਨਰਵਸ ਫੰਕਸ਼ਨ ਜਿਵੇਂ ਬੋਲਣਾ ਸੁਣਨਾ ਸੋਚਣਾ ਸਵਾਲ ਕਰਨਾ ਤੇ ਸਾਡੀਆਂ ਭਾਵਨਾਵਾਂ ਨੂੰ ਕੰਟਰੋਲ ਕਰਨ ਦਾ ਕੰਮ ਇਸੇ ਦੇ ਹੀ ਜੁੰਮੇ ਹੈ। ਜੋ ਸਪਸ਼ਟ ਕਰਦਾ ਹੈ ਕਿ ਸਾਡਾ ਚੱਲਣਾ ਇਸ ਬਿਨਾ ਮੁਸ਼ਕਲ ਹੈ ਜਾਂ ਇਸ ਵਿਚ ਕੋਈ ਖ਼ਰਾਬੀ ਆਉਂਦੀ ਹੈ ਤਾਂ ਇਹਦੀਆਂ ਜ਼ੁੰਮੇਵਾਰੀਆਂ ਵਾਲੇ ਸਾਰੇ ਕੰਮ ਪ੍ਰਭਾਵਤ ਹੁੰਦੇ ਹਨ। ਜਿਸਨੂੰ ਡਿਟੇਲ ਵਿੱਚ ਨਰਵਜ ਦੀ ਕਿਰਿਆ ਵਾਲੇ ਲੈਕਚਰ ਵਿੱਚ ਦੱਸਿਆ ਜਾਵੇਗਾ।

**ਬਰੇਨ ਦੇ ਵੈਂਟਰੀਕਲਜ** : ਇਹ ਇਕ ਤਰ੍ਹਾਂ ਸੈਰੇਬਰਮ ਵਿੱਚ ਰਹਿ ਗਈਆਂ ਖਾਲੀ ਥਾਵਾਂ ਹਨ ਜਿਹਨਾਂ ਦਾ ਸੰਬੰਧ ਸੈਂਟਰਲ ਹੈ ਭਾਵ ਰੀੜ ਦੀ ਹੱਡੀ ਤੇ ਬਰੇਨ ਵਿੱਚ ਘੁੰਮਦਾ ਤਰਲ ਜਿਸਨੂੰ ਸੈਰੇਬਰੋਸਪਾਈਨਲ ਫਲਿਊਡ ਕਹਿੰਦੇ ਹਨ ਉਹ ਇਹਨਾਂ ਰਾਹੀਂ ਹੀ ਬਰੇਨ ਵਿੱਚ ਘੁੰਮਦਾ ਰਹਿੰਦਾ ਹੈ।

ਵੈਂਟਰੀਕਲ ਬਰੇਨ ਵਿੱਚ ਚਾਰ ਹਨ ਜੋ ਸੈਰੇਬਰਮ ਦੇ ਹੇਠਾਂ ਵੀ ਤੇ ਵਿਚਕਾਰ ਵਾਲੀ ਥਾਂ ਵਿੱਚ ਹਨ। ਦੋ ਵੈਂਟਰੀਕਲ ਹਰੇਕ ਸੈਰੇਬਰਮ ਦੇ ਅਸੱਜੇ ਤੇ ਖੱਬੇ ਅੱਧ ਵਿੱਚ ਯਾਨੀ ਸੱਜੇ ਤੇ ਖੱਬੇ ਪਾਸੇ ਦੇ ਹੈਮੀਸਫੇਅਰ ਦੇ ਵਿੱਚ ਹੇਠਲੇ ਪਾਸੇ ਹਨ। ਤੀਜਾ ਵੈਟਰੀਕਲ ਇਹਨਾਂ ਦੋਹਾਂ ਦੇ ਪਿਛਲੇ ਪਾਸੇ ਹੈ। ਅਗਰ ਇਹਨਾਂ ਤਿੰਨਾਂ ਨੂੰ ਮਿਲੇ ਹੋਏ ਸਕੈਚ ਵਿੱਚ ਵੇਖੀਏ ਤਾਂ ਇਕ ਪਾਣੀ ਨਾਲ ਭਰੀ ਹੋਈ ਤਿਕੋਨ ਦੀ ਸ਼ਕਲ ਸਾਡੇ ਸਾਹਮਣੇ ਬਣਦੀ ਹੈ। ਚੌਥਾ ਵੈਂਟਰੀਕਲ ਇਹਨਾਂ ਤਿੰਨਾਂ ਵੈਟਰੀਕਲ ਦੇ ਪਿਛਲੇ ਪਾਸੇ ਯਾਨੀ ਸੈਰੇਬਰਮ ਦੇ ਪਿਛਲੇ ਤੇ ਹੇਠਲੇ ਪਾਸੇ ਪੌਨਸ ਤੇ ਮੈਡੂਲਾਓਬਲੌਂਗਟਾ ਜੋ ਦੋਵੇ ਬਰੇਨ ਦਾ ਹੀ ਭਾਗ ਹਨ ਉਹਨਾਂ ਦੇ ਵਿੱਚ ਆਉਂਦਾ ਹੈ। ਇਸ ਹਿੱਸੇ ਨੂੰ ਹਿੰਡਬਰੇਨ ਜਾ ਬਰੇਨ ਦਾ ਪਿਛਲਾ ਖੁੱਤੀ ਵਾਲਾ ਪਾਸਾ ਵੀ ਕਹਿੰਦੇ ਹਨ।

ਵੈਂਟਰੀਕਲ ਦਾ ਅਸਲ ਕੰਮ ਬਰੇਨ ਦੇ ਹਿੱਸਿਆਂ ਨੂੰ ਤਰੋ ਤੀਜਾ ਰੱਖਣਾ ਤੇ ਤਰਲ ਰਾਹੀਂ ਰੀੜ ਦੀ ਹੱਡੀ ਨਾਲ ਸੰਬੰਧ ਸਥਾਪਤ ਕਰੀ ਰੱਖਣਾ ਹੈ। ਬਰੇਨ ਦੇ ਵੱਖ ਹਿੱਸਿਆਂ ਦਾ ਆਪਸ ਵਿੱਚ ਸੰਬੰਧ ਸਥਾਪਤ ਕਰੀ ਰੱਖਣਾ।

**ਸੈਰੇਬੇਲਮ** : ਸੈਰੇਬਰਮ ਦੇ ਹੇਠਲੇ ਪਾਸੇ ਉਸ ਤੋ ਛੋਟਾ ਹਿੱਸਾ ਸੈਰੀਬੇਲਮ ਹੁੰਦਾ ਹੈ। ਇਹ ਸਿਰ ਦੇ ਖੁੱਤੀ ਵਾਲੇ ਪਾਸੇ ਸੈਰੇਬਰਮ ਤੇ ਬਰੇਨ ਸਟੈਮ ਦੇ ਵਿਚਕਾਰ ਹੁੰਦਾ ਹੈ।

ਸਰੀਰ ਦਾ ਕੰਟਰੋਲ ਖਾਸਕਰ ਤੁਰਨ ਸਮੇਂ ਖੜੇ ਹੋਣ ਸਮੇਂ ਸਾਵਾ ਪਧੱਰਾ ਤੁਰਨ ਲਈ ਬੈਲੰਸ ਬਣਾਉਣ ਦਾ ਕੰਮ ਤਾ ਕਰਦਾ ਹੀ ਹੈ ਬਲਕਿ ਹਰ ਤਰਾ ਦੀ ਸਰੀਰਕ ਹਿਲ-ਜੁਲ ਵਿੱਚ ਸਾਵਾ ਪੱਧਰਾ ਬੈਲੈਸ ਬਣਾਈ ਰੱਖਣ ਲਈ ਇਹਦਾ ਹੀ ਯੋਗਗਾਨ ਹੁੰਦਾ ਹੈ।

(ਚੱਲਦਾ)




CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਰਜਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals


ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

# ਜੇਕਰ ਕਾਂਗਰਸ ਇਜਾਜ਼ਤ ਦੇਵੇ ਤਾਂ ਤੁਰੰਤ ਕਰ ਦਿੱਤਾ ਜਾਵੇਗਾ ਯੂ ਐਸ-ਮੈਕਸੀਕੋ ਬਾਰਡਰ ਬੰਦ : ਜੋ ਬਾਈਡਨ ਵੱਲੋਂ ਐਲਾਨ



ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਰਾਸ਼ਟਰਪਤੀ ਜੋ ਬਾਈਡਨ ਨੇ ਜਾਰੀ ਇਕ ਬਿਆਨ ਵਿਚ ਐਲਾਨ ਕੀਤਾ ਹੈ ਕਿ ਜੇਕਰ ਕਾਂਗਰਸ ਤਜਵੀਜ਼ ਨੂੰ ਪ੍ਰਵਾਨਗੀ ਦੇਵੇ ਤਾਂ ਯੂ ਐਸ-ਮੈਕਸੀਕੋ ਬਾਰਡਰ ਬੰਦ ਕਰਨ ਲਈ ਤੁਰੰਤ ਕਾਰਵਾਈ ਕੀਤੀ ਜਾਵੇਗੀ। ਰਾਸ਼ਟਰਪਤੀ ਨੇ ਕਿਹਾ ਕਿ ਸੈਨੇਟ ਵਿਚ ਬਾਰਡਰ ਸੁਰੱਖਿਆ ਸਬੰਧੀ ਉਚਿੱਤ ਸੁਧਾਰਾਂ ਬਾਰੇ ਵਿਚਾਰ ਵਟਾਂਦਰਾ ਹੋਣਾ ਚਾਹੀਦਾ ਹੈ ਤੇ ਜੇਕਰ ਸੰਸਦ ਮੈਂਬਰ ਬਾਰਡਰ ਸੰਕਟ ਪ੍ਰਤੀ ਗੰਭੀਰ ਹਨ ਤਾਂ ਉਹ ਬਿਨਾਂ ਕਿਸੇ ਪਾਰਟੀਬਾਜੀ ਦੇ ਇਕ ਬਿੱਲ ਉਪਰ ਮੋਹਰ ਲਾ ਦੇਣ ਜੋ ਬਿੱਲ ਉਨਾਂ ਨੂੰ ਬਾਰਡਰ ਬੰਦ ਕਰਨ ਦਾ ਅਧਿਕਾਰ ਦਿੰਦਾ ਹੋਵੇ। ਉਨਾਂ ਕਿਹਾ ਕਿ ਜਿਸ ਦਿਨ ਕਾਂਗਰਸ ਮੈਨੂੰ ਇਹ ਅਧਿਕਾਰ ਦੇ ਦੇਵੇਗੀ ਮੈ ਉਸ ਦਿਨ ਹੀ ਬਿੱਲ ਉਪਰ ਦਸਤਖਤ ਕਰ ਦੇਵਾਂਗਾ ਤੇ ਯੂ ਐਸ ਮੈਕਸੀਕੋ ਬਾਰਡਰ ਬੰਦ ਕਰਨ ਲਈ ਕਾਰਵਾਈ ਸ਼ੁਰੂ ਹੋ ਜਾਵੇਗੀ। ਦੂਸਰੇ ਪਾਸੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਜੋ 2024 ਦੀਆਂ ਚੋਣਾਂ ਵਿਚ ਰਿਪਬਲੀਕਨ ਪਾਰਟੀ ਦੇ ਸੰਭਾਵੀ ਉਮੀਦਵਾਰ ਹਨ, ਨੇ ਬਾਰਡਰ ਸਬੰਧੀ ਤਜਵੀਜ਼ ਦਾ ਆਪਣੇ ਸੋਸ਼ਲ ਮੀਡੀਆ ਵੈਬਸਾਈਟ ਟਰੁੱਥ ਉਪਰ ਪਾਈ ਇਕ ਪੋਸਟ ਵਿਚ ਜਬਰਦਸਤ ਵਿਰੋਧ ਕੀਤਾ ਹੈ। ਉਨਾਂ ਕਿਹਾ ਹੈ ''ਘਟੀਆ ਬਾਰਡਰ ਸਮਝੌਤਾ ਬਾਰਡਰ ਸਮਝੌਤਾ ਨਾ ਹੋਣ ਨਾਲੋਂ ਜਿਆਦਾ ਖਤਰਨਾਕ ਹੈ।'' ਪ੍ਰਵਾਸੀਆਂ ਦੀ ਰਿਕਾਰਡ ਆਮਦ ਦਰਮਿਆਨ ਪਿਛਲੇ ਹਫਤੇ ਬਾਈਡਨ ਨੇ ਕਿਹਾ ਸੀ ਕਿ ਬਾਰਡਰ ਸੁਰੱਖਿਅਤ ਨਹੀਂ ਹਨ। ਉਨ੍ਹਾਂ ਨੇ ਸਮੱਸਿਆ ਦੇ ਹੱਲ ਲਈ ਸ਼ਰਨ ਪ੍ਰਣਾਲੀ ਸਬੰਧੀ ਅਹਿਮ ਨੀਤੀਗੱਤ ਤਬਦੀਲੀਆਂ ਦਾ ਸੱਦਾ ਦਿੱਤਾ ਸੀ। ਰਾਜਸੀ ਵਿਸ਼ਲੇਸ਼ਣਕਾਰਾਂ ਦਾ ਮੰਨਣਾ ਹੈ ਕਿ ਟਰੰਪ ਦੇ ਵਿਰੋਧ ਕਾਰਨ ਬਾਈਡਨ ਦੀ ਯੂ ਐਸ-ਮੈਕਸੀਕੋ ਸਰਹੱਦ ਤਜਵੀਜ਼ ਸਿਰੇ ਲੱਗਣ ਦੀ ਕੋਈ ਸੰਭਾਵਨਾ ਨਹੀਂ ਹੈ। ਸੈਨੇਟ ਘੱਟ ਗਿਣਤੀ ਲੀਡਰ ਮਿਚ ਮੈਕੋਨਲ ਨੇ ਹੋਰ ਰਿਪਬਲੀਕਨ ਸੈਨਟ ਮੈਂਬਰਾਂ ਨਾਲ ਨਿੱਜੀ ਗੱਲਬਾਤ ਦੌਰਾਨ ਕਿਹਾ ਹੈ ਕਿ ਸਾਬਕਾ ਰਾਸ਼ਟਰਪਤੀ ਟਰੰਪ ਦੇ ਵਿਰੋਧ ਕਾਰਨ ਰਿਪਬਲੀਕਨ ਪਾਰਟੀ ਜੱਕੋਤੱਕੀ ਦੀ ਹਾਲਤ ਵਿਚ ਹੈ। ਬਹੁਤ ਸਾਰੇ ਪਾਰਟੀ ਮੈਂਬਰਾਂ ਦਾ ਮੰਨਣਾ ਹੈ ਕਿ ਬਾਰਡਰ ਸਮਝੌਤਾ ਨਾ ਹੋਣ ਦੀ ਹਾਲਤ ਵਿਚ ਬਾਈਡਨ ਦੱਖਣੀ ਬਾਰਡਰ ਰਾਹੀਂ ਪ੍ਰਵਾਸੀਆਂ ਦੀ ਆਮਦ ਰੋਕਣ ਨੂੰ ਲੈ ਕੇ ਜਿੱਤ ਦਾ ਦਾਅਵਾ ਨਹੀਂ ਕਰ ਸਕਣਗੇ।

# ਸ਼ਾਨਦਾਰ ਹੋਵੇਗੀ ਪੈਰਿਸ ਉਲੰਪਿਕ ਦੀ ਓਪਨਿੰਗ ਸੈਰੇਮਨੀ



ਪੈਰਿਸ : ਪੈਰਿਸ ਉਲੰਪਿਕ ਦੀ ਓਪਨਿੰਗ ਸੈਰੇਮਨੀ ਸ਼ਾਨਦਾਰ ਹੋਵੇਗੀ। ਸੀਨ ਦੇ ਚਮਕਦੇ ਪਾਣੀ ਦੇ ਉਪਰ ਤੈਰਦੇ ਹੋਈਆਂ ਕਿਸ਼ਤੀਆਂ 10 ਹਜ਼ਾਰ ਖਿਡਾਰੀਆਂ ਆਈਫਲ ਟਾਵਰ ਦੀ ਸੈਰ ਕਰਵਾਏਗੀ, ਇਸ ਨਜ਼ਾਰੇ ਨੂੰ 5 ਲੱਖ ਦਰਸ਼ਕ ਚਾਰ ਮੀਲ ਲੰਬੇ ਰੂਟ 'ਚ ਉਤਸ਼ਾਹਿਤ ਕਰਦੇ ਹੋਏ ਸ਼ਤਾਬਦੀ ਦੇ ਇਸ ਮਹੱਤਵਪੂਰਨ ਪਲ ਦਾ ਆਨੰਦ ਲੈਂਦੇ ਨਜ਼ਰ ਆਉਣਗੇ। ਸਾਡੀਆਂ ਸ਼ੁਭਕਾਮਨਾਵਾਂ ਉਨ੍ਹਾਂ ਇਕ ਲੱਖ ਦਰਸ਼ਕਾਂ ਨੂੰ ਹਨ ਜੋ ਟਿਕਟਾਂ ਲੈ ਕੇ ਸਭ ਤੋਂ ਅੱਗੇ ਵਾਲੀ ਲਾਈਨ ਅਤੇ ਵਿਚਕਾਰ ਬੈਠ ਕੇ ਇਨ੍ਹਾਂ ਸ਼ਾਨਦਾਰ ਪਲਾਂ ਦਾ ਆਨੰਦ ਲੈਣਗੇ। ਜ਼ਿਆਦਾਤਰ ਟਿਕਟਾਂ ਵਿਕ ਚੁੱਕੀਆਂ ਹਨ ਅਤੇ ਬਹੁਤ ਥੋੜ੍ਹੀਆਂ ਟਿਕਟਾਂ ਬਾਕੀ ਹਨ, ਇਥੇ ਹੈਰਾਨੀਜਨਕ ਗੱਲ ਦੇਖਣਯੋਗ ਹੈ ਕਿ ਇਕ ਟਿਕਟ ਦੀ ਕੀਮਤ ਲਗਭਗ 2700 ਯੂਰੋ ਜਾਂ 2930 ਡਾਲਰ ਦੱਸੀ ਜਾ ਰਹੀ ਹੈ। ਉਲੰਪਿਕ ਦੇ ਪ੍ਰਸਿੱਧੀ ਇਵੈਂਟ ਜਿਵੇਂ ਕਿ 10 ਮੀਟਰ ਪੁਰਸ਼ਾਂ ਦੀ ਪਲੇਟਫਾਰਮ ਡਾਈਵਿੰਗ ਨੂੰ ਦੇਖਣ ਲਈ ਸਪੈਸ਼ਲ ਹਾਸਪਿਟੈਲਿਟੀ ਪੈਕੇਜ ਸ਼ੁਰੂ ਕੀਤੇ ਗਏ ਹਨ ਜਿਨ੍ਹਾਂ ਦੀ ਕੀਮਤ 875 ਯੂਰੋ ਤੋਂ ਸ਼ੁਰੂ ਹੋ ਰਹੀ ਹੈ। ਮਹਿਲਾਵਾਂ ਦਾ ਆਰਟਿਸਟਿਕ ਜਿਮਨੈਸਟਿਕ ਫਾਈਨਲ ਜੋ ਕਿ ਪ੍ਰਸਿੱਧੀ ਇਵੈਂਟ ਹੈ ਉਨ੍ਹਾਂ ਦੇ ਪੈਕੇਜ 1799 ਯੂਰੋ ਤੋਂ ਸ਼ੁਰੂ ਹੋ ਰਹੇ ਹਨ।

ਪੈਰਿਸ ਉਲੰਪਿਕ ਦੇ ਆਰਗੇਨਾਈਜ਼ਰ ਨੇ ਟੀਚਾ ਮਿੱਥਿਆ ਹੋਇਆ ਹੈ ਜਿਸ ਨੂੰ ਉਨ੍ਹਾਂ ਵਲੋਂ 'ਦਿ ਪੀਪੁਲਸ ਗੇਮਜ਼' ਦਾ ਨਾਂ ਦਿੱਤਾ ਗਿਆ ਹੈ ਤੇ ਉਨ੍ਹਾਂ ਵਲੋਂ ਕੀਤਾ ਗਿਆ ਹੈ ਕਿ ਇਸ ਨੂੰ ਦੁਨੀਆ ਦਾ ਸਭ ਤੋਂ ਅਈਕਾਨਿਕ ਖੇਡ ਇਵੈਂਟ ਬਣਾਇਆ ਜਾਵੇਗਾ ਜੋ ਲੋਕਾਂ ਦੀ ਪਹੁੰਚ ਦੇ ਵਿੱਚ ਲਿਆਂਦਾ ਜਾਵੇਗਾ ਤਾਂ ਜੋ ਵਧ ਤੋਂ ਵਧ ਦਰਸ਼ਕ ਇਸ ਦਾ ਲਾਈਵ ਆਨੰਦ ਮਾਣ ਸਕਣ ਪਰ ਪੈਸੇ ਖਰਚਣ ਲਈ ਤਿਆਰ ਰਹਿਣਾ ਹੋਵੇਗਾ।

ਸੱਤ ਮਹੀਨੇ ਪਹਿਲਾਂ ਉਲੰਪਿਕ ਦਿ ਟਾਰਚ ਨੇ ਲਾਈਟਾਂ ਦੇ ਸ਼ਹਿਰ ਦੇ ਵਿੱਚ ਆਪਣਾ ਚਾਨਣ ਬਿਖੇਰਿਆ ਹੈ। ਦੁਨੀਆ ਦੇ ਸਭ ਤੋਂ 'ਇਨ-ਡਿਮਾਂਡ' ਖੇਡ ਪ੍ਰਤੀਯੋਗਿਤਾ ਦਾ ਆਨੰਦ ਲੈਣ ਦੀ ਕੀਮਤ ਵਧ ਗਈ ਹੈ, ਇਥੇ ਦੇਖਣਯੋਗ ਹੈ ਕਿ ਕਮਰੇ ਦੀ ਕੀਮਤ ਅਤੇ ਟਰਾਂਸਪੋਰਟੇਸ਼ਨ ਦਾ ਖਰਚ ?' ਵੀ ਉਲੰਪਿਕ ਪਰਪੋਰਸ਼ਨਸ ਦੇ ਵਿੱਚ ਵਧ ਚੁੱਕਾ ਹੈ। ਕਈ ਹੋਟਲ ਅਤੇ ਰੈਂਟੇਲ ਅਪਾਰਟਮੈਂਟ ਨੇ ਆਪਣਾ ਕਿਰਾਇਆ ਆਮ ਗਰਮੀਆਂ ਦੇ ਮੌਸਮ 'ਚ ਦੁੱਗਣਾ ਜਾਂ ਤਿੰਨ ਗੁਣਾ ਕਰ ਦਿੱਤਾ ਹੈ। ਪਹਿਲਾਂ 300 ਯੂਰੋ ਇਕ ਰਾਤ ਦਾ ਕਿਰਾਇਆ ਦੇਖਣ 'ਚ ਆਇਆ ਸੀ ਜੋ ਕਿ ਇਕ ਹਜ਼ਾਰ ਯੂਰੋ ਤੱਕ ਵਧ ਚੁੱਕਾ ਹੈ। ਹਵਾਈ ਯਾਤਰਾ ਦਾ ਕਿਰਾਇਆ ਵਧ ਰਿਹਾ ਹੈ। ਪੈਰਿਸ ਦੀ ਮੈਟਰੋ ਟਿਕਟ ਦਾ ਕਿਰਾਇਆ ਕੱਚੇ ਤੌਰ 'ਤੇ ਦੁੱਗਣਾ ਹੋ ਗਿਆ ਹੈ। ਲੂਵ ਮਿਊਜ਼ੀਅਮ ਤੇ ਪੈਲੇਸ ਆਫ ਵਰਸੇਲਜ਼ ਦੀ ਦਾਖ਼ਲਾ ਫੀਸ ਵੀ ਵਧ ਚੁੱਕੀ ਹੈ। ਹਾਲੇ ਵੀ ਜਾਣਾ ਚਾਹੁੰਦੇ ਹੋ ਤਾਂ ਘਬਰਾਓ ਨਾ ਇਹ ਖੇਡਾਂ ਜੋ ਕਿ ਜੁਲਾਈ 26 ਤੋਂ 11 ਅਗਸਤ ਤੱਕ ਚੱਲਣਗੀਆਂ ਇਨ੍ਹਾਂ ਦਾ ਆਨੰਦ ਲੈਣ ਲਈ ਕਈ ਡੀਲਜ਼ ਆਨਲਾਈਨ ਮੌਜੂਦ ਹਨ। ਜਿਸ 'ਚ ਤੁਸੀਂ ਸਾਕਰ ਅਤੇ ਬਾਸਕਟਬਾਲ ਦਾ ਖੇਡ ਲਾਈਵ ਦੇਖ ਸਕਦੇ ਹੋ। ਪੈਰਾਲੰਪਿਕਸ ਜੋ ਕਿ 28 ਅਗਸਤ ਤੋਂ ਸਤੰਬਰ 8 ਤੱਕ ਚੱਲਣਗੀਆਂ ਉਨ੍ਹਾਂ ਲਈ ਵੀ ਸਪਾਟ ਮੌਜੂਦ ਹਨ ਅਤੇ ਜਿਵੇਂ-ਜਿਵੇਂ ਖੇਡਾਂ ਨੇੜੇ ਆ ਰਹੀਆਂ ਹਨ ਕੀਮਤਾਂ ਦੇ ਵਿੱਚ ਗਿਰਾਵਟ ਦੇਖਣ ਦੀ ਉਮੀਦ ਕੀਤੀ ਜਾ ਸਕਦੀ ਹੈ।

# ਅਮਰੀਕਾ ਦੇ ਓਹੀਓ ਰਾਜ ਵਿਚ ਡੀਜ਼ਲ ਨਾਲ ਭਰੇ ਟੈਂਕਰ ਨੂੰ ਪੇਸ਼ ਆਏ ਹਾਦਸੇ ਉਪਰੰਤ ਲੱਗੀ ਅੱਗ


## *ਡਰਾਈਵਰ ਦੀ ਮੌਕੇ ਉਪਰ ਹੀ ਮੌਤ*



ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਓਹੀਓ ਰਾਜ ਵਿਚ ਡੀਜ਼ਲ ਨਾਲ ਭਰੇ ਟੈਂਕਰ ਟਰੱਕ ਦੇ ਹਾਦਸਾਗ੍ਰਸਤ ਹੋ ਜਾਣ ਦੀ ਖਬਰ ਹੈ ਜਿਸ ਕਾਰਨ ਡਰਾਈਵਰ ਦੀ ਘਟਨਾ ਸਥਾਨ 'ਤੇ ਹੀ ਮੌਤ ਹੋ ਗਈ। ਸਮਿਟ ਕਾਊਂਟੀ ਸ਼ੈਰਿਫ ਦਫਤਰ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਟਰੱਕ ਮੇਸਡੋਨੀਆ ਵਿਚ ਸਟੇਟ ਰੂਟ 8 ਉਪਰ ਉੱਤਰ ਵਲ ਜਾ ਰਿਹਾ ਸੀ ਜਦੋਂ ਡਰਾਈਵਰ ਨੇ ਇੰਟਰ ਸਟੇਟ 271 ਉਪਰ ਆਉਣ ਦੀ ਕੋਸ਼ਿਸ਼ ਕੀਤੀ ਤਾਂ ਟਰੱਕ ਕੰਟਰੋਲ ਤੋਂ ਬਾਹਰ ਹੋ ਕੇ ਇਕ ਪੁਲ ਨਾਲ ਟਕਰਾ ਗਿਆ। ਉਪੰਰਤ ਟਰੱਕ ਨੂੰ ਅੱਗ ਲੱਗ ਗਈ। ਡਰਾਈਵਰ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਓਹੀਓ ਇਨਵਾਇਰਨਮੈਂਟਲ ਪ੍ਰੋਟੈਕਸ਼ਨ ਏਜੰਸੀ ਦੇ ਬੁਲਾਰੇ ਬਰੀਆਂਟ ਸਮਰਵਿਲੇ ਨੇ ਕਿਹਾ ਹੈ ਕਿ ਟਰੱਕ ਵਿਚ 7500 ਗੈਲਨ ਤੇਲ ਸੀ ਜੋ ਨਾਲ ਲੱਗਦੇ ਦਰਿਆ ਵਿਚ ਵਹਿ ਗਿਆ। ਮ੍ਰਿਤਕ ਡਰਾਈਵਰ ਦੇ ਨਾਂ ਦਾ ਪਤਾ ਨਹੀਂ ਲੱਗ ਸਕਿਆ।

# ਅਮਰੀਕਾ 'ਚ ਘਰੇਲੂ ਝਗੜਾ ਨਿਪਟਾਉਣ ਗਏ ਪੁਲਿਸ ਅਫਸਰਾਂ 'ਤੇ ਚਲਾਈ ਗੋਲੀ

## *ਗੋਲੀਬਾਰੀ ਵਿਚ ਇਕ ਮੌਤ ਤੇ 2 ਪੁਲਿਸ ਅਫਸਰ ਜ਼ਖਮੀ, ਹਮਲਾਵਰ ਵੀ ਮਾਰਿਆ ਗਿਆ*



ਫਲੋਰਿਡਾ ਦੇ ਪਾਲਮ ਬੀਚ ਵਿਚ ਗੋਲੀਬਾਰੀ ਉਪਰੰਤ ਮੌਕੇ 'ਤੇ ਪੁੱਜੀ ਪੁਲਿਸ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜਆ ਬੰਗਾ)- ਅਮਰੀਕਾ ਦੇ ਫਲੋਰਿਡਾ ਰਾਜ ਦੇ ਪਾਲਮ ਬੇਅ ਖੇਤਰ ਵਿਚ ਘਰੇਲੂ ਝਗੜੇ ਸਬੰਧੀ ਸੂਚਨਾ ਮਿਲਣ 'ਤੇ ਮੌਕੇ 'ਤੇ ਪੁੱਜੇ ਪੁਲਿਸ ਅਫਸਰਾਂ ਉਪਰ ਇਕ ਸ਼ੱਕੀ ਵਿਅਕਤੀ ਵੱਲੋਂ ਗੋਲੀ ਚਲਾ ਦੇਣ ਦੀ ਖਬਰ ਹੈ। ਪਾਲਮ ਬੀਚ ਪੁਲਿਸ ਮੁੱਖੀ ਮਾਰੀਆਨੋ ਔਗੇਲੋ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਪੁਲਿਸ ਅਫਸਰ ਮੌਕੇ 'ਤੇ ਪੁੱਜੇ ਤਾਂ ਉਨਾਂ ਦਾ ਸਾਹਮਣਾ ਇਕ 24 ਸਾਲਾ ਹਥਿਆਰਬੰਦ ਵਿਅਕਤੀ ਨਾਲ ਹੋਇਆ। ਪੁਲਿਸ ਅਫਸਰਾਂ ਤੇ ਵਿਅਕਤੀ ਵਿਚਾਲੇ ਦੁਪਾਸੜ ਗੋਲੀਬਾਰੀ ਹੋਈ। ਇਸ ਦੌਰਾਨ ਵਿਅਕਤੀ ਮੌਕੇ ਤੋਂ ਫਰਾਰ ਹੋ ਗਿਆ। ਉਨਾਂ ਕਿਹਾ ਕਿ ਪੁਲਿਸ ਨੇ ਪਿੱਛਾ ਕਰਕੇ ਹਮਲਾਵਰ ਨੂੰ ਘੇਰ ਲਿਆ ਜਿਸ ਦੌਰਾਨ ਹੋਈ ਗੋਲੀਬਾਰੀ ਵਿਚ ਹਮਲਾਵਰ ਦੀ ਮੌਤ ਹੋ ਗਈ। ਇਸ ਦੌਰਾਨ ਇਕ ਹੋਰ ਵਿਅਕਤੀ ਵੀ ਮਾਰਿਆ ਗਿਆ। ਸਮਝਿਆ ਜਾਂਦਾ ਹੈ ਕਿ ਉਸ ਦੀ ਮੌਤ ਸ਼ੱਕੀ ਵਿਅਕਤੀ ਵੱਲੋਂ ਚਲਾਈ ਗੋਲੀ ਨਾਲ ਹੋਈ ਹੈ। ਪੁਲਿਸ ਮੁੱਖੀ ਨੇ ਕਿਹਾ ਕਿ ਸਾਡੇ ਅਫਸਰਾਂ ਨੇ ਉਹ ਹੀ ਕੁਝ ਕੀਤਾ ਹੈ ਜਿਸ ਲਈ ਉਨ੍ਹਾਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ। ਉਨਾਂ ਨੇ ਲੋਕਾਂ ਲਈ ਖਤਰਾ ਬਣੇ ਵਿਅਕਤੀ ਵਿਰੁੱਧ ਕਾਰਵਾਈ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਵਿਚ ਜਖਮੀ ਹੋਏ ਪੁਲਿਸ ਅਫਸਰਾਂ ਦਾ ਸਥਾਨਕ ਹਸਪਤਾਲ ਵਿਚ ਇਲਾਜ ਕੀਤਾ ਜਾ ਰਿਹਾ ਹੈ। ਉਨਾਂ ਦੀ ਹਾਲਤ ਸਥਿੱਰ ਹੈ। ਘਟਨਾ ਦੀ ਜਾਂਚ ਫਲੋਰਿਡਾ ਡਿਪਾਰਟਮੈਂਟ ਆਫ ਲਾਅ ਇਨਫੋਰਸਮੈਂਟ ਵੱਲੋਂ ਕੀਤੀ ਜਾਵੇਗੀ। ਪੁਲਿਸ ਨੇ ਸ਼ੱਕੀ ਹਮਲਾਵਰ ਦਾ ਨਾਂ ਜਾਰੀ ਨਹੀਂ ਕੀਤਾ ਹੈ।

# ਅਮਰੀਕਾ 'ਚ ਉਤਰਨ ਸਮੇਂ ਜਹਾਜ਼ ਨਾਲ ਵਾਪਰਿਆ ਹਾਦਸਾ, 6 ਜ਼ਖਮੀ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਹਵਾਈ ਰਾਜ ਵਿਚ ਕਾਹੂਲੂਈ ਹਵਾਈ ਅੱਡੇ ਉਪਰ ਅਮੈਰੀਕਨ ਏਅਰਲਾਈਨਜ਼ ਦੇ ਇਕ ਜਹਾਜ਼ ਨੂੰ ਉਤਰਦੇ ਸਮੇ ਹਾਦਸਾ ਪੇਸ਼ ਆਉਣ ਦੀ ਰਿਪੋਰਟ ਹੈ। ਇਸ ਘਟਨਾ ਵਿਚ ਇਕ ਯਾਤਰੀ ਤੇ 5 ਅਮਲੇ ਦੇ ਮੈਂਬਰ ਜਖਮੀ ਹੋ ਗਏ। ਜਹਾਜ਼ ਵਿਚ 165 ਯਾਤਰੀ ਸਵਾਰ ਸਨ ਜਿਨਾਂ ਨੂੰ ਠੀਕ ਠਾਕ ਜਹਾਜ਼ ਵਿਚੋਂ ਕੱਢ ਲਿਆ ਗਿਆ। ਏਅਰਲਾਈਨਜ ਅਨੁਸਾਰ ਅਮੈਰੀਕਨ ਏਅਰਲਾਈਨਜ ਫਲਾਈਟ 271 ਲਾਸ ਏਂਜਲਸ ਤੋ ਹਵਾਈ ਆਈ ਸੀ। ਉਤਰਨ ਸਮੇ ਜਹਾਜ਼ ਵਿਚ ਕੋਈ ਖਰਾਬੀ ਪੈਦਾ ਹੋ ਗਈ। ਜ਼ਖਮੀਆਂ ਨੂੰ ਹਸਪਤਾਲ ਵਿਚ ਡਾਕਟਰੀ ਸਹਾਇਤਾ ਦੇਣ ਉਪਰੰਤ ਛੁੱਟੀ ਦੇ ਦਿੱਤੀ ਗਈ ਹੈ। ਏਅਰਲਾਈਨਜ ਨੇ ਕਿਹਾ ਹੈ ਕਿ ਜਹਾਜ਼ ਦੀ ਜਾਂਚ ਕੀਤੀ ਜਾਵੇਗੀ ਤੇ ਇਸ ਉਪਰੰਤ ਹੀ ਜਹਾਜ਼ ਨੂੰ ਉਡਾਉਣ ਦੀ ਇਜਾਜਤ ਦਿੱਤੀ ਜਾਵੇਗੀ। ਸੰਘੀ ਹਵਾਬਾਜ਼ੀ ਪ੍ਰਸ਼ਾਸਨ ਨੇ ਕਿਹਾ ਹੈ ਕਿ ਉਹ ਘਟਨਾ ਦੀ ਜਾਂਚ ਕਰਨਗੇ।

# ਅਮਰੀਕਾ 'ਚ ਇਕ ਹੋਰ ਭਾਰਤੀ ਵਿਦਿਆਰਥੀ ਦੀ ਮੌਤ, ਯੂਨੀਵਰਸਿਟੀ ਦੇ ਕੈਂਪਸ 'ਚੋਂ ਮਿਲੀ ਲਾਸ਼

ਵਾਸ਼ਿੰਗਟਨ : ਅਮਰੀਕਾ ਦੇ ਇੰਡੀਆਨਾ ਸੂਬੇ ਵਿਚ ਸਥਿਤ ਵੱਕਾਰੀ ਪਰਡਿਊ ਯੂਨੀਵਰਸਿਟੀ ਦੇ ਲਾਪਤਾ ਭਾਰਤੀ ਵਿਦਿਆਰਥੀ ਦੀ ਮੌਤ ਹੋ ਗਈ ਹੈ। ਯੂਨੀਵਰਸਿਟੀ ਨੇ ਇਸ ਦੀ ਪੁਸ਼ਟੀ ਕੀਤੀ ਹੈ। ਭਾਰਤੀ ਵਿਦਿਆਰਥੀ ਨੀਲ ਆਚਾਰੀਆ ਐਤਵਾਰ ਨੂੰ ਲਾਪਤਾ ਹੋ ਗਿਆ ਸੀ। ਪਰਡਿਊ ਦੇ ਕੈਂਪਸ ਵਿਚ ਮੌਰਿਸ ਜੇ. ਜ਼ੁਕਰੋ ਪ੍ਰਯੋਗਸ਼ਾਲਾ ਦੇ ਨੇੜੇ ਨੀਲ ਦੀ ਲਾਸ਼ ਮਿਲਣ ਤੋਂ ਬਾਅਦ ਟਿਪੇਕੇਨੋ ਕਾਊਂਟੀ ਕੋਰੋਨਰ ਦਫ਼ਤਰ ਦੇ ਅਧਿਕਾਰੀਆਂ ਨੂੰ ਸੁਚੇਤ ਕੀਤਾ ਗਿਆ ਸੀ ਯੂਨੀਵਰਸਿਟੀ ਦੇ ਕੰਪਿਊਟਰ ਸਾਇੰਸ ਵਿਭਾਗ ਦੇ ਅੰਤਰਿਮ ਮੁਖੀ ਕ੍ਰਿਸ ਕਲਿਫਟਨ ਨੇ ਸੋਮਵਾਰ ਨੂੰ ਵਿਭਾਗ ਨੂੰ ਭੇਜੀ ਇੱਕ ਈਮੇਲ ਵਿੱਚ ਕਿਹਾ, 'ਬਹੁਤ ਦੁੱਖ ਨਾਲ ਮੈਂ ਤੁਹਾਨੂੰ ਸੂਚਿਤ ਕਰਦਾ ਹਾਂ ਕਿ ਸਾਡੇ ਇੱਕ ਵਿਦਿਆਰਥੀ ਨੀਲ ਆਚਾਰੀਆ ਦਾ ਦਿਹਾਂਤ ਹੋ ਗਿਆ ਹੈ। ਕੰਪਿਊਟਰ ਸਾਇੰਸ ਵਿਭਾਗ ਉਨ੍ਹਾਂ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਾ ਹੈ। ਮੈਂ ਉਸ ਦੇ ਜਾਣ ਨਾਲ ਬਹੁਤ ਦੁਖੀ ਹਾਂ। ਮੇਰੀ ਹਮਦਰਦੀ ਉਸਦੇ ਦੋਸਤਾਂ, ਪਰਿਵਾਰ ਅਤੇ ਸਾਰੇ ਪ੍ਰਭਾਵਿਤ ਲੋਕਾਂ ਦੇ ਨਾਲ ਹੈ।' ਕਲਿਫਟਨ ਨੇ ਕਿਹਾ ਕਿ ਨੀਲ ਅਕਾਦਮਿਕ ਤੌਰ 'ਤੇ ਪ੍ਰਤਿਭਾਸ਼ਾਲੀ ਵਿਦਿਆਰਥੀ ਸੀ। ਉਸਨੇ ਕੰਪਿਊਟਰ ਵਿਗਿਆਨ ਅਤੇ ਡਾਟਾ ਵਿਗਿਆਨ ਵਿੱਚ ਡਿਗਰੀ ਪ੍ਰਾਪਤ ਕੀਤੀ ਸੀ ਅਤੇ ਉਹ ਜੌਨ ਮਾਰਟਿਨਸਨ ਆਨਰਜ਼ ਕਾਲਜ ਵਿੱਚ ਪੜ੍ਹਦਾ ਸੀ।



ਕਲਿਫਟਨ ਨੇ ਸਥਾਨਕ 'ਪਰਡਿਊ ਐਕਸਪੋਨੈਂਟ' ਅਖ਼ਬਾਰ ਨੂੰ ਦੱਸਿਆ ਕਿ ਉਨ੍ਹਾਂ ਨੂੰ 'ਡੀਨ ਆਫ ਸਟੂਡੈਂਟਸ' ਦੇ ਦਫਤਰ ਤੋਂ ਨੀਲ ਦੀ ਮੌਤ ਦੀ ਪੁਸ਼ਟੀ ਕਰਨ ਵਾਲੀ ਈਮੇਲ ਮਿਲੀ ਹੈ। ਨੀਲ ਦੀ ਮੌਤ ਦਾ ਸਹੀ ਕਾਰਨ ਅਜੇ ਪਤਾ ਨਹੀਂ ਲੱਗ ਸਕਿਆ ਹੈ। ਨੀਲ ਦੀ ਮੌਤ ਦੀ ਪੁਸ਼ਟੀ ਕਰਨ ਤੋਂ ਪਹਿਲਾਂ ਉਸ ਦੀ ਮਾਂ ਗੌਰੀ ਆਚਾਰੀਆ ਨੇ ਸੋਮਵਾਰ ਨੂੰ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਲਿਖਿਆ ਸੀ, ''ਸਾਡਾ ਪੁੱਤਰ ਨੀਲ ਆਚਾਰੀਆ 28 ਜਨਵਰੀ ਤੋਂ ਲਾਪਤਾ ਹੈ। ਉਹ ਅਮਰੀਕਾ ਵਿੱਚ ਪਰਡਿਊ ਯੂਨੀਵਰਸਿਟੀ ਵਿੱਚ ਪੜ੍ਹਦਾ ਹੈ। ਆਖ਼ਰੀ ਵਾਰ ਉਸ ਨੂੰ ਉਬੇਰ ਡਰਾਈਵਰ ਨੇ ਦੇਖਿਆ ਸੀ। ਉਸਨੇ ਉਸਨੂੰ ਪਰਡਿਊ ਯੂਨੀਵਰਸਿਟੀ ਵਿੱਚ ਛੱਡਿਆ ਸੀ। ਜੇਕਰ ਤੁਹਾਨੂੰ ਕੁਝ ਪਤਾ ਹੈ, ਤਾਂ ਕਿਰਪਾ ਕਰਕੇ ਸਾਡੀ ਮਦਦ ਕਰੋ।'' ਸ਼ਿਕਾਗੋ ਵਿੱਚ ਭਾਰਤ ਦੇ ਕੌਂਸਲੇਟ ਜਨਰਲ ਨੇ ਇਸ ਪੋਸਟ ਦੇ ਜਵਾਬ ਵਿੱਚ ਕਿਹਾ ਸੀ, ''ਕੌਂਸਲੇਟ ਪਰਡਿਊ ਯੂਨੀਵਰਸਿਟੀ ਦੇ ਅਧਿਕਾਰੀਆਂ ਅਤੇ ਨੀਲ ਦੇ ਪਰਿਵਾਰ ਦੇ ਸੰਪਰਕ ਵਿੱਚ ਹੈ। ਕੌਂਸਲੇਟ ਹਰ ਸੰਭਵ ਸਹਾਇਤਾ ਪ੍ਰਦਾਨ ਕਰੇਗਾ।''

ਇਹ ਮਾਮਲਾ ਅਜਿਹੇ ਸਮੇਂ ਸਾਹਮਣੇ ਆਇਆ ਹੈ, ਜਦੋਂ ਇਹ ਖ਼ਬਰ ਸੁਰਖੀਆਂ 'ਚ ਹੈ ਕਿ ਅਮਰੀਕਾ ਦੇ ਜਾਰਜੀਆ ਦੇ ਲਿਥੋਨੀਆ ਸ਼ਹਿਰ ਵਿੱਚ ਨਸ਼ੇ ਦੇ ਆਦੀ ਇਕ ਬੇਘਰ ਵਿਅਕਤੀ ਨੇ 25 ਸਾਲਾ ਭਾਰਤੀ ਵਿਦਿਆਰਥੀ ਦੇ ਸਿਰ 'ਤੇ ਕਰੀਬ 50 ਵਾਰ ਹਥੌੜੇ ਨਾਲ ਹਮਲਾ ਕੀਤਾ, ਜਿਸ ਕਾਰਨ ਉਸਦੀ ਮੌਤ ਹੋ ਗਈ। ਅਟਲਾਂਟਾ ਵਿੱਚ ਭਾਰਤ ਦੇ ਕੌਂਸਲੇਟ ਜਨਰਲ ਨੇ ਇਸ ਘਟਨਾ ਦੀ ਸਖ਼ਤ ਨਿੰਦਾ ਕੀਤੀ ਹੈ। ਇਹ ਦਿਲ ਦਹਿਲਾ ਦੇਣ ਵਾਲੀ ਘਟਨਾ ਕੈਮਰੇ 'ਤੇ ਰਿਕਾਰਡ ਹੋ ਗਈ, ਜਿਸ ਵਿਚ ਹਮਲਾਵਰ ਜੂਲੀਅਨ ਫਾਕਨਰ ਹਾਲ ਹੀ ਵਿਚ ਐੱਮ.ਬੀ.ਏ. ਕਰਨ ਵਾਲੇ ਭਾਰਤੀ ਵਿਦਿਆਰਥੀ ਵਿਵੇਕ ਸੈਣੀ ਦੇ ਸਿਰ 'ਤੇ ਹਥੌੜੇ ਨਾਲ ਲਗਭਗ 50 ਵਾਰ ਬੇਰਹਿਮੀ ਨਾਲ ਮਾਰਦਾ ਨਜ਼ਰ ਆ ਰਿਹਾ ਹੈ।

ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍ਰ. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋਂ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੂਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੋਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍ਰ. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ 'ਸਾਡੇ ਲੋਕ' ਅਖਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ


ਕੈਪਟਨ ਅਮਰਜੀਤ ਸਿੰਘ ਕਾਲੇਕਾ

# ਸ਼ਹੀਦੀ ਸਾਕਾ ਗੁ. ਸਾਹਿਬ ਓਕ ਕਰੀਕ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਉਸ ਨੇ ਵਿਰੋਧੀ ਹੁੰਦਿਆਂ ਵੀ ਸਿੱਖ ਆਚਰਣ ਦੀ ਭਰਪੂਰ ਸ਼ਲਾਘਾ ਕੀਤੀ ਹੈ।

ਹਰ ਗੁਰਸਿੱਖ ਨੂੰ ਗੁਰੂ ਸਾਹਿਬਾਨ ਦਾ ਉਪਦੇਸ਼ ਹੀ ਇਹ ਸੀ ਕਿ ਜੇ ਉਹਨਾਂ ਨੇ ਪ੍ਰੇਮ ਦੀ ਖੇਡ ਖੇਡਣੀ ਹੈ ਤਥਾ ਰੱਬੀ ਕਾਰਜ ਲਈ ਜੂਝਣਾ ਹੈ ਜਾਂ ਸਾਕਾ ਕਰਨਾ ਹੈ ਤਾਂ ਉਹ ਆਪਣਾ ਸੀਸ ਤਲੀ ਤੇ ਧਰਕੇ ਅਤੇ ਮੌਤ ਨੂੰ ਕਬੂਲ ਕਰਕੇ ਅੱਗੇ ਆਵੇ। ਗੁਰੂ ਫ਼ੁਰਮਾਨ ਹੈ :-


**ਜਉ ਤਉ ਪ੍ਰੇਮ ਖੇਲਣ ਕਾ ਚਾਉ ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ ॥** 1412

ਤਥਾ

**ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥**
**ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥** 1102

ਗੁਰੂ ਸਾਹਿਬਾਨ ਅਤੇ ਸਿੰਘਾਂ, ਸਿੰਘਣੀਆਂ, ਭੁਜੰਗੀਆਂ ਨੇ ਮਨੁੱਖੀ ਬਰਾਬਰੀ, ਮਨੁੱਖੀ ਅਧਿਕਾਰ, ਹੱਕ-ਸੱਚ, ਧਰਮ ਦੀ ਰੱਖਿਆ, ਗੈਰਤ, ਗੌਰਵ ਅਤੇ ਅਣਖ ਭਰਪੂਰ ਜੀਵਨ ਜਿਉਣ ਦੇ ਸਿਧਾਂਤ ਉੱਤੇ ਚਲਣ ਅਤੇ ਇਨਸਾਫ਼ ਲਈ ਅਤੇ ਜਬਰ ਜੁਲਮ ਨੂੰ ਠਲ੍ਹ ਪਾਉਣ, ਜਾਬਰ ਨੂੰ ਸਬਕ ਸਿਖਾਉਣ ਹਿਤ ਅਨੇਕਾਂ ਕੁਰਬਾਨੀਆਂ ਕੀਤੀਆਂ ਅਤੇ ਸ਼ਹੀਦੀਆਂ ਦਿੱਤੀਆਂ। ਇਤਿਹਾਸ ਗਵਾਹ ਹੈ ਕਿ ਜਦੋਂ ਵੀ ਸਿੰਘਾਂ ਦੀ ਅਣਖ ਨੂੰ ਕਿਸੇ ਨੇ ਵੰਗਾਰਿਆ, ਸਿੰਘਾਂ ਨੇ ਹਮੇਸ਼ਾਂ ਦੁਸ਼ਮਣ ਨੂੰ ਮੂੰਹ ਤੋੜਵਾ ਜਵਾਬ ਦਿੱਤਾ। ਸ਼ਹੀਦੀਆਂ ਦੀ ਇਹ ਲੜੀ ਗੁਰੂ ਅਰਜਨ ਦੇਵ ਜੀ ਤੋਂ ਸ਼ੁਰੂ ਹੋ ਕੇ ਅੱਜ ਤੱਕ ਨਿਰੰਤਰ ਜਾਰੀ ਹੈ।

ਇਸ ਲੇਖ ਵਿਚ ਬਾਕੀ ਵਿਸਤਾਰ ਨੂੰ ਛੱਡਦਿਆਂ ਹੋਇਆਂ ਕੁਝ ਸਿੰਘਾਂ ਸ਼ਹੀਦਾਂ ਦਾ ਵਰਣਨ ਕਰਨਾ ਯੋਗ ਹੋਵੇਗਾ।




ਜਦੋਂ ਮੁਗਲ ਰਾਜ ਸ਼ਕਤੀ ਨੇ ਆਪਣੇ ਜ਼ੋਰ ਜਬਰ ਨਾਲ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਉਤੇ ਕਬਜ਼ਾ ਕਰ ਲਿਆ। ਦੁਨੀਆ ਦੇ ਮਹਾਨ ਧਾਰਮਿਕ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਨੂੰ ਜਰਵਾਣਿਆ ਦੇ ਕਬਜ਼ੇ ਤੋਂ ਅਜ਼ਾਦ ਕਰਵਾਉਣ ਹਿਤ ਪਹਿਲਾ ਬਾਬਾ ਦੀਪ ਸਿੰਘ ਜੀ ਅਤੇ ਫਿਰ ਭਾਈ ਗੁਰਬਖਸ਼ ਸਿੰਘ ਜੀ ਨੇ ਆਪਣੀ ਸਾਥੀ ਸਿੰਘਾਂ ਸਮੇਤ ਲਾ ਮਿਸਾਲ ਸ਼ਹੀਦੀਆਂ ਦਿੱਤੀਆਂ। ਦਰਬਾਰ ਸਾਹਿਬ ਅੰਦਰ ਸ਼ਰਾਬ, ਸ਼ਬਾਬ ਅਤੇ ਕਬਾਬ ਦਾ ਦੌਰ ਚਲਾਉਣ ਵਾਲੇ ਮੱਸਾ ਰੰਗੜ ਦਾ ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ ਨੇ ਸਿਰ ਵੱਢਕੇ ਖਾਲਸਾ ਪੰਥ ਦੇ ਪੇਸ਼ ਕਰ ਦਿੱਤਾ ਸੀ। ਇਸੇ ਤਰ੍ਹਾਂ ਜਦੋਂ ਮੁਗਲ ਸਲਤਨਤ ਨੇ ਸਿੰਘਾਂ ਦੀ ਹੋਂਦ ਹਸਤੀ ਨੂੰ ਨਸਤੋਨਾਬੂਦ ਕਰ ਦਿੱਤੇ ਜਾਣ ਦਾ ਐਲਾਨ ਕੀਤਾ ਤਾਂ ਝੱਟਪਟ ਬਾਬਾ ਬੋਤਾ ਸਿੰਘ ਅਤੇ ਬਾਬਾ ਗਰਜਾ ਸਿੰਘ ਨੂੰ ਤਰਨਤਾਰਨ ਲਾਗੇ ਨੂਰਦੀਨ ਦੀ ਸਰਾਂ ਵਿਖੇ ਖਾਲਸਾ ਰਾਜ ਦੀ ਸਥਾਪਤੀ ਦਾ ਐਲਾਨ ਕਰ ਦਿੱਤਾ। ਇਸੇ ਹੋਏ ਯੁੱਧ ਵਿਚ ਉਹਨਾਂ ਦੋਵੇਂ ਸਿੰਘਾਂ ਨੇ ਸ਼ਹੀਦੀ ਪਾ ਕੇ ਪੰਥ ਦੇ ਗੈਰਤ, ਗੌਰਵ ਅਤੇ ਸ਼ਹੀਦੀ ਪਰੰਪਰਾ ਨੂੰ ਚਾਰ ਚੰਨ ਲਗਾ ਦਿੱਤੇ। ਜੇ ਮੁਗਲ ਰਾਜ ਸ਼ਕਤੀ ਵੱਲੋਂ ਭਾਈ ਸੁਬੇਗ ਸਿੰਘ, ਭਾਈ ਸਾਹਬਾਜ ਸਿੰਘ ਨੂੰ ਧਰਮ ਦੀ ਤਬਦੀਲੀ ਕਰਨ ਲਈ ਵੰਗਾਰਿਆ ਤਾਂ ਉਹਨਾਂ ਧਰਮ ਨਹੀਂ ਹਾਰਿਆ ਸਗੋਂ ਸਿੱਖੀ ਸਿਦਕ ਕੇਸਾਂ ਸੁਆਸਾਂ ਸੰਗ ਨਿਭਾਉਂਦਿਆਂ ਹੋਇਆਂ ਚਰਖੜੀਆਂ ਉੱਪਰ ਚੜ੍ਹ ਕੇ ਸ਼ਹੀਦੀ ਪਾਈ। ਇਸ ਤਰ੍ਹਾਂ ਦੀਆਂ ਮਿਸਾਲਾਂ ਸਿੱਖ ਇਤਿਹਾਸ ਵਿਚ ਅਣਗਿਣਤ ਹਨ। ਅੰਗਰੇਜ਼ ਰਾਜ ਸਮੇਂ ਇਹਨਾਂ ਸ਼ਹੀਦੀਆਂ ਦਾ ਦੌਰ ਨਿਰੰਤਰ ਚਲਦਾ ਰਿਹਾ ਜੋ ਭਾਈ ਮਹਾਰਾਜ ਸਿੰਘ ਉਚੀ ਰਬੋਂ ਨੇੜੇ ਖੰਨਾ ਤੋਂ ਅਰੰਭ ਹੁੰਦਾ ਹੈ। ਸਰ ਮਾਇਕਲ ਉਡਵਾਇਰ ਨੂੰ ਕੀਤੇ ਘੋਰ ਜੁਲਮ ਦੀ ਸਜ਼ਾ ਸ. ਉਧਮ ਸਿੰਘ ਨੇ ਦਿੱਤੀ। ਅੰਗਰੇਜ਼ ਜਾਬਰ ਸਾਂਡਰਸ ਨੂੰ ਕੀਤੇ ਦੀ ਸਜ਼ਾ ਸਰਦਾਰ ਭਗਤ ਸਿੰਘ ਨੇ ਦਿੱਤੀ ਅਤੇ ਇਹਨਾਂ ਨੇ ਆਪ ਵੀ ਸ਼ਹੀਦੀਆਂ ਪਾਈਆਂ।

ਅਜੋਕੇ ਸਮੇਂ ਵੀ ਭਾਵੇਂ ਪਦਾਰਥਵਾਦ ਦੀ ਹਨੇਰੀ ਖੂਬ ਝੁੱਲ ਰਹੀ ਹੈ ਪਰੰਤੂ ਸਿੰਘਾਂ ਨੇ ਹਮੇਸ਼ਾਂ ਹੀ ਗੁਰੂ ਸਾਹਿਬਾਨ ਦੇ ਹੁਕਮ ਅਤੇ ਗੁਰਧਾਮਾਂ ਨੂੰ ਆਪਣੀ ਜਾਨ ਤੋਂ ਪਿਆਰਾ ਸਮਝਿਆ ਅਤੇ ਇਹਨਾਂ ਦੀ ਖਾਤਰ ਉਹ ਜੂਝੇ। ਦਸ਼ਮੇਸ਼ ਪਿਤਾ ਨੇ ਆਪਣੇ ਸਿਧਾਂਤ ਨੂੰ ਸਪਸ਼ਟ ਕਰਦਿਆਂ ਥਾਂ ਪਰ ਥਾਂ ਲੋਕਾਈ ਨੂੰ ਸੇਧ ਦਿੱਤੀ ਹੈ। ਗੁਰੂ ਸਾਹਿਬ ਦਾ ਫ਼ੁਰਮਾਨ ਹੈ:-

**ਦੇਹਿ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋਂ ॥**
**ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰ ਆਪਨੀ ਜੀਤ ਕਰੋਂ ॥**
**ਅਰ ਸਿਖਹੋ ਆਪਨੇ ਹੀ ਮਨ ਕੋ ਯਹ ਲਾਲਚ ਹਉ ਗੁਨ ਤਉ ਉਚਰੋਂ ॥**
**ਜਬ ਆਵ ਕੀ ਅਉਧ ਨਿਧਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋਂ ॥**

ਗੁਰਮਤਿ ਦੇ ਉਚੇ ਸੁਚੇ ਤੇ ਲਾ-ਮਿਸਾਲ ਉਦੇਸ਼ ਤੇ ਉਪਦੇਸ਼ ਨੂੰ ਮੁੱਖ ਰੱਖਦਿਆਂ ਜਦੋਂ ਅਮਰੀਕਾ ਦੇ ਵਿਸਕਾਨਸਿਨ ਸਟੇਟ ਵਿਖੇ ਸਥਿਤ ਗੁਰਦੁਆਰਾ ਸਾਹਿਬ ਓਕ ਕਰੀਕ ਵਿਖੇ ਹੋਈ ਘਟਨਾ ਨੂੰ ਵੇਖਦੇ ਹਾਂ ਤਾਂ ਉਹਨਾਂ ਸਮੂਹ ਸ਼ਹੀਦ ਸਿੰਘਾਂ ਦੀ ਸ਼ਹੀਦੀ ਸਾਹਮਣੇ ਸਾਡਾ ਸਿਰ ਝੁੱਕ ਜਾਂਦਾ ਹੈ।

(ਚਲਦਾ)




ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

ਇਤਿਹਾਸ ਦੇ ਝਰੋਖੇ ਵਿਚੋਂ

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਮੂਰਤੀ ਬਣਾਣ ਦੀ ਹੀ ਮਨਾਹੀ ਹੈ ਪਰ ਮੁਰਮਤ ਵਿਚ ਮੂਰਤ ਜਾਂ ਤਸਵੀਰ ਦੇ ਬਣਾਣ ਜਾਂ ਰੱਖਣ ਦੀ ਕਦਾਚਿਤ ਮਨਾਹੀ ਨਹੀਂ ਬਲਕਿ ਗੁਰੂ ਸਾਹਿਬਾਨ ਜਾਂ ਸਿੱਖ ਬਜ਼ੁਰਗਾਂ ਦੀਆਂ ਤਸਵੀਰਾਂ ਅੱਗੇ ਮੱਥੇ ਟੇਕਣੇ ਮਨ੍ਹਾ ਹਨ। ਤਖ਼ ਸ੍ਰੀ ਪਟਨਾ ਸਾਹਿਬ ਅਤੇ ਤਖਤ ਸ੍ਰੀ ਹਜ਼ੂਰ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਪੁਰਾਤਨ ਇਤਿਹਾਸਕ ਤਸਵੀਰਾਂ ਸੁਸ਼ੋਭਿਤ ਹਨ। ਤਕਰੀਬਨ ਤਕਰੀਬਨ ਹਰ ਇਤਿਹਾਸਕ ਗੁਰਦੁਆਰਾ ਸਾਹਿਬ ਵਿਚ ਸਣੇ ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀਆਂ ਦੀਵਾਰਾਂ ਅਤੇ ਛੱਛਾਂ 'ਤੇ ਚਿੱਤਰ Wall Murals ਵੀ ਉਕਰੇ ਹਨ।

ਗੁਰੂ ਸਾਹਿਬ ਦੀਆਂ ਤਸਵੀਰਾਂ ਦੀ ਮਰਯਾਦਾ ਵਿਚ ਪ੍ਰਵਾਨਗੀ ਹੈ ਇਸ ਲਈ ਇਨ੍ਹਾਂ ਨੂੰ ਮਿਆਰੀ ਅਤੇ ਇਕੋ ਜਿਹਾ ਬਣਾਣ ਅਤੇ ਪ੍ਰਚਾਰ ਕਰਨ ਦਾ ਉਪਰਾਲਾ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕੀਤੇ ਜਾਣ ਦੇ ਹਵਾਲੇ ਮਿਲਦੇ ਹਨ। ਧਾਰਮਿਕ ਸਲਾਹਕਾਰ ਕਮੇਟੀ ਦੀ ਦੂਜੀ ਇਕੱਤਰਤਾ 25 ਅਪ੍ਰੈਲ, 1935 ਨੂੰ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਹੋਈ। ਇਸ ਵਿਚ ਜਥੇਦਾਰ ਮੋਹਣ ਸਿੰਘ, ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਭਾਈ ਕਾਨ੍ਹ ਸਿੰਘ ਨਾਭਾ, ਪ੍ਰੋ. ਜੋਧ ਸਿੰਘ, ਪ੍ਰਿੰ. ਤੇਜਾ ਸਿੰਘ ਅਤੇ ਪ੍ਰੋ. ਗੰਗਾ ਸਿੰਘ ਸ਼ਾਮਲ ਸਨ। ਇਸ ਇਕੱਤਰਤਾ ਨੇ ਪ੍ਰਵਾਨ ਕੀਤਾ :

ਇਹ ਇਕੱਤਰਤਾ ਉਨ੍ਹਾਂ ਦੀ ਤਜਵੀਜ਼ ਨਾਲ ਸੰਮਤੀ ਪ੍ਰਗਟ ਕਰਦੀ ਹੈ ਕਿ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਇਕੋ ਪ੍ਰਕਾਰ ਦੀਆਂ ਹੋਣੀਆਂ ਚਾਹੀਦੀਆਂ ਹਨ। ਨਾਲ ਹੀ ਧਾਰਮਿਕ ਸਲਾਹਕਾਰ ਕਮੇਟੀ ਇਹ ਵੀ ਸਲਾਹ ਦੇਂਦੀ ਹੈ ਕਿ ਸਾਰੇ ਸਿੱਖ ਮਸੱਵਰਾਂ ਨੂੰ ਵਿਦਵਾਨਾਂ ਦੀ ਸਲਾਹ ਲੈ ਕੇ ਗੁਰੂ ਸਾਹਿਬਾਨ ਦੀਆਂ ਇਕੋ ਜਿਹੀਆਂ ਤਸਵੀਰਾਂ ਬਣਾਉਣੀਆਂ ਚਾਹੀਦੀਆਂ ਹਨ ਤੇ ਉਨ੍ਹਾਂ ਦਾ ਇਕੋ ਜਿਹਾ ਪ੍ਰਚਾਰ ਕਰਨਾ ਚਾਹੀਦਾ ਹੈ।


(ਮਤਾ ਨੰਬਰ ੨, ਪੰਥਕ ਮਤੇ, ਪੰਨਾ ੧੪)

ਤਸਵੀਰਾਂ ਜਾਂ ਚਿੱਤਰ ਕਲਾ ਪੰਜਾਬ ਦੀਆਂ ਲੋਕ ਕਲਾਵਾਂ ਵਿਚ ਪ੍ਰਮੁੱਖ ਸੀ। ਕਾਂਗੜਾ, ਪਹਾੜੀ ਸ਼ੈਲੀ ਦੇ ਚਿੱਤਰ ਆਪਣਾ ਵਿਸ਼ੇਸ਼ ਸਥਾਨ ਰੱਖਦੇ ਹਨ। ਇਸੇ ਤਰ੍ਹਾਂ ਤਕਰੀਬਨ ਤਕਰੀਬਨ ਹਰ ਗੁਰਦੁਆਰਾ ਸਾਹਿਬ ਵਿਚ ਦੀਵਾਰਾਂ 'ਤੇ ਕੰਧ ਚਿਤ੍ਰ ਉਕਰੇ ਹੁੰਦੇ ਹਨ। ਸ੍ਰੀ ਅਕਾਲ ਤਖਤ ਸਾਹਿਬ ਦੀ ਸ਼ਹੀਦ ਹੋ ਚੁੱਕੇ ਇਮਾਰਤ ਵਿਚ ਵੀ ਬਹੁਤ ਵੱਡੀ ਗਿਣਤੀ ਵਿਚ ਗੁਰ ਇਤਿਹਾਸ, ਗੁਰਬਾਣੀ ਵਿਚ ਵਰਣਤ ਕਥਾਵਾਂ ਅਤੇ ਪਾਤਰਾਂ ਨੂੰ ਦਰਸਾਇਆ ਗਿਆ ਸੀ। ਇਹ ਪੰਜਾਬ ਦਾ ਅਨਮੋਲ ਵਿਰਸਾ ਹੈ। ਇਸ ਨੂੰ ਸਾਂਭਣ ਦੀ ਲੋੜ ਹੈ।

ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਵਿਚ ਕੋਈ ਤਸਵੀਰ ਨਹੀਂ ਹੈ। ਪਰ ਸ੍ਰੀ ਅਕਾਲ ਤਖਤ ਸਾਹਿਬ ਦੇ ਅੰਦਰ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਦੀਆਂ ਤਸਵੀਰਾਂ ਦੇ ਨਾਲ ਸਾਹਮਣੇ ਸ਼ਾਨਦਾਰ ਗੁਰੂ ਹਰਿਗੋਬਿੰਦ ਪਾਤਸ਼ਾਹ ਦੀ ਤਸਵੀਰ ਵੀ ਸੀ।

ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਇਸ ਤਸਵੀਰ ਬਾਰੇ ਵਿਚਾਰ ਹੋਈ ਕਿ ਇਹ ਤਸਵੀਰ ਗੁਰਦਆਰਾ ਬਿਬੇਕਸਰ ਸਾਹਿਬ ਲਗਾ ਦਿੱਤੀ ਜਾਏ ਪਰ ਇਹ ਪਰਵਾਨ ਨਾ ਹੋਈ। ਧਾਰਮਿਕ ਸਲਾਹਕਾਰ ਕਮੇਟੀ ਦੀ ਅਠਾਰ੍ਹਵੀਂ ਇਕੱਤਰਤਾ, ਮਿਤੀ 6.4.50 ਦੀ ਕਾਰਵਾਈ:

6. ਭਾਈ ਸਰੂਪ ਸਿੰਘ ਜੀ ਤੇ ਸੰਤੋਖ ਸਿੰਘ ਜੀ ਦੀ ਅੰਮ੍ਰਿਤਸਰ ਦੀ ਪੱਤ੍ਰਿਕਾ ਮਿਤੀ 27.12.49 ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਅਕਾਲ ਤਖਤ ਸਾਹਿਬ




ਵਾਲੀ ਤਸਵੀਰ ਨੂੰ ਗੁਰਦੁਆਰਾ ਬਿਬੇਕਸਰ ਲਾਉਣ ਬਾਰੇ ਤਜਵੀਜ਼ ਕੀਤਾ ਸੀ, ਪੇਸ਼ ਹੋ ਕੇ ਪ੍ਰਵਾਨ ਹੋਇਆ ਕਿ ਇਹ ਤਸਵੀਰ ਸ੍ਰੀ ਅਕਾਲ ਤਖਤ ਸਾਹਿਬ ਜਿਥੇ ਹੈ, ਉਥੇ ਹੀ ਟਿਕੀ ਰਹਿਣ ਦਿੱਤੀ ਜਾਵੇ।

(ਖ) ਇਕ ਤੋਂ ਦੂਜੀ ਥਾਂ 'ਸ੍ਰੀ ਗੁਰੂ ਗ੍ਰੰਥ ਸਾਹਿਬ' ਲੈ ਜਾਣ ਵੇਲੇ ਅਰਦਾਸ ਕਰਨੀ ਚਾਹੀਦੀ ਹੈ ਜਿਸ ਨੇ ਸਿਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਚੁੱਕਿਆ ਹੋਵੇ, ਉਹ ਨੰਗੇ ਪੈਰੀਂ ਚਲੇ, ਪਰ ਜੇਕਰ ਕਿਸੇ ਮੌਕੇ ਜੋੜੇ ਪਾਣ ਦੀ ਅਤਿ ਲੋੜ ਪੈ ਜਾਵੇ, ਤਾਂ ਭਰਮ ਨਹੀਂ ਕਰਨਾ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੬)

ਸਿੱਖ ਰਹਿਤ ਮਰਯਾਦਾ ਦੀ 1936 ਵਾਲੀ ਛਾਪ ਵਿਚ ਇਹ ਮੱਦ ਇਸ ਤਰ੍ਹਾਂ ਦਰਜ ਸੀ :
–

(ਖ) ਇਕ ਤੋਂ ਦੂਜੀ ਥਾਂ ਅਸਵਾਰਾ ਸਾਹਿਬ ਲੈ ਕੇ ਜਾਣ ਵੇਲੇ ਅਰਦਾਸ ਕਰਨੀ ਚਾਹੀਏ। ਜਿਸ ਨੇ ਸਿਰ 'ਤੇ ਅਸਵਾਰਾ ਸਾਹਿਬ ਚੁੱਕਿਆ ਹੋਵੇ, ਉਹ ਨੰਗੇ ਪੈਰੀਂ ਚਲੇ, ਪਰ ਜੇਕਰ ਕਿਸੇ ਮੌਕੇ ਜੋੜਾ ਪਾਣ ਦੀ ਅਤੀ ਲੋੜ ਪੈ ਜਾਵੇ, ਤਾਂ ਨਹੀਂ ਕਰਨਾ।

(ਸਿੱਖ ਰਹਿਤ ਮਰਯਾਦਾ, ਛਾਪ ੧੯੩੬ ਪੰਨਾ : ੪)

ਤਬਦੀਲੀ

'ਅਸਵਾਰਾ ਸਾਹਿਬ' ਦੀ ਥਾਵੇਂ 'ਸ੍ਰੀ ਗੁਰੂ ਗ੍ਰੰਥ ਸਾਹਿਬ' ਕੀਤਾ ਗਿਆ ਹੈ।

ਇਹ ਤਬਦੀਲੀ ਧਾਰਮਿਕ ਸਲਾਹਕਾਰ ਕਮੇਟੀ ਦੀ ਤੇਰ੍ਹਵੀਂ ਇਕੱਤਰਤਾ ਮਿਤੀ 7 ਜਨਵਰੀ, 1945 ਦੇ ਮਤਾ ਨੰਬਰ 5 ਰਾਹੀਂ ਕੀਤੀ ਗਈ, ਜੋ ਇਸ ਤਰ੍ਹਾਂ ਸੀ :

5. ਹੈਡਿੰਗ ਗੁਰਦੁਆਰੇ ਦੇ ਅੰਕ (ਖ) ਵਿਚ ਜਿਥੇ ਲਫ਼ਜ਼ 'ਅਸਵਾਰਾ ਸਾਹਿਬ' ਆਉਂਦੇ ਹਨ, ਉਥੇ ਉਥੇ ਹੀ ਗੁਰੂ ਗ੍ਰੰਥ ਸਾਹਿਬ ਜੀ ਕਰ ਦਿੱਤਾ ਜਾਵੇ।

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਨੂੰ ਲਿਜਾਣ ਤੋਂ ਪਹਿਲਾਂ ਅਰਦਾਸ ਕਰਨੀ ਲਾਜ਼ਮੀ ਹੈ। ਇਸੇ ਤਰ੍ਹਾਂ ਜਿਸ ਨੇ ਸੀਸ 'ਤੇ ਗੁਰੂ ਗ੍ਰੰਥ ਸਾਹਿਬ ਚੁੱਕਿਆ ਹੋਵੇ ਉਸ ਨੂੰ ਸਤਿਕਾਰ ਹਿਤ ਨੰਗੇ ਪੈਰੀਂ ਚਲਣਾ ਚਾਹੀਦਾ ਹੈ। ਅਲਬੱਤਾ ਜੇ ਜੋੜੇ ਪਾਉਣ ਦੀ 'ਅਤਿ ਲੋੜ ਪੈ ਜਾਵੇ ਤਾਂ ਭਰਮ ਨਹੀਂ ਕਰਨਾ।' ਇਥੇ ਲਫ਼ਜ਼ 'ਅਤਿ ਲੋੜ ਪੈ ਜਾਵੇ' ਹੈ। ਇਸ ਲਈ ਆਮ ਹਾਲਤਾਂ ਵਿਚ ਨੰਗੇ ਪੈਰੀਂ ਹੀ ਚਲਣ ਦੀ ਮਰਯਾਦਾ ਹੈ ਅਤੇ ਇਸਦੀ ਪਾਲਣਾ ਕਰਨੀ ਚਾਹੀਦੀ ਹੈ।

(ਚਲਦਾ)

# ਪਰਿਵਾਰਕ ਜੀਵਨ ਬਾਰੇ' ਤਿੰਨ ਮਹੱਤਵਪੂਰਨ ਅਦਾਲਤੀ ਫੈਸਲੇ !

ਪਰਿਵਾਰ 'ਚ ਸਨੇਹ ਅਤੇ ਤਾਲਮੇਲ ਨਾ ਹੋਵੇ ਤਾਂ ਜੀਵਨ ਨਰਕ ਬਣ ਜਾਂਦਾ ਹੈ। ਇਸ ਨੂੰ ਹੀ ਰੇਖਾਂਕਿਤ ਕਰਦਿਆਂ ਹਾਲ ਹੀ 'ਚ ਤਿੰਨ ਜੱਜਾਂ ਜਸਟਿਸ ਸੁਭਾਸ਼ ਚੰਦ, ਜਸਟਿਸ ਸੁਰੇਸ਼ ਕੁਮਾਰ ਕੈਤ ਅਤੇ ਜਸਟਿਸ ਨੀਨਾ ਬੰਸਲ ਕ੍ਰਿਸ਼ਨਾ ਨੇ ਸਾਡੇ ਪੁਰਾਤਨ ਧਰਮ ਗ੍ਰੰਥਾਂ ਦੇ ਹਵਾਲੇ ਨਾਲ ਤਿੰਨ ਮਹੱਤਵਪੂਰਨ ਫੈਸਲੇ ਸੁਣਾਏ ਹਨ :

• 12 ਜਨਵਰੀ ਨੂੰ ਝਾਰਖੰਡ ਹਾਈਕੋਰਟ ਦੇ ਜਸਟਿਸ ਸੁਭਾਸ਼ ਚੰਦ ਨੇ ਮਨੋਜ ਨਾਂ ਦੇ ਵਿਅਕਤੀ ਨੂੰ ਹੁਕਮ ਦਿੱਤਾ ਕਿ ਉਸ ਨੂੰ ਹਰ ਹਾਲ 'ਚ ਆਪਣੇ ਬਜ਼ੁਰਗ ਪਿਤਾ ਨੂੰ ਗੁਜ਼ਾਰੇ ਲਈ 3000 ਰੁਪਏ ਮਹੀਨਾ ਦੇਣੇ ਹੋਣਗੇ ਕਿਉਂਕਿ ਪਿਤਾ ਕੋਲੋਂ ਜ਼ਮੀਨ ਦਾ ਹਿੱਸਾ ਲੈਣ ਦੇ ਬਾਵਜੂਦ ਉਸ ਨੇ 15 ਸਾਲ ਤੋਂ ਉਨ੍ਹਾਂ ਦਾ ਪਾਲਣ-ਪੋਸ਼ਣ ਨਹੀਂ ਕੀਤਾ। ਜਸਟਿਸ ਸੁਭਾਸ਼ ਚੰਦ ਨੇ ਆਪਣੇ ਫੈਸਲੇ 'ਚ ਯਕਸ਼-ਯੁਧਿਸ਼ਠਰ ਵਾਰਤਾਲਾਪ ਦਾ ਜ਼ਿਕਰ ਕਰਦਿਆਂ ਲਿਖਿਆ :

ਯਕਸ਼ ਨੇ ਯੁਧਿਸ਼ਠਰ ਕੋਲੋਂ ਪੁੱਛਿਆ-ਧਰਤੀ ਨਾਲੋਂ ਵੱਧ ਭਾਰਾ ਕੀ ਹੈ? ਸਵਰਗ ਤੋਂ ਵੀ ਉੱਚਾ ਕੀ ਹੈ? ਹਵਾ ਤੋਂ ਵੀ ਪਲ ਭਰ ਕੀ ਹੈ ਅਤੇ ਘਾਹ ਤੋਂ ਵੱਧ ਅਣਗਿਣਤ ਕੀ ਹੈ?

ਯੁਧਿਸ਼ਠਰ ਨੇ ਜਵਾਬ ਦਿੱਤਾ, "ਮਾਂ ਧਰਤੀ ਤੋਂ ਵੀ ਵੱਧ ਭਾਰੀ ਹੈ, ਪਿਤਾ ਸਵਰਗ ਤੋਂ ਵੀ ਉੱਚਾ ਹੈ। ਮਨ ਹਵਾ ਤੋਂ ਵੀ ਪਲ ਭਰ ਹੈ ਅਤੇ ਸਾਡੇ ਵਿਚਾਰ ਘਾਹ ਤੋਂ ਵੀ ਵੱਧ ਹਨ।"

ਇਸ ਦੀ ਵਿਆਖਿਆ ਕਰਦੇ ਹੋਏ ਜਸਟਿਸ ਸੁਭਾਸ਼ ਚੰਦ ਨੇ ਮਨੋਜ ਨੂੰ ਆਪਣੇ ਪਿਤਾ ਪ੍ਰਤੀ ਆਪਣਾ ਪਵਿੱਤਰ ਫਰਜ਼ ਨਿਭਾਉਣ ਦਾ ਹੁਕਮ ਦਿੱਤਾ ਅਤੇ ਕਿਹਾ, "ਭਾਵੇਂ ਹੀ ਪਿਤਾ ਕੁਝ ਕਮਾਉਂਦੇ ਹੋਣ, ਉਨ੍ਹਾਂ ਦਾ ਪਾਲਣ-ਪੋਸ਼ਣ ਕਰਨਾ ਪੁੱਤਰ ਦਾ ਪਵਿੱਤਰ ਫਰਜ਼ ਹੈ।"

• 23 ਜਨਵਰੀ, 2024 ਨੂੰ ਜਸਟਿਸ ਸੁਭਾਸ਼ ਚੰਦ ਨੇ ਇਕ ਹੋਰ ਫੈਸਲੇ 'ਚ ਯਜੁਰਵੇਦ ਦੇ ਸ਼ਲੋਕ ਦਾ ਵਰਨਣ ਕਰਦਿਆਂ ਕਿਹਾ, "ਹੇ ਨਾਰੀ, ਤੂੰ ਚੁਣੌਤੀਆਂ ਤੋਂ ਹਾਰਨ ਵਾਲੀ ਨਹੀਂ ਹੈਂ। ਤੂੰ ਸਭ ਤੋਂ ਸ਼ਕਤੀਸ਼ਾਲੀ ਚੁਣੌਤੀ ਨੂੰ ਹਰਾ ਸਕਦੀ ਹੈਂ।"

ਫਿਰ ਉਨ੍ਹਾਂ ਨੇ ਮਨੁਸਮ੍ਰਿਤੀ ਦੇ ਹਵਾਲੇ ਨਾਲ ਕਿਹਾ, "ਜਿਸ ਪਰਿਵਾਰ ਦੀਆਂ ਔਰਤਾਂ ਦੁਖੀ ਹੁੰਦੀਆਂ ਹਨ, ਉਹ ਪਰਿਵਾਰ ਜਲਦੀ ਹੀ



ਨਸ਼ਟ ਹੋ ਜਾਂਦਾ ਹੈ ਅਤੇ ਜਿੱਥੇ ਔਰਤਾਂ ਸੰਤੁਸ਼ਟ ਰਹਿੰਦੀਆਂ ਹਨ, ਉਹ ਪਰਿਵਾਰ ਸਦਾ ਹੀ ਫਲਦਾ-ਫੁਲਦਾ ਹੈ।"

ਇਕ ਕੇਸ, ਜਿਸ 'ਚ ਇਕ ਔਰਤ ਆਪਣੀ ਸੱਸ ਦੀ ਸੇਵਾ ਕਰਨ ਤੋਂ ਬਚਣ ਲਈ ਸਹੁਰੇ ਛੱਡ ਕੇ ਪੇਕੇ ਚਲੀ ਗਈ ਸੀ, ਉਸ ਦੇ ਪਤੀ ਵੱਲੋਂ ਆਪਣੀ ਨਾਰਾਜ਼ ਪਤਨੀ ਨੂੰ ਜ਼ਰੂਰੀ ਹੁਕਮ ਦੇਣ ਲਈ ਦਾਇਰ ਪਟੀਸ਼ਨ 'ਤੇ ਫੈਸਲਾ ਸੁਣਾਉਂਦੇ ਹੋਏ ਜਸਟਿਸ ਸੁਭਾਸ਼ ਚੰਦ ਨੇ ਕਿਹਾ :

"ਬਿਰਧ ਸੱਸ-ਸਹੁਰੇ ਅਤੇ ਦਾਦੀ-ਸੱਸ ਦੀ ਸੇਵਾ ਕਰਨਾ ਨੂੰਹ ਦਾ ਫਰਜ਼ ਅਤੇ ਭਾਰਤੀ ਸੱਭਿਆਚਾਰ ਦਾ ਹਿੱਸਾ ਹੈ। ਉਹ ਆਪਣੇ ਪਤੀ 'ਤੇ ਆਪਣੀ ਮਾਂ ਤੋਂ ਅਲੱਗ ਹੋਣ ਦਾ ਦਬਾਅ ਨਹੀਂ ਪਾ ਸਕਦੀ। ਪਤਨੀ ਲਈ ਆਪਣੇ ਪਤੀ ਦੀ ਮਾਂ ਅਤੇ ਨਾਨੀ ਦੀ ਸੇਵਾ ਕਰਨਾ ਲਾਜ਼ਮੀ ਹੈ। ਉਸ ਨੂੰ ਇਨ੍ਹਾਂ ਤੋਂ ਅਲੱਗ ਰਹਿਣ ਦੀ ਜ਼ਿੱਦ ਨਹੀਂ ਕਰਨੀ ਚਾਹੀਦੀ।"

• 23 ਜਨਵਰੀ ਨੂੰ ਹੀ ਦਿੱਲੀ ਹਾਈਕੋਰਟ ਦੇ ਜਸਟਿਸ ਸੁਰੇਸ਼ ਕੁਮਾਰ ਕੈਤ ਦੀ ਪ੍ਰਧਾਨਗੀ ਵਾਲੀ ਬੈਂਚ, ਜਿਸ 'ਚ ਜਸਟਿਸ ਨੀਨਾ ਬੰਸਲ ਕ੍ਰਿਸ਼ਨਾ ਵੀ ਸ਼ਾਮਲ ਸੀ, ਨੇ ਇਕ ਔਰਤ ਦੇ ਆਪਣੇ ਪਤੀ ਨਾਲ ਤਾਲਮੇਲ ਨਾ ਬਿਠਾਉਣ ਦੇ ਰਵੱਈਏ ਨੂੰ ਮਾਨਸਿਕ ਜ਼ੁਲਮ ਕਰਾਰ ਦਿੰਦੇ ਹੋਏ ਉਸ ਦੇ ਪਤੀ ਦੇ ਹੱਕ 'ਚ ਤਲਾਕ ਦਾ ਹੁਕਮ ਦੇ ਦਿੱਤਾ ਅਤੇ ਕਿਹਾ :

"ਆਪਣੇ ਪਤੀ ਨਾਲ ਕੋਈ ਵੀ ਮੱਤਭੇਦ ਗੱਲਬਾਤ ਰਾਹੀਂ ਸੁਲਝਾਉਣ ਦੀ ਥਾਂ ਉਹ ਆਪਣੇ ਜੀਵਨਸਾਥੀ ਨੂੰ ਜਨਤਕ ਤੌਰ 'ਤੇ ਬੇਇੱਜ਼ਤ ਕਰਦੀ ਸੀ। ਜੀਵਨਸਾਥੀ ਨਾਲ ਸਰੀਰਕ ਅਤੇ ਮਾਨਸਿਕ ਸਿਹਤ ਨੂੰ ਪ੍ਰਭਾਵਿਤ ਕਰਨ ਵਾਲਾ ਅਣਉਚਿਤ ਅਤੇ ਨਿੰਦਣਯੋਗ ਆਚਰਨ ਮਾਨਸਿਕ ਜ਼ੁਲਮ ਹੈ।"

ਵਰਨਣਯੋਗ ਹੈ ਕਿ 16 ਸਾਲ ਦੇ ਵਿਆਹੁਤਾ ਜੀਵਨ ਪਿੱਛੋਂ ਇਹ ਜੋੜਾ ਅਲੱਗ ਹੋ ਗਿਆ ਸੀ। ਇਸ ਕੇਸ 'ਚ ਜਿੱਥੇ ਪਤੀ ਨੇ ਆਪਣੀ ਪਤਨੀ 'ਤੇ ਮਾਨਸਿਕ ਜ਼ੁਲਮ ਦਾ ਦੋਸ਼ ਲਾਇਆ, ਤਾਂ ਪਤਨੀ ਨੇ ਦਾਜ ਮੰਗਣ ਦਾ ਦੋਸ਼ ਲਾਇਆ ਸੀ।

ਬੈਂਚ ਨੇ ਕਿਹਾ, "ਦੋਵਾਂ ਧਿਰਾਂ 'ਚ ਮਨ-ਮੁਟਾਵ ਇਕ ਵਿਆਹੁਤਾ ਰਿਸ਼ਤੇ 'ਚ ਹੋਣ ਵਾਲਾ ਆਮ ਮਨ-ਮੁਟਾਵ ਨਹੀਂ ਹੈ। ਇਹ ਪਤੀ ਪ੍ਰਤੀ ਪਤਨੀ ਦਾ ਜ਼ੁਲਮ ਭਰਿਆ ਕਾਰਾ ਹੈ।"

ਝਾਰਖੰਡ ਅਤੇ ਦਿੱਲੀ ਹਾਈਕੋਰਟਾਂ ਦੇ ਉਕਤ ਫੈਸਲੇ ਮਾਤਾ-ਪਿਤਾ ਅਤੇ ਸੱਸ-ਸਹੁਰੇ ਦੀ ਸੇਵਾ ਤੋਂ ਭੱਜਣ ਵਾਲੇ ਬੇਟਿਆਂ ਅਤੇ ਨੂੰਹਾਂ ਲਈ ਇਕ ਸਬਕ ਦੇ ਬਰਾਬਰ ਹਨ, ਜਿਸ ਲਈ ਜਸਟਿਸ ਸੁਭਾਸ਼ ਚੰਦ, ਜਸਟਿਸ ਸੁਰੇਸ਼ ਕੁਮਾਰ ਕੈਤ ਅਤੇ ਜਸਟਿਸ ਨੀਨਾ ਬੰਸਲ ਕ੍ਰਿਸ਼ਨਾ ਸਾਧੂਵਾਦ ਦੇ ਪਾਤਰ ਹਨ।

ਅਸੀਂ ਆਸ ਕਰਦੇ ਹਾਂ ਕਿ ਜੇ ਸਾਰੇ ਜੱਜ ਇਸ ਤਰ੍ਹਾਂ ਦੇ ਸਿੱਖਿਆਦਾਇਕ ਫੈਸਲੇ ਸੁਣਾਉਣ ਲੱਗਣ ਤਾਂ ਕਈ ਪਰਿਵਾਰਕ ਕਲੇਸ਼ ਸੁਲਝ ਸਕਦੇ ਹਨ। - ਵਿਜੇ ਕੁਮਾਰ

# BASRA
## Heating & Air Conditioning

**ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ**

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

**ਹੋਰ ਜਾਣਕਾਰੀ ਲਈ ਕਾਲ ਕਰੋ**

**ਸ. ਰਜਿੰਦਰ ਸਿੰਘ ਬਸਰਾ (209) 834-6188**

**Address: 231 Portico Ln, Tracy, CA 95377**

# ਇਮਰਾਨ ਖ਼ਾਨ ਤੇ ਕੁਰੈਸ਼ੀ ਨੂੰ 10-10 ਸਾਲ ਦੀ ਸਜ਼ਾ

### ਵਿਸ਼ੇਸ਼ ਅਦਾਲਤ ਨੇ ਅਡਿਆਲਾ ਜੇਲ੍ਹ 'ਚ ਸੁਣਾਇਆ ਫ਼ੈਸਲਾ




ਅੰਮ੍ਰਿਤਸਰ : ਪਾਕਿਸਤਾਨ 'ਚ ਆਫੀਸ਼ੀਅਲ ਸੀਕਰੇਟਸ ਐਕਟ ਤਹਿਤ ਸਥਾਪਿਤ ਕੀਤੀ ਗਈ ਵਿਸ਼ੇਸ਼ ਅਦਾਲਤ ਨੇ ਅੱਜ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਅਤੇ ਸਾਬਕਾ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੂੰ ਸਾਈਫ਼ਰ ਮਾਮਲੇ 'ਚ 10-10 ਸਾਲ ਦੀ ਸਜ਼ਾ ਸੁਣਾਈ। ਰਾਵਲਪਿੰਡੀ ਦੀ ਵਿਸ਼ੇਸ਼ ਅਦਾਲਤ ਦੇ ਜੱਜ ਅਬੂਲ ਹਸਨਤ ਜ਼ੁਲਕਾਰਨੈਨ ਨੇ ਅਡਿਆਲਾ ਜੇਲ੍ਹ 'ਚ ਇਹ ਫ਼ੈਸਲਾ ਸੁਣਾਇਆ। ਵਿਸ਼ੇਸ਼ ਅਦਾਲਤ ਦਾ ਇਹ ਫ਼ੈਸਲਾ ਪਾਕਿ 'ਚ 8 ਫਰਵਰੀ ਨੂੰ ਹੋਣ ਵਾਲੀਆਂ ਆਮ ਚੋਣਾਂ ਤੋਂ 9 ਦਿਨ ਪਹਿਲਾਂ ਆਇਆ ਹੈ। ਇਮਰਾਨ ਖ਼ਾਨ ਦੀ ਪਾਰਟੀ ਅਦਾਲਤੀ ਫ਼ੈਸਲੇ ਦੇ ਚੱਲਦਿਆਂ ਬਿਨਾਂ ਕਿਸੇ ਚੋਣ ਨਿਸ਼ਾਨ ਦੇ ਇਹ ਚੋਣਾਂ ਲੜ ਰਹੀ ਹੈ। ਇੱਥੇ ਇਹ ਵੀ ਦੱਸਣਯੋਗ ਹੈ ਕਿ ਇਮਰਾਨ ਖ਼ਾਨ ਦੀ ਇਹ ਦੂਜੀ ਸਜ਼ਾ ਹੈ। ਇਸ ਤੋਂ ਪਹਿਲਾਂ ਪਿਛਲੇ ਸਾਲ 5 ਅਗਸਤ ਨੂੰ ਉਨ੍ਹਾਂ ਨੂੰ ਤੋਸ਼ਾਖ਼ਾਨਾ ਕੇਸ 'ਚ ਦੋਸ਼ੀ ਠਹਿਰਾਉਂਦਿਆਂ 3 ਸਾਲ ਦੀ ਸਜ਼ਾ ਸੁਣਾਈ ਗਈ, ਜਿਸ ਦੇ ਚੱਲਦਿਆਂ ਉਹ ਰਾਵਲਪਿੰਡੀ ਦੀ ਅਡਿਆਲਾ ਜੇਲ੍ਹ 'ਚ ਬੰਦ ਹਨ। ਜਾਣਕਾਰੀ ਅਨੁਸਾਰ ਜੱਜ ਜ਼ੁਲਕਰਨੈਨ ਵਲੋਂ ਸੁਣਵਾਈ ਦੀ ਸ਼ੁਰੂਆਤ 'ਚ ਇਮਰਾਨ ਖ਼ਾਨ ਤੇ ਕੁਰੈਸ਼ੀ ਨੂੰ ਪਾਕਿਸਤਾਨ ਪੀਨਲ ਕੋਡ ਦੀ ਧਾਰਾ 342 ਤਹਿਤ ਪ੍ਰਸ਼ਨਾਵਲੀ ਦਿੱਤੀ ਗਈ। ਸਾਬਕਾ ਪ੍ਰਧਾਨ ਮੰਤਰੀ ਦੇ ਬਿਆਨ ਦਰਜ ਕਰਨ ਤੋਂ ਬਾਅਦ ਅਦਾਲਤ ਨੇ ਉਨ੍ਹਾਂ ਤੋਂ ਪੁੱਛਿਆ ਕਿ ਸਾਈਫ਼ਰ ਕਿੱਥੇ ਲੁਕਾਇਆ ਗਿਆ ਹੈ, ਜਿਸ 'ਤੇ ਉਨ੍ਹਾਂ ਨੇ ਜਵਾਬ ਦਿੱਤਾ ਕਿ ਸਾਈਫ਼ਰ ਉਨ੍ਹਾਂ ਕੋਲ ਨਹੀਂ ਹੈ। ਇਸ ਤੋਂ ਬਾਅਦ ਜੱਜ ਨੇ ਇਸ ਮਾਮਲੇ 'ਚ ਦੋਵਾਂ ਨੂੰ 10-10 ਸਾਲ ਦੀ ਸਜ਼ਾ ਸੁਣਾਈ। ਫ਼ੈਸਲਾ ਸੁਣਾਉਣ ਤੋਂ ਬਾਅਦ ਜਦੋਂ ਜੱਜ ਜ਼ੁਲਕਰਨੈਨ ਅਦਾਲਤ ਦੇ ਕਮਰੇ ਤੋਂ ਬਾਹਰ ਨਿਕਲ ਗਏ ਤਾਂ ਕੁਰੈਸ਼ੀ ਨੇ ਵਿਰੋਧ ਕੀਤਾ ਕਿ ਉਨ੍ਹਾਂ ਦਾ ਬਿਆਨ ਦਰਜ ਨਹੀਂ ਕੀਤਾ ਗਿਆ।

# ਮਹਾਰਾਜਾ ਦਲੀਪ ਸਿੰਘ ਦੀ ਵਿਰਾਸਤ ਨੂੰ ਪ੍ਰਦਰਸ਼ਿਤ ਕਰੇਗਾ ਬਰਤਾਨਵੀ ਅਜਾਇਬਘਰ

### 'ਨੈਸ਼ਨਲ ਹੈਰੀਟੇਜ ਫੰਡ' ਤੋਂ ਦੋ ਲੱਖ ਪਾਊਂਡ ਦੀ ਗਰਾਂਟ ਮਿਲੀ

ਲੰਡਨ : ਸਿੱਖ ਸਾਮਰਾਜ ਦੇ ਆਖਰੀ ਸ਼ਾਸਕ ਮਹਾਰਾਜਾ ਦਲੀਪ ਸਿੰਘ ਦੀ ਵਿਰਾਸਤ ਬਾਰੇ ਜਾਣਕਾਰੀ ਦੇਣ ਲਈ ਯੂਕੇ ਦੇ ਇਕ ਅਜਾਇਬਘਰ ਨੂੰ 'ਨੈਸ਼ਨਲ ਲਾਟਰੀ ਹੈਰੀਟੇਜ ਫੰਡ' (ਕੌਮੀ ਵਿਰਾਸਤੀ ਫੰਡ) ਵੱਲੋਂ ਦੋ ਲੱਖ ਪਾਊਂਡ ਦੀ ਗਰਾਂਟ ਦਿੱਤੀ ਗਈ ਹੈ।

ਬੀਬੀਸੀ ਦੀ ਰਿਪੋਰਟ ਮੁਤਾਬਕ ਨੌਰਫੌਕ ਥੈੱਟਫੋਰਡ ਸਥਿਤ ਅਜਾਇਬਘਰ ਨੂੰ ਇਹ ਰਾਸ਼ੀ ਇਸ ਦੀ 100ਵੀਂ ਵਰ੍ਹੇਗੰਢ ਮੌਕੇ ਮਿਲੀ ਹੈ। ਇਸ ਅਜਾਇਬਘਰ ਦੀ ਸਥਾਪਨਾ 1924 ਵਿਚ ਮਹਾਰਾਜਾ ਦਲੀਪ ਸਿੰਘ ਦੇ ਪੁੱਤਰ ਰਾਜਕੁਮਾਰ ਫਰੈੱਡਰਿਕ ਦਲੀਪ ਸਿੰਘ ਨੇ ਕੀਤੀ ਸੀ। ਰਿਪੋਰਟ ਵਿਚ ਕਿਹਾ ਗਿਆ ਹੈ ਕਿ 1,98,059 ਪਾਊਂਡ ਦੀ ਰਾਸ਼ੀ ਪਰਿਵਾਰ ਦੀ ਕਹਾਣੀ ਬਿਆਨਣ 'ਤੇ ਖ਼ਰਚ ਕੀਤੀ ਜਾਵੇਗੀ ਜਿਸ ਨੂੰ ਵੱਖ-ਵੱਖ ਮਾਧਿਅਮਾਂ ਰਾਹੀਂ ਪ੍ਰਦਰਸ਼ਿਤ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਮਹਾਰਾਜਾ ਦਲੀਪ ਸਿੰਘ, ਸਿੱਖ ਰਾਜ ਦੀ ਨੀਂਹ ਰੱਖਣ ਵਾਲੇ ਮਹਾਰਾਜਾ ਰਣਜੀਤ ਸਿੰਘ ਦੇ ਸਭ ਤੋਂ ਛੋਟੇ ਪੁੱਤਰ ਸਨ। ਪਿਤਾ ਤੇ ਭਰਾ ਦੀ ਮੌਤ ਮਗਰੋਂ ਦਲੀਪ ਸਿੰਘ ਪੰਜ ਸਾਲ ਦੀ ਉਮਰ ਵਿਚ ਹੀ ਸਿੱਖ ਰਾਜ ਦੇ ਸ਼ਾਸਕ ਬਣ ਗਏ ਸਨ ਪਰ 1849 ਵਿਚ



ਬਰਤਾਨੀਆ ਨੇ ਪੰਜਾਬ ਦੇ ਰਲੇਵੇਂ ਮਗਰੋਂ ਉਨ੍ਹਾਂ ਨੂੰ ਗੱਦੀ ਤੋਂ ਲਾਹ ਦਿੱਤਾ ਸੀ। ਪੰਦਰਾਂ ਸਾਲ ਦੀ ਉਮਰ ਵਿਚ ਦਲੀਪ ਸਿੰਘ ਬਰਤਾਨੀਆ ਪਹੁੰਚੇ ਸਨ ਤੇ ਮਗਰੋਂ ਸਫੌਕ 'ਚ ਐਲਵੀਡਨ ਹਾਲ ਵਿਚ ਆਪਣਾ ਘਰ ਬਣਾਇਆ। ਅਗਲੇ ਕਈ ਸਾਲਾਂ ਤੱਕ ਉਨ੍ਹਾਂ ਦਾ ਪਰਿਵਾਰ ਇਸੇ ਇਲਾਕੇ ਵਿਚ ਰਿਹਾ। ਦਲੀਪ ਸਿੰਘ ਦੇ ਦੂਜੇ ਪੁੱਤਰ ਰਾਜਕੁਮਾਰ ਫਰੈੱਡਰਿਕ ਨੇ ਕਸਬੇ ਦੇ ਲੋਕਾਂ ਨੂੰ 'ਥੈੱਟਫੋਰਡ ਐਂਸ਼ੀਐਂਟ ਹਾਊਸ ਮਿਊਜ਼ੀਅਮ' ਦਾਨ ਵਿਚ ਦਿੱਤਾ ਸੀ। ਲਾਟਰੀ ਹੈਰੀਟੇਜ ਫੰਡ ਦੇ ਇੰਗਲੈਂਡ ਤੇ ਮਿਡਲੈਂਡਜ਼ ਲਈ ਡਾਇਰੈਕਟਰ ਨੇ ਕਿਹਾ ਕਿ ਅਜਾਇਬਘਰ ਹੁਣ ਦਲੀਪ ਸਿੰਘ ਦੇ ਪਰਿਵਾਰ ਦੇ ਦਿਲਚਸਪ ਇਤਿਹਾਸ ਨੂੰ ਪ੍ਰਦਰਸ਼ਿਤ ਕਰਨ ਲਈ ਦੋ ਸਾਲਾਂ ਦਾ ਪ੍ਰਾਜੈਕਟ ਸ਼ੁਰੂ ਕਰ ਰਿਹਾ ਹੈ। ਨੌਰਫੌਕ ਕਾਊਂਟੀ ਕੌਂਸਲ ਨੇ ਕਿਹਾ ਕਿ ਪ੍ਰਦਰਸ਼ਨੀਆਂ ਵਿਚ ਐਂਗਲੋ-ਪੰਜਾਬ ਇਤਿਹਾਸ ਨੂੰ ਦਰਸਾਇਆ ਜਾਵੇਗਾ। ਇਸ ਤੋਂ ਇਲਾਵਾ ਪਰਿਵਾਰ ਦੇ ਯੋਗਦਾਨ ਤੇ ਹੋਰਾਂ ਉੱਦਮਾਂ ਨੂੰ ਵੀ ਪ੍ਰਦਰਸ਼ਿਤ ਕੀਤਾ ਜਾਵੇਗਾ। ਅਜਾਇਬਘਰ ਵਿਚ ਪਰਿਵਾਰ ਦੀਆਂ ਕੁਝ ਚੀਜ਼ਾਂ ਜਿਨ੍ਹਾਂ ਵਿਚ ਦਲੀਪ ਸਿੰਘ ਦੀ 'ਵਾਕਿੰਗ ਸਟਿੱਕ' ਵੀ ਸ਼ਾਮਲ ਹੈ, ਨੂੰ ਵੀ ਪ੍ਰਦਰਸ਼ਿਤ ਕੀਤਾ ਜਾਵੇਗਾ। ਉਨ੍ਹਾਂ ਨੂੰ ਇਹ 'ਸਟਿੱਕ' ਬਰਤਾਨੀਆ ਦੇ ਮਹਾਰਾਜਾ ਐਡਵਰਡ ਸੱਤਵੇਂ ਨੇ ਉਸ ਵੇਲੇ ਦਿੱਤੀ ਸੀ ਜਦ ਉਹ ਵੇਲਜ਼ ਦੇ ਸ਼ਹਿਜ਼ਾਦੇ ਸਨ।

# ਕੈਨੇਡਾ: ਗੁਰਦੁਆਰੇ 'ਚ ਸ਼ਰਧਾਲੂਆਂ ਨੂੰ ਡਰਾਉਣ ਦੇ ਮਾਮਲੇ ਦੀ ਜਾਂਚ ਸ਼ੁਰੂ

ਓਟਵਾ : ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਇਕ ਗੁਰਦੁਆਰੇ 'ਚ ਦੋ ਕਿਰਪਾਨਾਂ ਲਹਿਰਾ ਕੇ ਸ਼ਰਧਾਲੂਆਂ ਨੂੰ ਡਰਾਉਣ ਦੇ ਮਾਮਲੇ ਦੀ ਕੈਨੇਡੀਅਨ ਅਧਿਕਾਰੀਆਂ ਵੱਲੋਂ ਜਾਂਚ ਕੀਤੀ ਜਾ ਰਹੀ ਹੈ। 'ਗਲੋਬਲ ਨਿਊਜ਼ਡਾਟਸੀਏ' ਮੁਤਾਬਕ ਇਹ ਘਟਨਾ ਪੈਂਟਿਕਟਨ ਸਿਟੀ 'ਚ ਐਤਵਾਰ ਸ਼ਾਮ ਸਮੇਂ ਵਾਪਰੀ। ਰੌਇਲ ਕੈਨੇਡੀਅਨ ਮਾਊਂਟਿਡ ਪੁਲੀਸ ਦੇ ਹਵਾਲੇ ਨਾਲ ਰਿਪੋਰਟ 'ਚ ਕਿਹਾ ਗਿਆ ਹੈ ਕਿ 23 ਵਰ੍ਹਿਆਂ ਦਾ ਨੌਜਵਾਨ ਕਿਰਪਾਨਾਂ ਲਹਿਰਾ ਕੇ ਗੁਰਦੁਆਰੇ 'ਚ ਆ ਰਹੇ ਲੋਕਾਂ ਨੂੰ ਡਰਾ ਰਿਹਾ ਸੀ। ਇਸ ਘਟਨਾ 'ਚ ਕੋਈ ਵੀ ਜ਼ਖ਼ਮੀ ਨਹੀਂ ਹੋਇਆ ਹੈ। ਪੁਲੀਸ ਨੇ ਇਕ ਵਿਅਕਤੀ ਨੂੰ ਹਿਰਾਸਤ 'ਚ ਲਿਆ ਸੀ।








Gurdwara Nanak Darbar Sahib
126 South Cherry Street, Olathe, KS- 66061
ਵਿਖੇ ਇਕ ਗ੍ਰੰਥੀ ਸਿੰਘ ਦੀ ਜ਼ਰੂਰਤ ਹੈ
ਤਬਲਾ ਵਜਾਉਣ ਵਿਚ ਮਾਹਿਰ
ਕੀਰਤਨ ਕਰਨ ਵਿਚ ਮਾਹਿਰ
ਸ਼ੁੱਧ ਪਾਠ ਕਰ ਸਕਦਾ ਹੋਵੇ
ਅੰਗਰੇਜ਼ੀ (English) ਜਾਣਦਾ ਹੋਵੇ।
ਕਿਸ ਜਗ੍ਹਾ ਤੋਂ ਵਿਦਿਆ ਪ੍ਰਾਪਤ ਕੀਤੀ
ਕਿਸ ਜਗ੍ਹਾ ਤੋਂ ਸੰਥਿਆ ਅਤੇ ਕੀਰਤਨ ਸਿੱਖਿਆ
ਕਿੰਨੇ ਸਾਲ ਦਾ ਤਜਰਬਾ 8. ਜੇਕਰ ਕੋਈ Video ਹੋਵੇ ਤਾਂ ਨਾਲ ਨੱਥੀ ਕਰ ਦਿੱਤੀ ਜਾਵੇ
(913) 256-9498
Submitted Copy
gnds@kcsikh.org
suchasingh60@gmail.com

# ਬਾਬਾ ਦੀਪ ਸਿੰਘ ਦੇ ਜਨਮ ਦਿਹਾੜੇ ਮੌਕੇ ਨਗਰ ਕੀਰਤਨ ਸਜਾਇਆ



ਮੰਡੀ ਗੋਬਿੰਦਗੜ੍ਹ : ਅਮਰ ਸ਼ਹੀਦ ਬਾਬਾ ਦੀਪ ਸਿੰਘ ਦੇ 342ਵੇਂ ਜਨਮ ਦਿਹਾੜੇ ਮੌਕੇ ਮੁੱਹਲਾ ਸੰਗਤਪੁਰਾ ਦੇ ਗੁਰਦਆਰਾ ਸੰਗਤਸਰ ਸਾਹਿਬ ਅਤੇ ਨਗਰ ਨਿਵਾਸੀਆ ਵੱਲੋਂ ਨਗਰ ਕੀਰਤਨ ਸਜਾਇਆ ਗਿਆ। ਇਹ ਨਗਰ ਕੀਰਤਨ ਗੁਰੂ ਗ੍ਰੰਥ ਸਾਹਿਬ ਦੀ ਸਰਪ੍ਰਸਤੀ ਹੇਠ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਗੁਰਦੁਆਰਾ ਸੰਗਤਸਰ ਸਾਹਿਬ ਮੁੱਹਲਾ ਸੰਗਤਪੁਰਾ ਤੋਂ ਸ਼ੁਰੂ ਹੋ ਕੇ ਵਿਧੀ ਚੰਦ ਕਲੋਨੀ, ਇਕਬਾਲ ਨਗਰ, ਐਰੀ ਮਿੱਲ ਰੋਡ, ਅਮਲੋਹ ਰੋਡ, ਗੁਰਦਆਰਾ ਗੁਪਤਸਰ ਸਾਹਿਬ, ਗੁਰਦਆਰਾ ਪਾਤਸਾਹੀ ਪੰਜਵੀ ਪਿੰਡ ਜੱਸੜਾ ਹੁੰਦਾ ਹੋਇਆ, ਜੀ.ਟੀ.ਰੋਡ, ਮੀਰੀ ਪੀਰੀ ਗੇਟ, ਮੇਨ ਬਾਜ਼ਾਰ, ਗੁਰਦੁਆਰਾ ਸਿੰਘ ਸਭਾ, ਪ੍ਰਤਾਪ ਮਿਲ ਰੋਡ ਨਸਰਾਲੀ, ਮਾਡਲ ਟਾਊਨ, ਗੁਰਦੁਆਰਾ ਸਿੰਘ ਸਭਾ ਹੋ ਕੇ ਗੁਰਦੁਆਰਾ ਸੰਗਤਸਰ ਸਾਹਿਬ ਵਿੱਚ ਸੰਪੂਰਨ ਹੋਇਆ। ਰਸਤੇ ਵਿੱਚ ਥਾਂ-ਥਾਂ ’ਤੇ ਇਸ ਦਾ ਸਵਾਗਤ ਕੀਤਾ ਅਤੇ ਸਵਾਗਤੀ ਗੇਟ ਲਗਾ ਕੇ ਲੰਗਰ ਲਗਾਏ ਗਏ। ਇਸ ਮੌਕੇ ਹੈੱਡ ਗ੍ਰੰਥੀ ਭਾਈ ਕਰਨੈਲ ਸਿੰਘ, ਭਾਈ ਗੁਰਮੀਤ ਸਿੰਘ ਪ੍ਰਦੇਸੀ ਦੇ ਜਥਿਆ ਨੇ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ। ਲਾਇਨਜ਼ ਮਾਡਲ ਸਕੂਲ, ਬਲਿਊ ਸਟਾਰ ਪਬਲਿਕ ਸਕੂਲ ਦੇ ਬੱਚਿਆਂ ਅਤੇ ਅਧਿਆਪਕਾਂ ਨੇ ਵੀ ਨਗਰ ਕੀਰਤਨ ਵਿੱਚ ਸ਼ਿਰਕਤ ਕੀਤੀ, ਫੁੱਲਾਂ ਦੀ ਸੇਵਾ ਹਰਦੇਵ ਸਿੰਘ ਵੱਲੋਂ ਕੀਤੀ ਗਈ। ਜਥੇਦਾਰ ਜਸਵੰਤ ਸਿੰਘ, ਪ੍ਰਭਦਿਆਲ ਸਿੰਘ, ਗੁਰੂ ਹਰਗੋਬਿੰਦ ਸਾਹਿਬ ਅਖਾੜਾ ਨੇ ਗਤਕੇ ਦੇ ਜ਼ੌਹਰ ਵਿਖਾਏ। ਨਗਰ ਕੀਰਤਨ ਵਿੱਚ ਨਿਸ਼ਕਾਮ ਕੀਰਤਨ ਸੇਵਾ ਸੁਸਾਇਟੀ ਦੇ ਪ੍ਰਧਾਨ ਕਰਮਜੀਤ ਸਿੰਘ ਬਿੱਟੂ, ਸਾਹਿਬਜੋਤ ਸਿੰਘ, ਕੌਂਸਲਰ ਵਨੀਤ ਕੁਮਾਰ ਬਿੱਟੂ, ਨਾਜਰ ਸਿੰਘ, ਸਾਬਕਾ ਕੌਂਸਲਰ ਰਣਧੀਰ ਸਿੰਘ ਹੈਪੀ, ਸੁਖਵਿੰਦਰ ਕੌਰ, ਬਿਕਰਮ ਸਿੰਘ ਰਜਿੰਦਰ ਕੁਮਾਰ ਟੀਟੂ, ਜਤਿੰਦਰ ਸਿੰਘ ਧਾਰੀਵਾਲ, ਜਰਨੈਲ ਸਿੰਘ ਮਾਜਰ ਆਦਿ ਮੌਜੂਦ ਸਨ।

# ਬਾਬਾ ਦੀਪ ਸਿੰਘ ਦੇ ਜੀਵਨ ਤੋਂ ਸੇਧ ਲੈਣ ਨੌਜਵਾਨ: ਜਥੇਦਾਰ ਹਰਪ੍ਰੀਤ ਸਿੰਘ



ਤਲਵੰਡੀ ਸਾਬੋ : ਤਖ਼ਤ ਦਮਦਮਾ ਸਾਹਿਬ ਦੇ ਪਹਿਲੇ ਜਥੇਦਾਰ ਬਾਬਾ ਦੀਪ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਇੱਥੇ ਜਥੇਦਾਰ ਹਰਪ੍ਰੀਤ ਸਿੰਘ ਦੀ ਅਗਵਾਈ ਹੇਠ ਕੌਮਾਂਤਰੀ ਸਿੱਖ ਯੂਥ ਕਾਨਫਰੰਸ ਕਰਵਾਈ ਗਈ। ਇਸ ਦੌਰਾਨ ਗਿਆਨੀ ਹਰਪ੍ਰੀਤ ਸਿੰਘ ਨੇ ਬਾਬਾ ਦੀਪ ਸਿੰਘ ਦੀ ਪੰਥ ਪ੍ਰਤੀ ਦੇਣ ਨੂੰ ਯਾਦ ਕਰਦਿਆਂ ਨੌਜਵਾਨਾਂ ਨੂੰ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਅੱਜ ਸਾਡੀ ਨੌਜਵਾਨ ਪੀੜ੍ਹੀ ਨੂੰ ਗੁਰੂ ਗ੍ਰੰਥ ਅਤੇ ਗੁਰੂ ਪੰਥ ਨਾਲ ਜੋੜਨ ਦੀ ਲੋੜ ਹੈ। ਇਸ ਦੌਰਾਨ ਸਿੱਖ ਵਿਦਵਾਨ ਤੇ ਇਤਿਹਾਸਕਾਰ ਡਾਕਟਰ ਸੁਖਪ੍ਰੀਤ ਸਿੰਘ ਉੱਦੋਕੇ ਨੇ ਬਾਬਾ ਦੀਪ ਸਿੰਘ ਦੀ ਲਾਸਾਨੀ ਸ਼ਹਾਦਤ, ਸਿੱਖ ਪੰਥ ਵਿੱਚ ਉਨ੍ਹਾਂ ਵੱਲੋਂ ਪਾਏ ਯੋਗਦਾਨ ਅਤੇ ਕੌਮ ਦੀ ਕੀਤੀ ਅਗਵਾਈ ਬਾਰੇ ਵਿਚਾਰ ਸਾਂਝੇ ਕੀਤੇ। ਇਸ ਤੋਂ ਇਲਾਵਾ ਲੇਖਕ ਬੀਰ ਸਿੰਘ, ਪਰਮਿੰਦਰ ਸਿੰਘ ਆਸਟਰੇਲੀਆ (ਖਾਲਸਾ ਫੁੱਲਵਾੜੀ) ਅਤੇ ਹਰਨਵ ਬੀਰ ਸਿੰਘ ਅਮਰੀਕਾ ਨੇ ਵੀ ਸੰਬੋਧਨ ਕੀਤਾ।

ਇਸ ਮੌਕੇ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਵੱਖ-ਵੱਖ ਖੇਤਰਾਂ ਵਿੱਚ ਵਡਮੁੱਲੀਆਂ ਸੇਵਾਵਾਂ ਨਿਭਾਅ ਰਹੀਆਂ ਸਿੱਖ ਸ਼ਖ਼ਸੀਅਤਾਂ ਨੂੰ ‘ਮਾਣ ਮੱਤੇ ਸਿੱਖ ਐਵਾਰਡ’ ਨਾਲ ਸਨਮਾਨਿਆ ਗਿਆ। ਐਵਾਰਡ ਹਾਸਲ ਕਰਨ ਵਾਲੀਆਂ ਸ਼ਖ਼ਸੀਅਤਾਂ ਵਿੱਚ ਬਾਬਾ ਸੁੱਖਾ ਸਿੰਘ ਕਾਰ ਸੇਵਾ ਸਰਹਾਲੀ, ਭਾਈ ਸਤਨਾਮ ਸਿੰਘ, ਭਾਈ ਪਰਮਿੰਦਰ ਸਿੰਘ ਆਸਟਰੇਲੀਆ, ਜਸਵਿੰਦਰ ਸਿੰਘ, ਜਰਮਨਪ੍ਰੀਤ ਸਿੰਘ (ਭਾਰਤੀ ਹਾਕੀ ਟੀਮ), ਹਰਨਵ ਬੀਰ ਸਿੰਘ ਅਮਰੀਕਾ (ਲਿਖਾਰੀ), ਅਭੈਨੂਰ ਸਿੰਘ, ਬੀਬੀ ਗੁਨੀਤ ਕੌਰ ਪੁਣੇ, ਸ਼ਰਨਦੀਪ ਸਿੰਘ ਸ਼ਰਨ ਆਰਟਸ, ਗੁਰਜਿੰਦਰ ਸਿੰਘ ਨਾਗੀ ਆਰਟਸ, ਸੁਖਮਿੰਦਰ ਸਿੰਘ (ਰਹਿਰਾਸ ਸੇਵਾ), ਬੇਅੰਤ ਸਿੰਘ ਮਾਵੀ ਦਸਤਾਰ ਕੋਚ, ਗੁਰਸਾਹਿਬ ਸਿੰਘ (ਟੀਮ 1699) ਆਦਿ ਸ਼ਾਮਲ ਸਨ।

# ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਸ਼ਹੀਦ ਬਾਬਾ ਦੀਪ ਸਿੰਘ ਦਾ ਜਨਮ ਦਿਹਾੜਾ

## ਗੁ: ਸ਼ਹੀਦ ਗੰਜ ਸਾਹਿਬ ਵਿਖੇ ਦੇਰ ਰਾਤ ਤੱਕ ਸਜੇ ਗੁਰਮਤਿ ਸਮਾਗਮ



ਅੰਮ੍ਰਿਤਸਰ : ਸਿੱਖ ਕੌਮ ਦੇ ਸਿਰਲੱਥ ਯੋਧੇ ਤੇ ਲਾਸਾਨੀ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ 342ਵੇਂ ਜਨਮ ਦਿਹਾੜੇ ਮੌਕੇ ਸਜੇ ਦੋ ਦਿਨਾ ਗੁਰਮਤਿ ਸਮਾਗਮਾਂ ਵਿਚ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਚਾਟੀਵਿੰਡ ਚੌਕ ਵਿਖੇ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਗੁਰਮਿੰਦਰ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸੰਤ ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ, ਭਾਈ ਰਜਿੰਦਰ ਸਿੰਘ ਮਹਿਤਾ ਸਮੇਤ ਹੋਰ ਸ਼੍ਰੋਮਣੀ ਕਮੇਟੀ ਮੈਂਬਰਾਂ ਤੇ ਪ੍ਰਮੁੱਖ ਸ਼ਖ਼ਸੀਅਤਾਂ ਸਮੇਤ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਸ਼ਰਧਾ ਤੇ ਉਤਸ਼ਾਹ ਸਹਿਤ ਸ਼ਾਮਿਲ ਹੋਈਆਂ, ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਗੁਰਮਤਿ ਸਮਾਗਮ ਵਿਚ ਸ਼ਿਰਕਤ ਕਰਦਿਆਂ ਸੰਗਤਾਂ ਨੂੰ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਦੀ ਵਧਾਈ ਦਿੰਦਿਆਂ ਉਨ੍ਹਾਂ ਵਲੋਂ ਗੁਰਧਾਮਾਂ ਦੀ ਰਾਖੀ ਲਈ ਦਿੱਤੀ ਮਹਾਨ ਸ਼ਹਾਦਤ ਤੇ ਜੀਵਨ ਇਤਿਹਾਸ ਤੋਂ ਸੰਗਤਾਂ ਨੂੰ ਜਾਣੂ ਕਰਾਇਆ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵੀ ਜਨਮ ਦਿਹਾੜੇ ਦੀ ਵਧਾਈ ਦਿੰਦਿਆਂ ਕਿਹਾ ਕਿ ਬਾਬਾ ਜੀ ਦੀਆਂ ਸੇਵਾਵਾਂ ਬਹੁਤ ਵੱਡੀਆਂ ਹਨ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਪਾਵਨ ਸਰੂਪ ਆਪਣੇ ਹੱਥ ਨਾਲ ਲਿਖ ਕੇ ਤਖ਼ਤ ਸਾਹਿਬਾਨ ’ਤੇ ਪ੍ਰਕਾਸ਼ ਕਰਵਾਏ। ਗੁਰਮਤਿ ਸਮਾਗਮਾਂ ’ਚ ਰਾਗੀ, ਢਾਡੀ ਤੇ ਕਵੀਸ਼ਰ ਜਥਿਆਂ, ਸੰਤ ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ, ਭਾਈ ਗੁਰਇਕਬਾਲ ਸਿੰਘ, ਭਾਈ ਸਰੂਪ ਸਿੰਘ ਹਜ਼ੂਰੀ ਰਾਗੀ, ਭਾਈ ਸਰਬਜੀਤ ਸਿੰਘ ਪਟਨਾ ਸਾਹਿਬ, ਭਾਈ ਗਗਨਦੀਪ ਸਿੰਘ ਗੰਗਾਨਗਰ, ਭਾਈ ਜਸਬੀਰ ਸਿੰਘ ਪਾਉਂਟਾ ਸਾਹਿਬ, ਭਾਈ ਬੰਤਾ ਸਿੰਘ ਮੁੰਡਾ ਪਿੰਡ, ਭਾਈ ਅਮਨਦੀਪ ਸਿੰਘ, ਢਾਡੀ ਜਥਾ ਭਾਈ ਸਤਨਾਮ ਸਿੰਘ ਲਾਲੂਘੁੰਮਣ ਤੇ ਹੋਰ ਜਥਿਆਂ ਤੇ ਸਿੰਘ ਸਾਹਿਬਾਨ ਨੇ ਦੇਰ ਅੱਧੀ ਰਾਤ ਤੱਕ ਕਥਾ ਕੀਰਤਨ ਦੀ ਛਹਿਬਰ ਲਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸੇ ਦੌਰਾਨ ਦੇਰ ਅੱਧੀ ਰਾਤ ਨੂੰ ਸ਼ਰਧਾਲੂਆਂ ਵਲੋਂ ਵਿਸ਼ੇਸ਼ ਤੌਰ ’ਤੇ ਤਿਆਰ ਕਰਵਾ ਕੇ ਲਿਆਂਦੇ 600 ਪੌਂਡ ਦਾ ਕੇਕ ਸੰਗਤਾਂ ਲਈ ਖਿੱਚ ਦਾ ਕੇਂਦਰ ਰਿਹਾ।







# ਬਾਈਡੇਨ ਲਈ ਵੱਡੀ ਚੁਣੌਤੀ, ਰਾਸ਼ਟਰਪਤੀ ਚੋਣ ਰੇਟਿੰਗ ਚ ਟਰੰਪ ਅੱਗੇ

ਵਾਸ਼ਿੰਗਟਨ : ਅਮਰੀਕਾ ਦੇ ਨਿਊ ਹੈਂਪਸ਼ਾਇਰ 'ਚ ਜਿੱਤ ਤੋਂ ਬਾਅਦ ਟਰੰਪ ਦਾ ਰਾਹ ਆਸਾਨ ਹੋ ਗਿਆ ਹੈ। ਅਮਰੀਕੀ ਰਾਸ਼ਟਰਪਤੀ ਚੋਣਾਂ ਵਿੱਚ ਰਿਪਬਲਿਕਨ ਉਮੀਦਵਾਰਾਂ ਦੀ ਦੌੜ ਵਿੱਚ ਸ਼ਾਮਲ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਲਈ ਰਾਹ ਪੱਧਰਾ ਹੋ ਗਿਆ ਹੈ। ਰਿਪਬਲਿਕਨ ਪਾਰਟੀ ਤੋਂ ਦੌੜ ਵਿੱਚ ਸ਼ਾਮਲ ਕਈ ਲੋਕਾਂ ਦੇ ਬਾਹਰ ਹੋਣ ਤੋਂ ਬਾਅਦ ਟਰੰਪ ਦਾ ਹੁਣ ਦੱਖਣੀ ਕੈਰੋਲੀਨਾ ਦੀ ਸਾਬਕਾ ਭਾਰਤੀ ਮੂਲ ਦੀ ਗਵਰਨਰ ਨਿੱਕੀ ਹੇਲੀ ਤੋਂ ਇਲਾਵਾ ਕੋਈ ਵਿਰੋਧੀ ਨਹੀਂ ਹੈ। ਭਾਰਤੀ ਮੂਲ ਦੇ ਕਾਰੋਬਾਰੀ ਵਿਵੇਕ ਰਾਮਾਸਵਾਮੀ ਅਤੇ ਫਲੋਰੀਡਾ ਦੇ ਗਵਰਨਰ ਰੌਨ ਡੀਸੈਂਟਿਸ ਨੇ ਰਾਸ਼ਟਰਪਤੀ ਦੇ ਅਹੁਦੇ ਦੀ ਦੌੜ ਤੋਂ ਬਾਹਰ ਹੋਣ ਦੇ ਬਾਅਦ ਡੋਨਾਲਡ ਟਰੰਪ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ ਹੈ। ਇਸ ਨਾਲ ਟਰੰਪ ਨੂੰ ਵੀ ਕਾਫੀ ਫ਼ਾਇਦਾ ਹੋਇਆ ਹੈ।

ਨਿਊ ਹੈਂਪਸ਼ਾਇਰ ਸੂਬੇ ਦੀ ਪ੍ਰਾਇਮਰੀ ਤੋਂ ਬਾਅਦ ਇਹ ਤੈਅ ਹੈ ਕਿ 2024 ਦੀ ਰਾਸ਼ਟਰਪਤੀ ਚੋਣ ਟਰੰਪ ਬਨਾਮ ਬਾਈਡੇਨ ਵਿਚਕਾਰ ਹੋਵੇਗੀ। ਯੂਕ੍ਰੇਨ ਯੁੱਧ, ਇਜ਼ਰਾਈਲ-ਹਮਾਸ ਯੁੱਧ, ਲਾਲ ਸਾਗਰ ਸੰਕਟ ਅਤੇ ਜਾਰਡਨ ਵਿੱਚ ਅਮਰੀਕੀ ਸੈਨਿਕਾਂ ਦੀ ਹਾਲ ਹੀ ਵਿੱਚ ਹੋਈ ਮੌਤ ਤੋਂ ਬਾਅਦ ਵਿਰੋਧੀ ਧਿਰਾਂ ਦਾ ਦਬਾਅ ਹੁਣ ਮੌਜੂਦਾ ਰਾਸ਼ਟਰਪਤੀ ਜੋਅ ਬਾਈਡੇਨ 'ਤੇ ਲਗਾਤਾਰ ਵਧਦਾ ਜਾ ਰਿਹਾ ਹੈ। ਬਾਈਡੇਨ ਨੇ ਹਾਲਾਂਕਿ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ। ਜਦਕਿ ਟਰੰਪ ਰਾਸ਼ਟਰਪਤੀ ਦੀ ਦੌੜ ਵਿੱਚ ਬਾਈਡੇਨ ਤੋਂ ਅੱਗੇ ਹਨ। ਇੱਕ ਨਵੇਂ ਪੋਲ ਵਿੱਚ ਰਾਸ਼ਟਰਪਤੀ ਚੋਣ ਵਿੱਚ ਟਰੰਪ ਅਤੇ ਬਾਈਡੇਨ ਵਿਚਕਾਰ ਸਿੱਧੀ ਟੱਕਰ ਦੇ ਨਤੀਜੇ ਸਾਹਮਣੇ ਆਏ ਹਨ। ਜਿਸ ਵਿੱਚ ਕਿਹਾ ਗਿਆ ਹੈ ਕਿ ਟਰੰਪ, ਬਾਈਡੇਨ ਤੋਂ 6 ਅੰਕ ਅੱਗੇ ਹਨ।

ਅਮਰੀਕਾ ਵਿੱਚ ਕਰਵਾਏ ਗਏ ਇਕ ਸਰਵੇਖਣ ਵਿੱਚ 40% ਲੋਕਾਂ ਨੇ ਟਰੰਪ ਨੂੰ ਚੁਣਿਆ ਹੈ। ਜਦਕਿ 34% ਲੋਕਾਂ ਨੇ ਬਾਈਡੇਨ ਨੂੰ ਚੁਣਿਆ। ਰਿਪਬਲਿਕਨ ਪਾਰਟੀ ਦੇ ਦਾਅਵੇਦਾਰ ਟਰੰਪ ਅਜੇ



ਵੀ ਨਿੱਕੀ ਹੈਲੀ ਤੋਂ 11 ਅੰਕਾਂ ਦੇ ਨਾਲ ਅੱਗੇ ਹਨ। ਨਿਊ ਹੈਂਪਸ਼ਾਇਰ 'ਚ ਰਿਪਬਲਿਕਨ ਪ੍ਰਾਇਮਰੀ 'ਚ ਡੋਨਾਲਡ ਟਰੰਪ ਦੀ ਜਿੱਤ ਤੋਂ ਬਾਅਦ ਨਿੱਕੀ ਹੈਲੀ ਦਾ ਰਾਹ ਹੋਰ ਮੁਸ਼ਕਲ ਹੋ ਗਿਆ ਹੈ ਕਿਉਂਕਿ ਉੱਥੇ ਉਹ ਟਰੰਪ ਤੋਂ 11 ਅੰਕਾਂ ਦੇ ਨਾਲ ਪਿੱਛੇ ਹੈ। ਇਸ ਤੋਂ ਪਹਿਲਾਂ 15 ਜਨਵਰੀ ਨੂੰ ਆਇਓਵਾ ਕਾਕਸ 'ਚ ਵੋਟਿੰਗ ਦੌਰਾਨ ਟਰੰਪ ਨਿੱਕੀ ਹੈਲੀ ਤੋਂ 31 ਅੰਕਾਂ ਨਾਲ ਅੱਗੇ ਸਨ। ਦੱਖਣੀ ਕੈਰੋਲੀਨਾ ਵਿੱਚ ਰਿਪਬਲਿਕਨ, ਜਿੱਥੇ ਨਿੱਕੀ ਗਵਰਨਰ ਸੀ, ਟਰੰਪ ਦੇ ਸਮਰਥਨ ਵਿੱਚ ਸਾਹਮਣੇ ਆਈ ਹੈ।

ਰਿਪਬਲਿਕਨ ਉਮੀਦਵਾਰੀ ਦੀ ਦੌੜ ਵਿੱਚ ਸ਼ਾਮਲ ਡੋਨਾਲਡ ਟਰੰਪ ਅਤੇ ਨਿੱਕੀ ਹੈਲੀ ਵਿਚਾਲੇ ਅਗਲਾ ਮੁਕਾਬਲਾ ਦੱਖਣੀ ਕੈਰੋਲੀਨਾ ਵਿੱਚ ਹੋਵੇਗਾ। ਜਿੱਥੇ ਪ੍ਰਾਇਮਰੀ 24 ਫਰਵਰੀ ਨੂੰ ਹੋਣੀ ਹੈ। ਨਿੱਕੀ ਹੈਲੀ ਦੱਖਣੀ ਕੈਰੋਲੀਨਾ ਦੀ ਸਾਬਕਾ ਗਵਰਨਰ ਹੈ। ਇਹ ਉਸ ਦਾ ਗ੍ਰਹਿ ਰਾਜ ਵੀ ਹੈ। ਪਰ ਵੱਡੀ ਸਮੱਸਿਆ ਇਹ ਹੈ ਕਿ ਆਇਓਵਾ ਵਾਂਗ ਇੱਥੇ ਵੀ ਟਰੰਪ ਸਮਰਥਕਾਂ ਦੀ ਗਿਣਤੀ ਨਿੱਕੀ ਤੋਂ ਵੱਧ ਹੈ।ਰਾਜ ਦੇ ਮੌਜੂਦਾ ਗਵਰਨਰ ਹੈਨਰੀ ਮੈਕਮਾਸਟਰ ਸਮੇਤ ਕਈ ਵੱਡੇ ਰਿਪਬਲਿਕਨ ਨੇਤਾਵਾਂ ਨੇ ਜਿੱਥੇ ਹੇਲੀ ਪਹਿਲੀ ਗਵਰਨਰ ਸੀ, ਨੇ ਟਰੰਪ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ ਹੈ। ਸੈਨੇਟਰ ਲਿੰਡਸੇ ਗ੍ਰਾਹਮ, ਟਿਮ ਸਕਾਟ, ਨੈਨਸੀ ਮੈਕ ਵਰਗੇ ਵੱਡੇ ਨੇਤਾਵਾਂ ਨੇ ਵੀ ਰਿਪਬਲਿਕਨ ਵੋਟਰਾਂ ਨੂੰ ਟਰੰਪ ਦਾ ਸਮਰਥਨ ਕਰਨ ਦੀ ਵੀ ਅਪੀਲ ਕੀਤੀ ਹੈ।

# ਪੰਜਾਬ ਇੰਚਾਰਜ ਦੇਵੇਂਦਰ ਯਾਦਵ ਦੀ ਹਾਜ਼ਰੀ 'ਚ ਕਾਂਗਰਸੀ ਭਿੜੇ

ਅੰਮ੍ਰਿਤਸਰ : ਕਾਂਗਰਸ ਦੇ ਦੋ ਵੱਡੇ ਆਗੂਆਂ ਵਿਚਾਲੇ ਚਲ ਰਿਹਾ ਕਾਟੋ-ਕਲੇਸ਼ ਹਾਲੇ ਮੁੱਕਿਆ ਨਹੀਂ ਕਿ ਅੱਜ ਇਥੇ ਸਾਬਕਾ ਉਪ ਮੁੱਖ ਮੰਤਰੀ ਓਮ ਪ੍ਰਕਾਸ਼ ਸੋਨੀ ਤੇ ਲੋਕ ਸਭਾ ਮੈਂਬਰ ਗੁਰਜੀਤ ਸਿੰਘ ਔਜਲਾ ਵਿਚਾਲੇ ਵੀ ਚੱਲ ਰਹੇ ਮਤਭੇਦ ਉਭਰ ਕੇ ਸਾਹਮਣੇ ਆ ਗਏ। ਅੱਜ ਇਥੇ ਸੂਬਾ ਕਾਂਗਰਸ ਦੇ ਇੰਚਾਰਜ ਦੇਵੇਂਦਰ ਯਾਦਵ ਦੀ ਹਾਜ਼ਰੀ 'ਚ ਸੋਨੀ ਤੇ ਔਜਲਾ ਸਮਰਥਕ ਆਪਸ 'ਚ ਭਿੜ ਪਏ ਤੇ ਨੌਬਤ ਹੱਥੋਪਾਈ ਤੱਕ ਦੀ ਆ ਗਈ, ਦੋਵਾਂ ਧਿਰਾਂ ਨੂੰ ਸਟੇਜ ਤੋਂ ਵਾਰ-ਵਾਰ ਸ਼ਾਂਤ ਰਹਿਣ ਦੀਆਂ ਅਪੀਲਾਂ ਵੱਡੇ ਆਗੂਆਂ ਨੂੰ ਵੀ ਕਰਨੀਆਂ ਪਈਆਂ। ਇਸ ਦੇ ਨਾਲ ਹੀ ਅੱਜ ਇਥੇ ਲੋਕ ਸਭਾ ਮੈਂਬਰ, ਵਿਧਾਇਕ ਤੇ ਮੰਤਰੀ ਰਹੇ ਨਵਜੋਤ ਸਿੰਘ ਸਿੱਧੂ ਨੂੰ ਸੱਦਾ ਭੇਜੇ ਜਾਣ ਦੇ ਬਾਵਜੂਦ ਮੀਟਿੰਗ 'ਚੋਂ ਗ਼ੈਰ ਹਾਜ਼ਰ ਰਹਿਣਾ ਵੀ ਚਰਚਾ 'ਚ ਬਣਿਆ ਰਿਹਾ। ਅਸਲ 'ਚ ਅੱਜ ਇਥੇ ਜ਼ਿਲ੍ਹਾ ਕਾਂਗਰਸ ਕਮੇਟੀ ਦਿਹਾਤੀ ਦਫ਼ਤਰ ਵਿਖੇ ਕਾਂਗਰਸ ਵਲੋਂ ਮਿਸ਼ਨ-2024 ਦੇ ਬੈਨਰ ਹੇਠ 7ਵੇਂ ਲੋਕ ਸਭਾ ਹਲਕੇ ਅੰਮ੍ਰਿਤਸਰ ਲਈ ਖੁੱਲ੍ਹੀ ਚਰਚਾ ਰੱਖੀ ਗਈ ਸੀ, ਜਿਸ 'ਚ ਇੰਚਾਰਜ ਯਾਦਵ ਤੋਂ ਇਲਾਵਾ ਸੂਬਾ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਸਾਬਕਾ ਉਪ ਮੁੱਖ ਮੰਤਰੀ ਓ. ਪੀ. ਸੋਨੀ, ਲੋਕ ਸਭਾ ਮੈਂਬਰ ਗੁਰਜੀਤ ਸਿੰਘ ਔਜਲਾ, ਪ੍ਰਧਾਨ ਹਰਪ੍ਰਤਾਪ ਸਿੰਘ ਅਜਨਾਲਾ ਤੇ ਭਗਵੰਤਪਾਲ ਸਿੰਘ ਸੱਚਰ, ਸੁਖਪਾਲ ਸਿੰਘ ਭੁੱਲਰ ਆਦਿ ਸੀਨੀਅਰ ਲੀਡਰਸ਼ਿਪ ਮੰਚ 'ਤੇ ਹਾਜ਼ਰ ਸਨ ਅਤੇ ਕਾਂਗਰਸੀ ਆਗੂਆਂ ਤੇ ਵਰਕਰਾਂ ਤੋਂ ਲੋਕ ਸਭਾ ਚੋਣਾਂ ਲਈ ਸੁਝਾਅ ਲਏ ਜਾ ਰਹੇ ਹਨ ਜਦੋਂਕਿ ਸੋਨੀ ਦੇ ਸਮਰਥਕ ਕਾਂਗਰਸੀ ਆਗੂ ਪਰਮਜੀਤ



ਸਿੰਘ ਚੋਪੜਾ ਨੇ ਸੋਨੀ ਨੂੰ ਟਿਕਟ ਦੇਣ ਦੀ ਮੰਗ ਕਰਦਿਆਂ ਕਿਹਾ ਕਿ ਅਯੁੱਧਿਆ 'ਚ ਸ੍ਰੀ ਰਾਮ ਮੰਦਰ ਦੇ ਪ੍ਰੋਗਰਾਮ ਤੋਂ ਬਾਅਦ ਹੁਣ ਇਥੋਂ ਟਿਕਟ ਹਿੰਦੂ ਆਗੂ ਨੂੰ ਦੇਣੀ ਚਾਹੀਦੀ ਹੈ, ਜਿਸ ਦੇ ਵਿਰੋਧ 'ਚ ਲੋਕ ਸਭਾ ਮੈਂਬਰ ਔਜਲਾ ਦੇ ਸਮਰਥਕ ਭੜਕ ਪਏ ਤੇ ਉਨ੍ਹਾਂ ਕਿਹਾ ਕਿ ਇਹ ਗੁਰੂ ਨਗਰੀ ਹੈ ਅਤੇ ਇਥੇ ਸਿੱਖ ਹੀ ਉਮੀਦਵਾਰ ਹੋਣਾ ਚਾਹੀਦਾ ਹੈ। ਇਸ ਦੌਰਾਨ ਕੁਝ ਪੱਤਰਕਾਰਾਂ ਵਲੋਂ ਜਦੋਂ ਇਸ ਘਟਨਾਕ੍ਰਮ ਦੀ ਵੀਡੀਓ ਬਣਾਈ ਤਾਂ ਕਾਂਗਰਸੀਆਂ ਵਲੋਂ ਉਨ੍ਹਾਂ ਨੂੰ ਵੀ ਜ਼ਬਰੀ ਰੋਕਿਆ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਜਾ ਵੜਿੰਗ ਨੇ ਕਿਹਾ ਕਿ ਟਿਕਟ ਬਦਲਣਾ ਹਾਈਕਮਾਨ ਦਾ ਕੰਮ ਹੈ ਅਤੇ ਇਸ ਲਈ ਆਪਸ 'ਚ ਕਲੇਸ਼ ਨਹੀਂ ਕਰਨਾ ਚਾਹੀਦਾ ਅਤੇ ਜਿਸ ਨੂੰ ਵੀ ਟਿਕਟ ਮਿਲੇ ਉਸ ਨੂੰ ਹੀ ਜਿਤਾਉਣਾ ਚਾਹੀਦਾ ਹੈ। ਉਨ੍ਹਾਂ ਸਿੱਧੂ ਦੇ ਸ਼ਾਮਿਲ ਨਾ ਹੋਣ ਬਾਰੇ ਵੀ ਤਨਜ਼ ਕੱਸਿਆ ਕਿ ਇਹ ਤਾਂ ਉਹ ਹੀ ਦਸ ਸਕਦੇ ਹਨ। ਉਨ੍ਹਾਂ ਕਿਸਾਨਾਂ ਵਲੋਂ ਚਲਾਏ ਜਾ ਰਹੇ ਅੰਦੋਲਨ ਨੂੰ ਵੀ ਸਮਰਥਨ ਦੇਣ ਦੀ ਗੱਲ ਕੀਤੀ। ਇਸੇ ਤਰ੍ਹਾਂ ਸਟੇਜ ਤੋਂ ਸੰਬੋਧਨ ਕਰਦਿਆਂ ਇੰਚਾਰਜ ਦੇਵੇਂਦਰ ਯਾਦਵ ਨੇ ਵੀ ਕਿਹਾ ਕਿ ਅਨੁਸ਼ਾਸਨ ਭੰਗ ਕਰਨ ਵਾਲਿਆਂ ਲਈ ਕਾਂਗਰਸ 'ਚ ਕੋਈ ਥਾਂ ਨਹੀਂ ਅਤੇ ਅਨੁਸ਼ਾਸਨ ਤੋੜਨ ਵਾਲਿਆਂ ਨੂੰ ਬਾਹਰ ਦਾ ਰਸਤਾ ਦਿਖਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਲੋਕਾਂ ਨਾਲ ਲੋਕ ਸਭਾ ਚੋਣਾਂ ਦੀ ਚਰਚਾ ਕਰਨ ਲਈ ਪੁੱਜੇ ਹਨ। ਦੂਜੇ ਪਾਸੇ ਅੱਜ ਕਾਂਗਰਸੀ ਆਗੂਆਂ ਤੇ ਸਮਰਥਕਾਂ ਦੀ ਆਪਸੀ ਕਲੇਸ਼ ਉਪਰੰਤ ਯਾਦਵ ਨਿਰਾਸ਼ ਨਜ਼ਰ ਆਏ, ਜੋ ਬਾਹਰ ਉਡੀਕ ਰਹੇ ਪੱਤਰਕਾਰਾਂ ਨੂੰ ਬਿਨਾਂ ਸੰਬੋਧਨ ਕੀਤੇ ਹੀ ਮੀਟਿੰਗ ਉਪਰੰਤ ਚਲੇ ਗਏ। ਇਸ ਮੌਕੇ ਸਾਬਕਾ ਮੰਤਰੀ ਡਾ: ਰਾਜ ਕੁਮਾਰ ਵੇਰਕਾ, ਸੁਨੀਲ ਦੱਤੀ, ਜੁਗਲ ਕਿਸ਼ੋਰ ਸ਼ਰਮਾ, ਅਸ਼ਵਨੀ ਪੱਪੂ, ਗੁਰਦੇਵ ਸਿੰਘ ਸ਼ਹੂਰਾ, ਕੰਵਰਪ੍ਰਤਾਪ ਸਿੰਘ ਅਜਨਾਲਾ ਆਦਿ ਆਗੂ ਹਾਜ਼ਰ ਸਨ।


American Freight Corp.

ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ

ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)

ਡਰਾਈਵਰ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਹੋਵੇ




ਡਰਾਈਵਰਾਂ ਦੀ ਜ਼ਰੂਰਤ ਹੈ

Need Team & Solo Driver With 2 Year Experience

(209) 405-1544

127 Darcy Parkway, Lathrop, CA 95330

# ਭਾਨਾ ਸਿੱਧੂ ਨੂੰ ਰਿਹਾਅ ਕਰਵਾਉਣ ਲਈ ਪੰਜਾਬ ਸਰਕਾਰ ਖ਼ਿਲਾਫ਼ ਵਿਸ਼ਾਲ ਰੋਸ ਧਰਨਾ

## 5 ਫਰਵਰੀ ਨੂੰ ਮੁੱਖ ਮੰਤਰੀ ਦੀ ਰਿਹਾਇਸ਼ ਘੇਰਨ ਦਾ ਐਲਾਨ



ਰੂੜੇਕੇ ਕਲਾਂ/ਧਨੌਲਾ : ਸੋਸ਼ਲ ਮੀਡੀਆ 'ਤੇ ਚਰਚਿਤ ਨੌਜਵਾਨ ਭਾਨਾ ਸਿੱਧੂ ਖ਼ਿਲਾਫ਼ ਪੰਜਾਬ ਪੁਲਿਸ ਵਲੋਂ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ 'ਚ ਦਰਜ ਮਾਮਲਿਆਂ ਵਿਚ ਉਕਤ ਨੌਜਵਾਨ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਵਿਚ ਬੰਦ ਕਰਨ ਦੇ ਰੋਸ ਵਜੋਂ ਪੰਜਾਬ ਦੀਆਂ ਦਰਜਨਾਂ ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਅਤੇ ਹੋਰ ਆਗੂਆਂ ਵਲੋਂ ਦਿੱਤੇ ਗਏ ਸੱਦੇ ਤਹਿਤ ਅਨਾਜ ਮੰਡੀ ਕੋਟਦੁੱਨਾ (ਬਰਨਾਲਾ) ਵਿਖੇ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਵਸਨੀਕਾਂ ਵਲੋਂ ਵਿਸ਼ਾਲ ਰੋਸ ਧਰਨਾ ਦੇ ਕੇ ਨੌਜਵਾਨ ਭਾਨਾ ਸਿੱਧੂ ਅਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਤੇ ਡਿਬਰੂਗੜ੍ਹ ਦੀ ਜੇਲ੍ਹ ਵਿਚ ਬੰਦ ਪੰਜਾਬ ਦੇ ਨੌਜਵਾਨਾਂ ਨੂੰ ਰਿਹਾਅ ਕਰਨ ਦੀ ਮੰਗ ਕੀਤੀ ਗਈ। ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਕਾਂਗਰਸੀ ਆਗੂ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਪੰਜਾਬ ਦਾ ਮੁੱਖ ਮੰਤਰੀ ਰਜਵਾੜਾ ਬਣ ਚੁੱਕਾ ਹੈ, ਜਿਹੜਾ ਕਿ ਪੰਜਾਬ ਦੇ ਹੱਕਾਂ ਲਈ ਬੋਲਣ ਵਾਲੇ ਨੌਜਵਾਨਾਂ ਦੀ ਆਵਾਜ਼ ਨੂੰ ਦਬਾਉਣ ਲਈ ਉਨ੍ਹਾਂ 'ਤੇ ਝੂਠੇ ਮਾਮਲੇ ਦਰਜ ਕਰਕੇ ਅੱਤਿਆਚਾਰ ਕਰ ਰਿਹਾ ਹੈ। ਪੰਜਾਬ ਦੇ ਬੇਕਸੂਰ ਨੌਜਵਾਨਾਂ ਖ਼ਿਲਾਫ਼ ਰਾਸ਼ਟਰੀ ਸੁਰੱਖਿਆ ਐਕਟ (ਐਨ.ਐਸ.ਏ.) ਵਰਗਾ ਕਾਲਾ ਕਾਨੂੰਨ ਲਗਾ ਕੇ ਉਨ੍ਹਾਂ ਨੂੰ ਡਿਬਰੂਗੜ੍ਹ ਦੀ ਜੇਲ੍ਹ ਵਿਚ ਬੰਦ ਕੀਤਾ ਹੋਇਆ ਹੈ। ਪਰਮਿੰਦਰ ਸਿੰਘ ਝੋਟਾ ਮਾਨਸਾ ਤੇ ਬਾਬਾ ਰਾਜ ਸਿੰਘ ਨੇ ਕਿਹਾ ਕਿ ਜਦੋਂ ਤੱਕ ਖ਼ਾਲਸਾ ਰਾਜ ਦੀ ਬਹਾਲੀ ਨਹੀਂ ਹੁੰਦੀ, ਉਨ੍ਹਾਂ ਸਮਾਂ ਪੰਜਾਬ ਦੇ ਨੌਜਵਾਨਾਂ 'ਤੇ ਅੱਤਿਆਚਾਰ ਹੁੰਦੇ ਰਹਿਣਗੇ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਐਡਵੋਕੇਟ ਇਕਬਾਲ ਸਿੰਘ ਝੂੰਦਾ, ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਬਾਬਾ ਟੇਕ ਸਿੰਘ ਧਨੌਲਾ ਮੁਖੀ ਸੰਪ੍ਰਦਾਇ ਬੁੰਗਾ ਮਸਤੂਆਣਾ (ਸਾਬੋ ਕੀ ਤਲਵੰਡੀ), ਜਸਕਰਨ ਸਿੰਘ ਕਾਹਨ ਸਿੰਘ ਵਾਲਾ ਨੇ ਕਿਹਾ ਕਿ ਪੰਜਾਬ ਸਰਕਾਰ ਆਪਣੇ ਵਿਰੋਧੀਆਂ ਨੂੰ ਚੁੱਪ ਕਰਵਾਉਣ ਲਈ ਪੰਜਾਬ ਪੁਲਿਸ ਦੀ ਦੁਰਵਰਤੋਂ ਕਰਕੇ ਆਪਣੇ ਵਿਰੋਧੀਆਂ ਖ਼ਿਲਾਫ਼ ਝੂਠੇ ਮਾਮਲੇ ਦਰਜ ਕਰਵਾ ਕੇ ਉਨ੍ਹਾਂ ਨੂੰ ਚੁੱਪ ਕਰਵਾ ਰਹੀ ਹੈ। ਸਮਾਜ ਸੇਵੀ ਲੱਖਾ ਸਿੰਘ ਸਿਧਾਣਾ ਨੇ ਕਿਹਾ ਕਿ ਅਸੀਂ ਬਹੁਤ ਜਲਦੀ ਭੁੱਲ ਜਾਂਦੇ ਹਾਂ ਪੰਜਾਬ ਸਰਕਾਰ ਵਲੋਂ ਕਾਲੇ ਕਾਨੂੰਨਾਂ ਤਹਿਤ ਡਿਬਰੂਗੜ੍ਹ ਦੀ ਜੇਲ੍ਹ ਵਿਚ ਅਤੇ 30 ਸਾਲਾਂ ਤੋਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਕਰਵਾਉਣ ਲਈ ਵੀ ਸਾਨੂੰ ਲੜਾਈ ਲੜਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਦੇ ਹੱਕਾਂ ਲਈ ਜੋ ਵੀ ਨੌਜਵਾਨ ਸਵਾਲ ਕਰਦਾ ਹੈ, ਉਨ੍ਹਾਂ ਦੀ ਆਵਾਜ਼ ਨੂੰ ਬੰਦ ਕਰਨ ਲਈ ਝੂਠੇ ਪਰਚੇ ਦਰਜ ਕਰਕੇ ਜੇਲ੍ਹਾਂ ਵਿਚ ਬੰਦ ਕੀਤਾ ਜਾ ਰਿਹਾ ਹੈ। ਜੇਲ੍ਹਾਂ ਵਿਚ ਬੰਦ ਨੌਜਵਾਨ ਜੇਕਰ ਅਸੀਂ ਰਿਹਾਅ ਨਾ ਕਰਵਾਏ ਤਾਂ ਪੰਜਾਬ ਦੇ ਹੱਕਾਂ ਲਈ ਬੋਲਣ ਵਾਲਾ ਕੋਈ ਨਹੀਂ ਰਹੇਗਾ। ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਸੂਬਾ ਆਗੂ ਕਾਕਾ ਸਿੰਘ ਕੋਟੜਾ, ਭਾਕਿਯੂ ਕਾਦੀਆਂ ਦੇ ਜ਼ਿਲ੍ਹਾ ਪ੍ਰਧਾਨ ਜਗਸੀਰ ਸਿੰਘ ਛੀਨੀਵਾਲ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਆਗੂ ਦਰਸ਼ਨ ਸਿੰਘ ਮਹਿਤਾ, ਸੂਬਾ ਕਿਸਾਨ ਆਗੂ ਰੁਲਦੂ ਸਿੰਘ ਮਾਨਸਾ, ਬੀ.ਕੇ.ਯੂ. ਆਜ਼ਾਦ ਦੇ ਸੂਬਾ ਪ੍ਰਧਾਨ ਜਸਵਿੰਦਰ ਸਿੰਘ ਲੌਂਗੋਵਾਲ, ਕ੍ਰਾਂਤੀਕਾਰੀ ਦੇ ਜ਼ਿਲ੍ਹਾ ਪ੍ਰਧਾਨ ਪਵਿੱਤਰ ਸਿੰਘ ਲਾਲੀ ਆਦਿ ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਅੱਤਿਆਚਾਰ ਦਾ ਡਟ ਕੇ ਮੁਕਾਬਲਾ ਕੀਤਾ ਜਾਵੇਗਾ। ਨੌਜਵਾਨ ਭਾਨਾ ਸਿੱਧੂ ਨੂੰ ਤਿੱਖਾ ਸੰਘਰਸ਼ ਕਰਕੇ ਬਿਨਾਂ ਸ਼ਰਤ ਰਿਹਾਅ ਕਰਵਾਇਆ ਜਾਵੇਗਾ। ਇਕੱਤਰ ਹੋਏ ਸਮੂਹ ਧਰਨਾਕਾਰੀਆਂ ਨੇ ਪੰਜਾਬ ਸਰਕਾਰ ਤੋਂ ਨੌਜਵਾਨ ਭਾਨਾ ਸਿੱਧੂ ਨੂੰ ਤੁਰੰਤ ਬਿਨਾ ਦੇਰੀ ਰਿਹਾਅ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਉਕਤ ਨੌਜਵਾਨ ਨੂੰ ਰਿਹਾਅ ਨਾ ਕੀਤਾ ਤਾਂ 5 ਫਰਵਰੀ ਨੂੰ ਪੰਜਾਬ ਦੀਆਂ ਸਮੂਹ ਸੰਘਰਸ਼ਸ਼ੀਲ ਜਥੇਬੰਦੀਆਂ ਤੇ ਪੰਜਾਬ ਵਾਸੀਆਂ ਵਲੋਂ ਮੁੱਖ ਮੰਤਰੀ ਦੀ ਰਿਹਾਇਸ਼ ਦਾ ਘਿਰਾਓ ਕਰਕੇ ਰੋਸ ਧਰਨਾ ਦਿੱਤਾ ਜਾਵੇਗਾ ਤੇ ਭਾਨਾ ਸਿੱਧੂ ਨੂੰ ਰਿਹਾਅ ਕਰਵਾਉਣ ਲਈ ਪੰਜਾਬ ਵਾਸੀਆਂ ਵਲੋਂ ਤਿੱਖਾ ਸੰਘਰਸ਼ ਸ਼ੁਰੂ ਕੀਤਾ ਜਾਵੇਗਾ।

# ਲੋਕ ਸਭਾ ਚੋਣਾਂ ਦੇ ਮੁਕਾਬਲੇ ਤੋਂ ਪਹਿਲਾਂ ਹੀ ਭਾਜਪਾ ਨੇ ਹਰਾਇਆ ਇੰਡੀਆ ਗਠਜੋੜ

**• ਚੰਡੀਗੜ੍ਹ ਨਿਗਮ ਉਪਰ ਮੁੜ ਭਾਜਪਾ ਦਾ ਕਬਜ਼ਾ • ਮਨੋਜ ਸੋਨਕਰ ਮੇਅਰ, ਕੁਲਜੀਤ ਸਿੰਘ ਸੰਧੂ ਸੀਨੀਅਰ ਡਿਪਟੀ ਮੇਅਰ ਅਤੇ ਰਜਿੰਦਰ ਸ਼ਰਮਾ ਡਿਪਟੀ ਮੇਅਰ ਬਣੇ**






ਚੰਡੀਗੜ੍ਹ : ਚੰਡੀਗੜ੍ਹ ਨਗਰ ਨਿਗਮ ਮੇਅਰ ਦੀ ਮੰਗਲਵਾਰ ਨੂੰ ਹੋਈ ਚੋਣ ਵਿਚ ਭਾਜਪਾ ਨੇ ਤੀਜੀ ਵਾਰ ਮੇਅਰ ਬਣਾ ਕੇ ਮੁੜ ਆਪਣਾ ਦਬਦਬਾ ਕਾਇਮ ਰੱਖਿਆ ਹੈ। ਭਾਜਪਾ ਦੇ ਮਨੋਜ ਕੁਮਾਰ ਸੋਨਕਰ 16 ਵੋਟਾਂ ਲੈ ਕੇ ਮੇਅਰ ਬਣੇ, ਜਦਕਿ ਆਮ ਆਦਮੀ ਪਾਰਟੀ (ਆਪ) ਅਤੇ ਕਾਂਗਰਸ ਗੱਠਜੋੜ ਦੇ ਉਮੀਦਵਾਰ ਕੁਲਦੀਪ ਕੁਮਾਰ ਟੀਟਾ ਨੂੰ 12 ਵੋਟਾਂ ਹੀ ਮਿਲੀਆਂ। ਪ੍ਰੀਜ਼ਾਈਡਿੰਗ ਅਧਿਕਾਰੀ ਵਲੋਂ 8 ਵੋਟਾਂ ਨੂੰ ਰੱਦ ਕਰ ਦਿੱਤਾ ਗਿਆ ਸੀ, ਜਿਸ ਦਾ ਅਸੈਂਬਲੀ ਹਾਲ ਵਿਚ ਕਾਂਗਰਸ ਅਤੇ 'ਆਪ' ਦੇ ਕੌਂਸਲਰਾਂ ਨੇ ਸਖ਼ਤ ਵਿਰੋਧ ਕਰਦਿਆਂ ਵਾਕਆਊਟ ਕੀਤਾ, ਜਿਸ ਕਾਰਨ ਭਾਜਪਾ ਦੇ ਹੀ ਸੀਨੀਅਰ ਡਿਪਟੀ ਮੇਅਰ ਕੁਲਜੀਤ ਸਿੰਘ ਸੰਧੂ ਅਤੇ ਡਿਪਟੀ ਮੇਅਰ ਰਜਿੰਦਰ ਸ਼ਰਮਾ ਵੀ ਨਿਰਵਿਰੋਧ ਚੁਣੇ ਗਏ। ਮੇਅਰ ਦੀ ਚੋਣ ਮੌਕੇ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਸਮੂਹ ਕੌਂਸਲਰ ਇਕੱਠੇ ਨਗਰ ਨਿਗਮ ਪਹੁੰਚੇ ਸਨ। ਭਾਜਪਾ ਦੇ ਕੌਂਸਲਰਾਂ ਦੇ ਦੇਰੀ ਨਾਲ ਪਹੁੰਚਣ ਕਾਰਨ ਚੋਣ ਅਮਲ ਥੋੜ੍ਹੀ ਦੇਰੀ ਮਗਰੋਂ ਸ਼ੁਰੂ ਹੋਇਆ। ਡਿਪਟੀ ਕਮਿਸ਼ਨਰ ਚੰਡੀਗੜ੍ਹ ਵਿਨੇ ਪ੍ਰਤਾਪ ਸਿੰਘ ਨੇ ਸਵੇਰੇ ਅਸੈਂਬਲੀ ਹਾਲ ਵਿਚ ਪਹੁੰਚ ਕੇ ਨੋਟੀਫਿਕੇਸ਼ਨ ਪੜ੍ਹਿਆ, ਜਿਸ ਤੋਂ ਬਾਅਦ ਚੋਣ ਅਮਲ ਸ਼ੁਰੂ ਕੀਤਾ ਗਿਆ। ਮੇਅਰ ਦੇ ਅਹੁਦੇ ਲਈ ਵਾਰਡ ਨੰਬਰ ਦੇ ਮੁਤਾਬਿਕ ਵੋਟਾਂ ਪਾਈਆਂ ਗਈਆਂ ਅਤੇ ਸਾਢੇ ਬਾਰ੍ਹਾਂ ਵਜੇ ਦੇ ਕਰੀਬ ਪ੍ਰੀਜ਼ਾਈਡਿੰਗ ਅਧਿਕਾਰੀ ਵਲੋਂ ਵੋਟਾਂ ਦੀ ਗਿਣਤੀ ਕਰਨ ਦਾ ਅਮਲ ਸ਼ੁਰੂ ਕੀਤਾ ਗਿਆ, ਜਿਸ ਵਿਚ ਭਾਜਪਾ ਦੇ ਮਨੋਜ ਕੁਮਾਰ ਸੋਨਕਰ 16 ਵੋਟਾਂ ਹਾਸਿਲ ਕਰਕੇ ਚੰਡੀਗੜ੍ਹ ਨਗਰ ਨਿਗਮ ਦੇ ਮੇਅਰ ਬਣੇ। ਚੰਡੀਗੜ੍ਹ ਨਗਰ ਨਿਗਮ ਵਿਚ 35 ਕੌਂਸਲਰ ਹਨ, ਜਿਨ੍ਹਾਂ 'ਚੋਂ ਭਾਜਪਾ ਦੇ 14, ਕਾਂਗਰਸ ਦੇ ਸੱਤ ਅਤੇ ਆਮ ਆਦਮੀ ਪਾਰਟੀ ਦੇ 13 ਕੌਂਸਲਰ ਅਤੇ ਇਕ ਕੌਂਸਲਰ ਸ਼੍ਰੋਮਣੀ ਅਕਾਲੀ ਦਲ ਦਾ ਵੀ ਹੈ। ਮੇਅਰ ਦੀ ਚੋਣ 'ਚ ਇਕ ਖ਼ਾਸ ਗੱਲ ਇਹ ਰਹੀ ਕਿ ਇਸ ਵਾਰ 'ਇੰਡੀਆ' ਗੱਠਜੋੜ ਦਾ ਚੰਡੀਗੜ੍ਹ ਵਿਚ ਭਾਜਪਾ ਨਾਲ ਸਿੱਧਾ ਮੁਕਾਬਲਾ ਸੀ, ਜਿਸ ਨੂੰ ਜਿੱਤਣ ਵਿਚ ਭਾਜਪਾ ਕਾਮਯਾਬ ਰਹੀ। ਦੂਜੇ ਪਾਸੇ ਕਾਂਗਰਸ ਅਤੇ 'ਆਪ' ਦੇ ਕੌਂਸਲਰਾਂ ਵਲੋਂ ਮੇਅਰ ਦੀ ਚੋਣ ਪ੍ਰਕਿਰਿਆ ਨੂੰ ਲੈ ਕੇ ਪ੍ਰੀਜ਼ਾਈਡਿੰਗ ਅਧਿਕਾਰੀ 'ਤੇ ਗੰਭੀਰ ਸਵਾਲ ਚੁੱਕੇ ਗਏ। ਕਾਂਗਰਸ ਦੇ ਕੌਂਸਲਰ ਗੁਰਪ੍ਰੀਤ ਸਿੰਘ ਗਾਬੀ ਨੇ ਨਗਰ ਨਿਗਮ ਦਫ਼ਤਰ ਤੋਂ ਬਾਹਰ ਆ ਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਾਜਪਾ ਨੇ ਚੋਣ ਜਿੱਤਣ ਲਈ ਲੋਕਤੰਤਰ ਦੀ ਸ਼ਰ੍ਹੇਆਮ ਹੱਤਿਆ ਕੀਤੀ ਹੈ। ਉਨ੍ਹਾਂ ਕਿਹਾ ਕਿ ਪ੍ਰੀਜ਼ਾਈਡਿੰਗ ਅਧਿਕਾਰੀ 'ਤੇ ਅਪਰਾਧਿਕ ਮਾਮਲਾ ਦਰਜ ਕੀਤਾ ਜਾਵੇ। ਗਾਬੀ ਨੇ ਮੁੜ ਇਸ ਚੋਣ ਨੂੰ ਹਾਈ ਕੋਰਟ ਵਿਚ ਚੁਣੌਤੀ ਦੇਣ ਦਾ ਐਲਾਨ ਵੀ ਕੀਤਾ। ਇਸ ਮੌਕੇ ਕਾਂਗਰਸ ਦੇ ਕੌਂਸਲਰ ਜਸਬੀਰ ਸਿੰਘ ਬੰਟੀ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਵਾਰ ਪੂਰੀ ਉਮੀਦ ਸੀ ਕਿ ਇਸ ਵਾਰ ਮੇਅਰ ਗੱਠਜੋੜ ਦਾ ਹੀ ਬਣੇਗਾ, ਉਨ੍ਹਾਂ ਪ੍ਰੀਜ਼ਾਈਡਿੰਗ ਅਧਿਕਾਰੀ 'ਤੇ ਦੋਸ਼ ਲਗਾਉਂਦਿਆਂ ਕਿਹਾ ਕਿ ਬੈਲਟ ਪੇਪਰਾਂ 'ਤੇ ਪੈਨ ਨਾਲ ਨਿਸ਼ਾਨ ਲਗਾ ਕੇ ਵੋਟਾਂ ਨੂੰ ਜਾਣ-ਬੁੱਝ ਕੇ ਰੱਦ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਮੇਅਰ ਦੇ ਅਹੁਦੇ ਲਈ ਪਹਿਲਾਂ ਚੋਣ 18 ਜਨਵਰੀ ਨੂੰ ਹੋਣੀ ਸੀ ਪਰ ਪ੍ਰੀਜ਼ਾਈਡਿੰਗ ਅਧਿਕਾਰੀ ਅਨਿਲ ਮਸੀਹ ਦੇ ਬਿਮਾਰ ਹੋ ਜਾਣ ਕਾਰਨ ਚੋਣ ਨਹੀਂ ਸੀ ਹੋ ਸਕੀ, ਜਿਸ ਨੂੰ ਲੈ ਕੇ ਕਾਂਗਰਸ ਅਤੇ ਆਮ ਆਦਮੀ ਪਾਰਟੀ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਰੁਖ਼ ਕੀਤਾ ਸੀ। ਹਾਈ ਕੋਰਟ ਦੇ ਆਦੇਸ਼ਾਂ ਅਨੁਸਾਰ ਹੀ 30 ਜਨਵਰੀ ਨੂੰ ਮੇਅਰ ਦੇ ਅਹੁਦੇ ਲਈ ਚੋਣ ਰੱਖੀ ਗਈ ਸੀ।

ਆਮ ਆਦਮੀ ਪਾਰਟੀ ਅਤੇ ਕਾਂਗਰਸ ਦਾ ਗੱਠਜੋੜ ਹੋਣ ਦੇ ਬਾਵਜੂਦ ਵੀ ਗੱਠਜੋੜ ਇਸ ਵਾਰ ਵੀ ਆਪਣਾ ਮੇਅਰ ਨਹੀਂ ਬਣਾ ਸਕਿਆ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਆਦੇਸ਼ਾਂ ਅਨੁਸਾਰ ਚੰਡੀਗੜ੍ਹ ਪੁਲਿਸ ਵਲੋਂ ਨਗਰ ਨਿਗਮ ਦੇ ਬਾਹਰ ਬੈਰੀਕੇਡਿੰਗ ਕਰਕੇ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ। ਕਿਸੇ ਵੀ ਪਾਰਟੀ ਦੇ ਵਰਕਰਾਂ ਨੂੰ ਨਗਰ ਨਿਗਮ ਦੇ ਦਫ਼ਤਰ ਬਾਹਰ ਇਕੱਠੇ ਨਹੀਂ ਹੋਣ ਦਿੱਤਾ ਗਿਆ।

## ਪ੍ਰੀਜ਼ਾਈਡਿੰਗ ਅਫ਼ਸਰ ਖਿਲਾਫ਼ ਦੇਸ਼ਧ੍ਰੋਹ ਦਾ ਕੇਸ ਦਰਜ ਹੋਵੇ: ਭਗਵੰਤ ਮਾਨ

ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਚੰਡੀਗੜ੍ਹ ਦੇ ਮੇਅਰ ਦੀ ਚੋਣ ਦੌਰਾਨ ਸ਼ਰ੍ਹੇਆਮ ਜਮਹੂਰੀਅਤ ਦੀਆਂ ਧੱਜੀਆਂ ਉਡਾਉਣ ਬਦਲੇ ਪ੍ਰੀਜ਼ਾਈਡਿੰਗ ਅਫ਼ਸਰ ਖਿਲਾਫ਼ ਦੇਸ਼ਧ੍ਰੋਹ ਦਾ ਕੇਸ ਦਰਜ ਕੀਤਾ ਜਾਵੇ। ਉਨ੍ਹਾਂ ਦਾਅਵਾ ਕੀਤਾ ਕਿ ਭਾਜਪਾ ਨੇ ਜਾਣ-ਬੁੱਝ ਕੇ ਆਪਣੇ ਘੱਟਗਿਣਤੀ ਵਿੰਗ ਦੇ ਮੁਖੀ ਨੂੰ ਮੇਅਰ ਦੀ ਚੋਣ ਲਈ ਪ੍ਰੀਜ਼ਾਈਡਿੰਗ ਅਫ਼ਸਰ ਨਿਯੁਕਤ ਕੀਤਾ। ਉਨ੍ਹਾਂ ਕਿਹਾ ਕਿ 30 ਜਨਵਰੀ ਦਾ ਦਿਨ ਭਾਰਤੀ ਸਿਆਸਤ ਦੇ ਇਤਿਹਾਸ ਵਿੱਚ 'ਕਾਲੇ ਦਿਨ' ਵਜੋਂ ਦਰਜ ਕੀਤਾ ਜਾਵੇਗਾ। ਇਥੇ ਪੰਜਾਬ ਭਵਨ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ, "ਮੇਅਰ ਦੀ ਚੋਣ ਵਿੱਚ ਧੱਕੇਸ਼ਾਹੀ ਨਾਲ 'ਆਪ' ਤੇ ਕਾਂਗਰਸ ਗੱਠਜੋੜ ਦੀਆਂ 8 ਵੋਟਾਂ ਰੱਦ ਕੀਤੀਆਂ ਗਈਆਂ ਤਾਂ ਜੋ ਭਾਜਪਾ ਦਾ ਮੇਅਰ ਬਣਾਇਆ ਜਾ ਸਕੇ।" ਉਨ੍ਹਾਂ ਕਿਹਾ ਕਿ ਭਾਜਪਾ ਦੀ ਧੱਕੇਸ਼ਾਹੀ ਬਰਦਾਸ਼ਤ ਨਹੀਂ ਕਰਾਂਗੇ ਤੇ ਅਦਾਲਤ ਦਾ ਬੂਹਾ ਖੜਕਾਵਾਂਗੇ। ਮੁੱਖ ਮੰਤਰੀ ਨੇ ਵੋਟਾਂ ਦੀ ਗਿਣਤੀ ਦੀ ਵਾਇਰਲ ਹੋਈ ਵੀਡੀਓ ਦਿਖਾਉਂਦਿਆਂ ਕਿਹਾ ਕਿ ਪ੍ਰੀਜ਼ਾਈਡਿੰਗ ਅਫ਼ਸਰ ਨੇ ਭਾਜਪਾ ਦੀ ਜਿੱਤ ਯਕੀਨੀ ਬਣਾਉਣ ਲਈ ਜਾਣਬੁੱਝ ਕੇ ਵੋਟਾਂ ਰੱਦ ਕੀਤੀਆਂ। ਉਨ੍ਹਾਂ ਕਿਹਾ ਕਿ ਜੇਕਰ ਭਾਜਪਾ ਸਿਰਫ਼ 36 ਵੋਟਾਂ ਦੀ ਗਿਣਤੀ ਨਿਰਪੱਖ ਤੇ ਪਾਰਦਰਸ਼ੀ ਢੰਗ ਨਾਲ ਨਹੀਂ ਕਰਵਾ ਸਕਦੀ ਤਾਂ ਸਮੁੱਚੇ ਦੇਸ਼ ਵਿੱਚ 90 ਕਰੋੜ ਵੋਟਾਂ ਦੀ ਗਿਣਤੀ ਕਿਵੇਂ ਹੋ ਸਕਦੀ ਹੈ।



## ਚੋਣ ਮਸ਼ੀਨਰੀ ਦੀ ਧੜੱਲੇ ਨਾਲ ਦੁਰਵਰਤੋਂ ਹੋਈ: ਖੜਗੇ

ਨਵੀਂ ਦਿੱਲੀ: ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਭਾਜਪਾ 'ਤੇ ਚੋਣ ਮਸ਼ੀਨਰੀ ਦੀ ਦੁਰਵਰਤੋਂ ਕਰਨ ਦਾ ਦੋਸ਼ ਲਾਇਆ। ਖੜਗੇ ਨੇ ਐਕਸ 'ਤੇ ਲਿਖਿਆ, 'ਚੰਡੀਗੜ੍ਹ ਮੇਅਰ ਦੀ ਚੋਣ 'ਚ ਭਾਜਪਾ ਦੇ ਇਸ਼ਾਰੇ 'ਤੇ ਚੋਣ ਮਸ਼ੀਨਰੀ ਦੀ ਧੜੱਲੇ ਨਾਲ ਦੁਰਵਰਤੋਂ ਆਜ਼ਾਦ ਤੇ ਨਿਰਪੱਖ ਚੋਣਾਂ 'ਚ ਲੋਕਾਂ ਦਾ ਭਰੋਸਾ ਹੋਰ ਘਟਾ ਦੇਵੇਗੀ।' ਉਨ੍ਹਾਂ ਕਿਹਾ, 'ਮੈਂ ਬੀਤੇ ਦਿਨ ਵੀ ਕਿਹਾ ਸੀ ਕਿ 2024 ਸਾਡੇ ਕੋਲ ਲੋਕਤੰਤਰ ਨੂੰ ਬਚਾਉਣ ਦਾ ਆਖਰੀ ਮੌਕਾ ਹੈ। ਜੇਕਰ ਅਸੀਂ ਇਸ ਨੂੰ ਭਾਜਪਾ ਤੋਂ ਬਚਾਉਣ ਲਈ ਇਕਜੁੱਟ ਨਾ ਹੋਏ ਤਾਂ ਸਾਡੀਆਂ ਭਵਿੱਖੀ ਪੀੜ੍ਹੀਆਂ ਪਛਤਾਉਣਗੀਆਂ।'





ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

(**ਪਿਛਲੇ ਅੰਕ ਦੀ ਬਾਕੀ**)


ਜ਼ਮਾਨਾ ਅਜ਼ਾਦੀ ਦਾ ਹੈ। ਪੱਛਮੀ ਸਭਿਅਤਾ ਨੇ ਸਾਰਿਆਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ, ਇਨ੍ਹਾਂ ਲੋਕਾਂ ਵਿਚ ਵੀ ਜਾਗ੍ਰਿਤ ਆ ਗਈ ਹੈ ਤੇ ਆਪਣੇ ਨਾਲ ਹੋ ਰਹੇ ਇਸ ਸਲੂਕ ਤੋਂ ਇਹ ਉਦਾਸ ਹੋ ਗਏ ਹਨ। ਹੁਣ ਵਧੀਕ ਸਮੇਂ ਤੱਕ ਇਹ ਇਨ੍ਹਾਂ ਪਾਬੰਦੀਆਂ ਵਿਚ ਨਹੀਂ ਰਹਿਣਗੇ। ਜੇ ਹਿੰਦੂ ਸੁਸਾਇਟੀ ਨੇ ਇਨ੍ਹਾਂ ਨੂੰ ਸਮਤਾ ਦਾ ਦਰਜਾ ਦੇ ਦਿੱਤਾ ਤਦ ਤਾਂ ਇਹ ਹਿੰਦੂ ਨਾਮ ਹੇਠ ਰਹਿਣਗੇ ਨਹੀਂ ਤਾਂ ਖ਼ਤਰਾ ਹੈ ਕਿ ਇਹ ਹਿੰਦੂ ਨਾਮ ਛੱਡ ਕੇ ਜਿਥੇ ਕਿਸੇ ਦਾ ਸਿਰ ਸਮਾਇਆ ਜਾ ਮਿਲਣਗੇ।

ਇਨ੍ਹਾਂ ਦੀ ਇਕ ਕੌਮ ਦਾ ਇਕ ਮੁਖੀ ਡਾਕਟਰ ਅੰਬੇਡਕਰ ਹੈ, ਇਹ ਬ੍ਰਿਸਟਰ ਹੈ। ਅਖੌਤੀ ਮਦਰਾਸੀ ਅਛੂਤਾਂ ਵਿਚ ਇਹਦਾ ਖਾਸਾ ਰਸੂਖ ਦੱਸੀਦਾ ਹੈ। ਪਿਛਲੀ ਦਿਨੀਂ ਟ੍ਰਾਵਨਕੋਰ ਵਿਚ ਅਖੌਤੀ ਅਛੂਤੀ ਦੀ ਇਕ ਕਾਨਫਰੰਸ ਹੋਈ ਸੀ ਜਿਸ ਵਿਚ ਇਕ ਮਤਾ ਕਈ ਹਜ਼ਾਰ ਦੀ ਗਿਣਤੀ ਵਿਚ ਇਕੱਠੇ ਹੋਏ ਅਖੌਤੀ ਅਛੂਤਾਂ ਨੇ ਡਾਕਟਰ ਅੰਬੇਡਕਰ ਦੀ ਪ੍ਰਧਾਨਗੀ ਵਿਚ ਸਰਬ ਸੰਮਤੀ ਨਾਲ ਪਾਸ ਕੀਤਾ ਸੀ, ਜਿਸ ਦਾ ਭਾਵ ਇਹ ਸੀ ਕਿ ਚੂੰਕਿ ਹਿੰਦੂ ਸਾਡੇ ਨਾਲ ਮਨੁੱਖਾਂ ਵਾਲਾ ਸਲੂਕ ਨਹੀਂ ਕਰਦੇ ਇਸ ਕਰਕੇ ਅਸੀਂ ਹਿੰਦੂ ਧਰਮ ਨੂੰ ਛੱਡ ਕੇ ਕਿਸੇ ਹੋਰ ਧਰਮ ਵਿਚ ਸ਼ਾਮਲ ਹੋ ਜਾਵਾਂਗੇ।

ਇਸ ਮਤੇ ਦੇ ਪਾਸ ਹੋਣ ਨੇ ਹਿੰਦੂ ਦੇ ਧਾਰਮਿਕ ਜਗਤ ਵਿਚ ਖਲਬਲੀ ਮਚਾ ਦਿੱਤੀ ਹੈ। ਹਿੰਦੂਆਂ ਦੇ ਡੈਪੂਟੇਸ਼ਨਾਂ ਤੇ ਡੈਪੂਟੇਸ਼ਨ ਡਾਕਟਰ ਅੰਬੇਡਕਰ ਪਾਸ ਜਾ ਰਹੇ ਹਨ ਕਿ ਹਿੰਦੂ ਧਰਮ ਨਾ ਛੱਡੋ। ਪੰਡਤ ਮਦਨ ਮੋਹਨ ਮਾਲਵੀਆ, ਮ. ਗਾਂਧੀ, ਡਾਕਟਰ ਮੂੰਜੇ ਤੇ ਭਾਈ ਪਰਮਾਨੰਦ ਉਨ੍ਹਾਂ ਨੂੰ ਸਮਝਾਉਣ ਲਈ ਫੇਰੇ ਪਾ ਰਹੇ ਹਨ। ਈਸਾਈਆਂ ਵਲੋਂ ਤਾਰਾਂ ਤੇ ਤਾਰਾਂ ਜਾ ਰਹੀਆਂ ਹਨ ਕਿ ਹਜ਼ਰਤ ਈਸਾ ਦੀ ਖੁੱਲ੍ਹੀ ਗੋਦ ਵਿਚ ਹੀ ਤੁਹਾਡੇ ਲਈ ਸੁਖ ਤੇ ਆਰਾਮ ਹੈ ਤੇ ਮੁਸਲਮਾਨ ਲੀਡਰ, ਅੰਜਮਨਾਂ ਤੇ ਅਖ਼ਬਾਰਾਂ ਦੇ ਐਡੀਟਰ ਵਲੋਂ ਬੇਹਦੀਆਂ ਚਿੱਠੀਆਂ, ਤਾਰਾਂ ਤੇ ਰੀਪ੍ਰੀਜ਼ੈਂਟੇਟਿਵ ਉਨ੍ਹਾਂ ਪਾਸ ਪੁੱਜੇ ਹਨ, ਕਿਹਾ ਜਾਂਦਾ ਹੈ ਕਿ ਇਕ ਮੁਸਲਮਾਨ ਨਵਾਬ ਇਕ ਕਰੋੜ ਰੁਪਏ ਨਕਦ ਅਛੂਤ ਉਧਾਰ ਲਈ ਖ਼ਰਚ ਕਰਨ ਨੂੰ ਫਿਰਦਾ ਹੈ।

ਡਾਕਟਰ ਅੰਬੇਡਕਰ ਤੇ ਜਦ ਹਰ ਪਾਸਿਉਂ ਅਨੇਕਾਂ ਤਰ੍ਹਾਂ ਦੇ ਡੋਰੇ ਸੁੱਟੇ ਜਾ ਰਹੇ ਹਨ ਉਨ੍ਹਾਂ ਦੇ ਸਾਥੀਆਂ ਵਲੋਂ ਇਕ ਚਿੱਠੀ ਸ਼੍ਰੋਮਣੀ ਗੁਰਦੁਆਰਾ ਕਮੇਟੀ ਅੰਮ੍ਰਿਤਸਰ ਵਲ ਪੁੱਜੀ ਹੈ, ਜਿਸ ਵਿਚ ਉਨ੍ਹ ਨੇ ਸਿੱਖ ਧਰਮ ਸਬੰਧੀ ਕੁਝ ਵਾਕਫ਼ੀਅਤ ਹਾਸਲ ਕਰਨ ਦੀ ਇੱਛਾ ਪ੍ਰਗਟ ਕੀਤੀ ਦੱਸੀਦੀ ਹੈ।

6 ਦਸੰਬਰ ਨੂੰ ਲਾਹੌਰ ਦੇ ਰੋਜ਼ਾਨਾ ਅਖ਼ਬਾਰ




ਮਿਲਾਪ ਦੇ ਪ੍ਰਤੀਨਿਧ ਨੂੰ ਡਾਕਟਰ ਅੰਬੇਡਕਰ ਨੇ ਇੰਟਰਵਿਊ ਵਿਚ ਇਕ ਬਿਆਨ ਦਿੱਤਾ ਹੈ, ਜਿਸ ਦੇ ਵਿਚ ਇਹ ਦੱਸਦੇ ਹੋਏ ਕਿ ਉਹ ਅਜੇ ਪੰਜ ਸਾਲ ਤੱਕ ਮਜ਼੍ਹਬ ਤਬਦੀਲ ਨਹੀਂ ਕਰਨਗੇ। ਉਸ ਨੇ ਕਿਹਾ :

...ਬੁੱਧ ਧਰਮ ਕਬੂਲ ਕਰਨ ਬਾਬਤ ਸਾਡੇ ਰਾਹ ਵਿਚ ਕੁਛ ਰੁਕਾਵਟਾਂ ਹਨ। ਹਾਂ ਮੈਂ ਸਿੱਖ ਧਰਮ ਵਿਚ ਸ਼ਾਮਲ ਹੋਣ ਵਾਸਤੇ ਵਿਚਾਰ ਕਰਾਂਗਾ।

ਹਿੰਦ ਵਿਚ ਅਛੂਤਾਂ ਦੀ ਗਿਣਤੀ ਸੱਤ ਕਰੋੜ ਹੈ। ਇਹ ਸਾਰੇ ਦੇ ਸਾਰੇ ਉਕਤ ਡਾਕਟਰ ਜੀ ਦੇ ਪਿਛੇ ਨਹੀਂ ਹਨ, ਪਰ ਜਿਹਾ ਕਿ ਅਸਾਂ ਦੱਸਿਆ ਹੈ, ਕਾਫ਼ੀ ਗਿਣਤੀ ਵਿਚ ਇਨ੍ਹਾਂ ਦੇ ਨਾਲ ਹਨ। ਜੋ ਉਸੇ ਧਰਮ ਨੂੰ ਕਬੂਲ ਕਰਨਗੇ ਜਿਸ ਨੂੰ ਡਾਕਟਰ ਜੀ।

ਜਿਸ ਤਰ੍ਹਾਂ ਡਾਕਟਰ ਜੀ ਨੂੰ ਆਪਣੇ ਵਿਚ ਰੱਖਣ ਤੇ ਆਪਣੇ ਵੱਲ ਖਿੱਚਣ ਵਸਤੇ ਹਿੰਦੂ, ਆਰੀਆ ਸਮਾਜ ਈਸਾਈ ਤੇ ਮੁਸਲਮਾਨਾਂ ਨੇ ਜ਼ੋਰ ਲਗਾਇਆ ਹੈ, ਉਹਦੇ ਮੁਕਾਬਲੇ ਤੇ ਸਿੱਖਾਂ ਵਲੋਂ ਕੁਝ ਨਹੀਂ ਹੋਇਆ। ਸ਼ਾਇਦ ਇਕ ਅੱਧ ਤਾਰ ਗਈ ਹੋਵੇ ਜਿਸ ਵਿਚ ਕਿ ਡਾਕਟਰ ਜੀ ਨੂੰ ਸਿੱਖ ਧਰਮ ਦੀਆਂ ਪੁਸਤਕਾਂ ਪੜ੍ਹਨ ਦੀ ਸਲਾਹ ਦਿੱਤੀ ਗਈ ਹੋਵੇ।

ਡਾਕਟਰ ਅੰਬੇਡਕਰ ਦੇ ਸਿੱਖ ਧਰਮ ਬਾਬਤ ਆਪਣੀ ਰਾਇ ਕਾਇਮ ਕਰਨ ਦੀ ਇੱਛਾ ਨੇ ਗੁਰੂ ਦੀਆਂ ਸੰਗਤਾਂ ਵਿਚ ਇਕ ਖ਼ਾਸ ਤਰ੍ਹਾਂ ਦੀ ਖੁਸ਼ੀ ਦੀ ਲਹਿਰ ਚਲਾ ਦਿੱਤੀ ਹੈ ਤੇ ਇਹ ਇਨ੍ਹਾਂ ਨੂੰ ਕਲਗੀਆਂ ਵਾਲੇ ਦੇ ਝੰਡੇ ਹੇਠ ਵੇਖਣ ਦੇ ਚਾਉ ਵਿਚ ਹਨ। ਇਹ ਸਮਾਂ ਆਪਣੀ ਤਰ੍ਹਾਂ ਦਾ ਖ਼ਾਸ ਹੈ। ਇਹੋ ਜਿਹੇ ਮੌਕੇ ਮਿਲਣੇ ਸੁਭਾਗ ਨਾਲ ਹੀ ਹੋ ਸਕਦੇ ਹਨ ਤੇ ਇਸ ਵਿਚ ਵਾਹਿਗੁਰੂ ਜੀ ਖਾਸ ਮਿਹਰ ਸਮਝਣੀ ਚਾਹੀਦੀ ਹੈ। ਇਸ ਨੂੰ ਹੱਥੋਂ ਨਹੀਂ ਗਵਾਉਣਾ ਚਾਹੀਦਾ। ਜੇ ਕਦੀ ਇਸ ਵੇਲੇ ਨੂੰ ਸਿੱਖ ਮੁਖੀਏ ਸੰਭਾਲ ਸਕਣ ਤਦ ਕੌਮ ਲਈ ਇਸ ਤੋਂ ਵਧੀਕ ਖੁਸ਼ੀ ਦੀ ਗੱਲ ਕੋਈ ਨਹੀਂ ਹੋ ਸਕਦੀ। ਅਛੂਤਾਂ ਦੀਆਂ ਭਾਈਚਾਰਕ ਔਕੜਾਂ ਦੂਰ ਹੋ ਜਾਣਗੀਆਂ, ਮਨੁੱਖੀ ਹੱਕ ਉਨ੍ਹਾਂ ਨੂੰ ਮਿਲ ਜਾਣਗੇ, ਇਕ ਜਿਉਂਦੀ ਜਾਗਦੀ ਸੂਰਬੀਰ ਕੌਮ ਨਾਲ ਮਿਲ ਕੇ ਸਦੀਆਂ ਦੀ ਗੁਲਾਮੀ ਵਿਚ ਦੱਬੀ ਹੋਈ ਉਨ੍ਹਾਂ ਦੀ ਸੁਰਤ ਜਾਗ ਉਠੇਗੀ। ਅੰਮ੍ਰਿਤ ਛਕ ਕੇ ਮਿਲਿਆ ਨਵਾਂ ਜਨਮ ਉਨ੍ਹਾਂ ਦੀ ਸੱਚਮੁੱਚ ਕਾਇਆ ਪਲਟ ਦੇਵੇਗਾ। ਉਹ ਆਪਣੇ ਆਪ ਨੂੰ ਆਤਮ ਗਿਆਨ ਨਾਲ ਸਜਿਆ ਵੇਖਣਗੇ ਤੇ ਉਨ੍ਹਾਂ ਦੀਆਂ ਸਾਰੀਆਂ ਕਮਜ਼ੋਰੀਆਂ ਇਕ ਇਕ ਕਰਕੇ ਬਲਾ ਜਾਣਗੀਆਂ। ਦੂਜੇ ਪਾਸੇ ਸਿੱਖ ਵੀ ਇਨ੍ਹਾਂ ਨੂੰ ਆਪਣੇ ਨਾਲ ਮਿਲਾ ਕੇ ਵੱਡੀਆਂ ਕੌਮਾਂ ਵਿਚ ਅਪਣੇ ਆਪ ਨੂੰ ਵੇਖਣਗੇ।

(**ਚਲਦਾ**)





ਵਿਸ਼ਵ ਪ੍ਰਸਿੱਧ ਗੁਰਮਤਿ ਸੰਗੀਤ ਦੇ ਸ਼ੋਮਣੀ ਕੀਰਤਨੀਏ ਡਾ. ਗੁਰਨਾਮ ਸਿੰਘ ਨੇ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਗੁਰਮਤਿ ਸੰਗੀਤ ਪਰੰਪਰਾ ਨੂੰ ਵਰਤਮਾਨ ਸਮੇਂ ਪੁਨਰ ਸੁਰਜੀਤ ਕਰਨ ਵਿੱਚ ਵਿਲੱਖਣ ਯੋਗਦਾਨ ਪਾਇਆ ਹੈ। ਆਪ ਦੇਸ਼ ਵਿਦੇਸ਼ ਦੀਆਂ ਯੂਨੀਵਰਸਿਟੀਆਂ ਵਿੱਚ ਪਿਛਲੇ 40 ਵਰ੍ਹਿਆਂ ਤੋਂ ਬਤੌਰ ਡੀਨ ਤੇ ਪ੍ਰੋਫੈਸਰ ਕਾਰਜ ਕਰਦੇ ਆ ਰਹੇ ਹਨ। ਆਪਨੂੰ ਗੁਰਮਤਿ ਸੰਗੀਤ ਵਿੱਚ ਭਾਰਤ ਦਾ ਸਰਵੋਤਮ ਰਾਸ਼ਟਰਪਤੀ ਐਵਾਰਡ, ਸ਼੍ਰੋਮਣੀ ਰਾਗੀ ਐਵਾਰਡ ਅਤੇ ਗਲੋਬਲ ਪੱਧਰ ਉੱਤੇ ਬਹੁਤ ਸਾਰੀਆਂ ਸੰਸਥਾਵਾਂ ਵੱਲੋਂ ਸਨਮਾਨ ਦਿੱਤੇ ਜਾ ਚੁੱਕੇ ਹਨ। ਗੁਰੂ ਕਿਰਪਾ ਦੁਆਰਾ ਆਪਨੇ ਆਪਣੀ ਆਵਾਜ਼ ਵਿੱਚ ਸਿੱਖ ਇਤਿਹਾਸ ਵਿੱਚ ਪਹਿਲੀ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪੂਰਨ ਰਾਗਾਂ ਤੇ ਮਿਸ਼ਰਤ ਰਾਗਾਂ ਦਾ 1999 ਵਿੱਚ ਵਿਸ਼ਾਲ ਰਿਕਾਰਡਿੰਗ ਕਰਵਾਈ। ਵੱਖ ਵੱਖ ਆਡੀਓ ਵਿਜ਼ੂਅਲ ਕੰਪਨੀਆਂ ਤੇ ਯੂਟਿਊਬ ਉੱਤੇ ਆਪਦੀਆਂ ਅਨੇਕ ਕੀਰਤਨ ਰਿਕਾਰਡਿੰਗਜ਼ ਹਨ। ਯੂਨੀਵਰਸਿਟੀਆਂ, ਕਾਲਜਾਂ ਸਕੂਲਾਂ ਵਿੱਚ ਪੀ. ਐਚਡੀ ਤੱਕ ਗੁਰਮਤਿ ਸੰਗੀਤ ਸਬਜੈਕਟ ਵਜੋਂ ਲਾਗੂ ਕਰਵਾਇਆ, ਪੜ੍ਹਾਇਆ ਅਤੇ ਦੇਸ਼ ਵਿਦੇਸ਼ਾਂ ਦੀਆਂ ਯੂਨੀਵਰਸਿਟੀਆਂ ਵਿੱਚ ਕਈ ਗੁਰਮਤਿ ਸੰਗੀਤ ਵਿਭਾਗਾਂ ਦੀ ਸਥਾਪਨਾ ਕਰਵਾਈ। -ਨਾਰਥ ਅਮਰੀਕਾ ਵਿੱਚ ਆਪਨੇ ਰਾਗਾਤਮਕ ਕੀਰਤਨ ਦਰਬਾਰਾਂ ਤੇ ਗੁਰਮਤਿ ਸੰਗੀਤ ਸਿਖਲਾਈ ਕੈਂਪਾਂ ਦੁਆਰਾ ਵੱਡੀ ਸੇਵਾ ਨਿਭਾਈ ਹੈ। -21 ਪੁਸਤਕਾਂ 32 ਸੰਪਾਦਿਤ ਪੁਸਤਕਾਂ ਤੇ 200 ਤੋਂ ਵੱਧ ਖੋਜ ਲੇਖ ਲਿਖੇ ਹਨ। ਇਸ ਤੋਂ ਇਲਾਵਾ ਕਈ ਵਿਦਿਆਰਥੀਆਂ ਨੂੰ ਪੀਐਚ ਡੀ ਤੱਕ ਦਾ ਅਧਿਆਪਨ ਕਰਵਾਇਆ ਹੈ। -ਸ੍ਰੀ ਦਰਬਾਰ ਸਾਹਿਬ ਤੋਂ ਤੰਤੀ ਸਾਜ਼ ਲਾਗੂ ਕਰਵਾਉਣ ਵਿੱਚ ਆਪਦੀ ਪ੍ਰਮੁਖ ਭੂਮਿਕਾ ਰਹੀ ਹੈ। ਸਾਨੂੰ ਪ੍ਰਸੰਨਤਾ ਹੈ ਕਿ 'ਸਾਡੇ ਲੋਕ' ਅਦਾਰੇ ਲਈ ਡਾ. ਸਾਹਿਬ ਨੇ ਗੁਰਮਤਿ ਸੰਬੰਧੀ ਜਾਣਕਾਰੀ ਭਰਪੂਰ ਰਚਨਾ ਭੇਜੀ ਹੈ। ਇਸ ਹਫਤੇ ਤੋਂ ਅਸੀਂ ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਡਾ. ਗੁਰਨਾਮ ਸਿੰਘ ਜੀ ਵਲੋਂ 'ਸਾਡੇ ਲੋਕ' ਦੇ ਪਾਠਕਾਂ ਲਈ ਲੜੀਵਾਰ ਆਰਟੀਕਲ ਛਾਪਕੇ ਮਾਣ ਹਾਸਲ ਕਰ ਰਹੇ ਹਾਂ : -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਗੁਰਮਤਿ ਸੰਗੀਤ ਦੀ ਸਿਧਾਂਤਕ ਤੇ ਸਰੂਪਗਤ ਪਛਾਣ

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪੂਰਵ ਭਾਰਤੀ ਸੰਗੀਤ ਦੀ ਇਕ ਵਿਸ਼ਾਲ ਪਰੰਪਰਾ ਮੌਜੂਦ ਸੀ। ਇਸ ਦੇ ਨਾਲ ਹੀ ਵੱਖ ਵੱਖ ਧਾਰਮਿਕ ਸੰਪਰਦਾਵਾਂ ਅਤੇ ਸੰਤ ਭਗਤ ਕਵੀਆਂ ਦੁਆਰਾ ਧਾਰਮਿਕ ਸੰਗੀਤ ਦੀ ਇਕ ਅੱਡਰੀ ਪਰੰਪਰਾ ਵੀ ਹੋਂਦ ਵਿਚ ਸੀ। ਗੁਰੂ ਨਾਨਕ ਦੇਵ ਜੀ ਨੇ ਭਾਰਤੀ ਧਰਮ ਦਰਸ਼ਨ ਦੇ ਖੇਤਰ ਵਿਚ ਇਕ ਨਵੀਨ ਪੱਥ ਦੀ ਸਿਰਜਣਾ ਕੀਤੀ ਅਤੇ ਬਾਣੀ ਦੁਆਰਾ ਆਪਣਾ ਸੰਦੇਸ਼ ਸਰਬ ਲੋਕਾਈ ਤੱਕ ਸੰਚਰਿਤ ਕਰਨ ਲਈ ਸੰਗੀਤ ਦੀ ਇਕ ਨਵੀਨ ਪਰੰਪਰਾ ਚਲਾਈ ਜੋ ਵਰਤਮਾਨ ਤੱਕ ਸਿੱਖ ਧਰਮ ਵਿਚ ਸ਼ਬਦ ਕੀਰਤਨ ਦੇ ਰੂਪ ਵਿਚ ਨਿਰੰਤਰ ਗਤੀਸ਼ੀਲ ਹੈ।

ਗੁਰੂ ਸਾਹਿਬ ਦੁਆਰਾ ਪ੍ਰਚਲਿਤ ਤੇ ਵਿਕਸਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਵਿਧਾਨ ਦੀ ਅਨੁਸਾਰੀ ਂਬਦ ਕੀਰਤਨ ਦੀ ਇਸ ਸੰਗੀਤ ਪਰੰਪਰਾ ਨੂੰ ਗੁਰਮਤਿ ਸੰਗੀਤ ਕਿਹਾ ਜਾਂਦਾ ਹੈ। ਇਸ ਪਰੰਪਰਾ ਵਿਚ ਸੰਗੀਤ ਦੇ ਵਿਭਿੰਨ ਤੱਤਾਂ ਨੂੰ ਮੌਲਿਕ ਪ੍ਰਯੋਗ ਦੇ ਧਾਰਣੀ ਬਣਾਉਂਦਿਆਂ ਨਵੀਨ ਅਰਥ ਦਿੱਤੇ ਗਏ ਹਨ। ਇਸ ਨਵੀਨਤਾ ਸਦਕਾ ਇਹ ਪਰੰਪਰਾ ਆਪਣੀਆਂ ਸਮਕਾਲੀਨ ਧਾਰਮਿਕ ਅਤੇ ਸੰਗੀਤ ਦੀਆਂ ਪਰੰਪਰਾਵਾਂ ਨਾਲੋਂ ਸਹਿਜੇ ਹੀ ਅਲੱਗ ਹੋ ਜਾਂਦੀ ਹੈ। ਇਸ ਸੰਗੀਤ ਪਰੰਪਰਾ ਅਧੀਨ ਪ੍ਰਯੋਗ ਵਿਚ ਆਉਣ ਵਾਲੇ ਵਿਭਿੰਨ ਸੰਗੀਤਕ ਤੱਤ ਰਾਗ, ਗਾਇਨ, ਸ਼ੈਲੀਆਂ, ਰਹਾਉ, ਅੰਕ ਅਤੇ ਸ਼ਬਦ ਕੀਰਤਨ ਹਿਤ ਬਾਣੀ ਫੁਰਮਾਨ ਇਸ ਦਾ ਮੌਲਿਕ ਤੇ ਵਿਲੱਖਣ ਰੂਪ ਪ੍ਰਗਟਾ ਰਹੇ ਹਨ, ਗੁਰਮਤਿ ਸੰਗੀਤ ਦੇ ਵਿਧਾਨ ਨੂੰ ਜਾਣਨ ਲਈ ਇਸ ਦੇ ਆਧਾਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਸੰਗੀਤ ਸਿਰਲੇਖਾਂ, ਸੰਕੇਤਾਂ, ਫੁਰਮਾਨਾਂ ਸਬੰਧੀ ਵਿਚਾਰ ਜ਼ਰੂਰੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਥਮ ਸਿਰਲੇਖ ਰਾਗ ਹੈ ਜੋ ਕੀਰਤਨਕਾਰ ਲਈ ਸ਼ਬਦ ਨੂੰ ਨਿਰਧਾਰਿਤ ਰਾਗ ਅਧੀਨ ਗਾਇਨ ਕਰਨ ਦੇ ਨਿਰਦੇਸ਼ ਵਜੋਂ ਜਾਣਿਆ ਜਾਂਦਾ ਹੈ। ਬਾਣੀ ਵਿਚ ਰਾਗ ਦੇ ਮਹੱਤਵ ਅਤੇ ਪ੍ਰਯੋਗ ਬਾਰੇ ਅਨੇਕ ਫੁਰਮਾਨ ਅੰਕਿਤ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਆਧਾਰ ਵੀ ਰਾਗਾਤਮਕ ਹੈ। ਬਾਣੀ ਨੂੰ ਵੱਖ-ਵੱਖ 31 ਰਾਗਾਂ ਅਧੀਨ ਵਰਗੀਕ੍ਰਿਤ ਕੀਤਾ ਗਿਆ ਹੈ। ਇਹ ਰਾਗ ਅੰਕਣ ਕੇਵਲ ਨਾਮ ਮਾਤਰ ਨਹੀਂ ਸਗੋਂ ਬਾਣੀ ਭਾਵ ਅਤੇ ਪ੍ਰਕ੍ਰਿਤੀ ਦੀ ਅਟੁੱਟ ਸਾਂਝ ਦਰਸਾਉਂਦੇ ਹਨ। ਇਸੇ ਲਈ ਸਨਾਤਨੀ, ਦੇਸੀ, ਰਿਤੂ ਕਾਲੀਨ, ਇਲਾਕਾਈ ਸੰਗੀਤ ਪਰੰਪਰਾਵਾਂ ਦੇ ਰਾਗਾਂ ਦਾ ਵਿਸ਼ਾਲ ਭੰਡਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਪਲਬਧ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਉਪਰ ਰਾਗਾਂ ਦੇ ਨਾਲ ਵੱਖ ਵੱਖ ਬਾਣੀ ਰੂਪਾਂ ਦੇ ਸਿਰਲੇਖ ਵੀ ਦਿੱਤੇ ਗਏ ਹਨ। ਸ਼ਾਸਤਰੀ ਅੰਗ ਦੀਆਂ ਗਾਇਨ ਸ਼ੈਲੀਆਂ, ਅਸ਼ਟਪਦੀ, ਪਦੇ ਅਤੇ ਪੜਤਾਲ ਆਦਿ ਹਨ ਅਤੇ ਲੋਕ ਅੰਗ ਦੀਆਂ ਗਾਇਨ ਸ਼ੈਲੀਆਂ ਵਾਰ, ਛੰਤੁ, ਘੋੜੀਆਂ, ਅਲਾਹੁਣੀਆਂ, ਆਦਿ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੱਖ ਵੱਖ ਰਾਗਾਂ ਅਧੀਨ ਅੰਕਿਤ ਵਿਭਿੰਨ ਵਾਰਾਂ ਨੂੰ ਲੋਕ ਵਾਰਾਂ ਦੀਆਂ ਪਰੰਪਰਾਗਤ ਵਾਰ ਧੁਨੀਆਂ ਦੇ ਸਿਰਲੇਖ ਗਾਇਨ ਹਿਤ ਅੰਕਤ ਕੀਤੇ ਗਏ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਬਦਾਂ ਨੂੰ ਵਿਭਿੰਨ ਅੰਕਾਂ ਦੁਆਰਾ ਵਿਭਾਜਿਤ ਕੀਤਾ ਗਿਆ ਹੈ। ਸ਼ਬਦ ਵਿਚ ਰਹਾਉ ਦੀ ਤੁਕ ਤੋਂ ਬਿਨਾਂ ਬਾਕੀ ਤੁਕਾਂ ਦੀ ਸਮਾਪਤੀ ਤੇ ੧, ੨, ੩, ੪ ਆਦਿ ਅੰਕੁ ਮਿਲਦੇ ਹਨ ਜੋ ਅੰਤਰਿਆਂ ਦੇ ਸੂਚਕ ਹਨ। ਇਹਨਾਂ ਅੰਕਾਂ ਤੋਂ ੱਬਦ ਦੀ ਸੰਬੰਧਿਤ ਕਾਵਿ-ਸ਼ੈਲੀ ਅਤੇ ਗਾਇਨ ਸ਼ੈਲੀ ਦਾ ਵੀ ਗਿਆਨ ਹੁੰਦਾ ਹੈ। ਉਦਾਹਰਣ ਦੇ ਤੌਰ 'ਤੇ ਚਉਪਦੇ ਵਿਚ ਚਾਰ ਪਦੇ, ਦੁਪਦੇ ਵਿਚ ਦੋ ਪਦੇ ਅਤੇ ਅੱਟਪਦੀ ਵਿਚ ਅੱਠ ਪਦੇ ਹਨ। ਇਨ੍ਹਾਂ ਅੰਕਾਂ ਜਾਂ ਅੰਤਰਿਆਂ ਦੀਆਂ ਤੁਕਾਂ ਦਾ ਸੰਬੰਧ ਜੋ ਰਹਾਉ ਦੀ ਤੁਕ ਦੇ ਕੇਂਦਰੀ ਭਾਵ ਨੂੰ ਦ੍ਰਿੜ੍ਹ ਕਰਵਾਉਣ ਲਈ ਪ੍ਰਮਾਣਾਂ, ਦਲੀਲਾਂ, ਉਕਤੀਆਂ ਅਤੇ ਉਦਾਹਰਣਾਂ ਦੇ ਰੂਪ ਵਿਚ ਭਾਵ ਸੰਚਾਰ ਕਰਨਾ ਹੈ। ਸ਼ਬਦ ਵਿਚ ਹਰ ਅੰਤਰੇ ਤੋਂ ਬਾਅਦ ਰਹਾਉ ਦੀ ਤੁਕ ਤੇ ਆਉਣ ਦੀ ਪ੍ਰਕ੍ਰਿਆ ਸਰੋਤੇ ਦੇ ਮਨ ਤੇ ਸ਼ਬਦ ਦੇ ਅੰਤਰਨਿਹਿਤ ਭਾਵਾਂ ਦਾ ਬੋਧ ਦ੍ਰਿੜ੍ਹਾਉਣਾ ਹੈ।

ਗੁਰਬਾਣੀ ਵਿਚ ਕਾਵਿ ਅਤੇ ਸੰਗੀਤ ਦੇ ਪੱਖੋਂ ਰਹਾਉ ਇਕ ਮਹੱਤਵਪੂਰਨ ਇਕਾਈ ਹੈ। ਰਹਾਉ ਦੀ ਤੁਕ ਵਿਚ ਸ਼ਬਦ ਦਾ ਕੇਂਦਰੀ ਭਾਵ ਮੌਜੂਦ ਹੁੰਦਾ ਹੈ। ਸੰਗੀਤ ਦੀ ਧਰੁਪਦ ਗਾਇਕੀ ਵਿਚ ਧਰੁਵ ਪਦ ਸਥਾਈ ਜਾਂ ਰਹਾਉ ਵਾਗੂੰ ਹੀ ਸਥਿਰ ਰੂਪ ਵਿਚ ਕੇਂਦਰੀ ਧੁਰੇ ਵਜੋਂ ਕਾਰਜਸ਼ੀਲ ਰਹਿੰਦਾ ਹੈ। ਮੱਧਕਾਲੀਨ ਸੰਤ ਭਗਤ ਕਵੀਆਂ ਨੇ ਆਪਣੀਆਂ ਰਚਨਾਵਾਂ ਲਈ ਰਹਾਉ ਲਈ ਟੇਕ ੱਬਦ ਦਾ ਪ੍ਰਯੋਗ ਕੀਤਾ ਹੈ। ਗੁਰਬਾਣੀ ਵਿਚ ਇਕ ਤੋਂ ਵਧੀਕ ਚਾਰ ਤੱਕ ਰਹਾਉ ਪਦ ਪ੍ਰਯੋਗ ਕੀਤਾ ਗਿਆ ਹੈ ਜੋ ਸਬੰਧਿਤ ਰਚਨਾ ਵਿਚ ਰਹਾਉ ਪਰਿਵਰਤਨ ਕਰਨ ਦਾ ਸੰਕੇਤ ਹੈ।

ਉਕਤ ਸਿਰਲੇਖਾਂ ਤੋਂ ਬਿਨਾਂ ਧੁਨੀ, ਘਰ, ਜਤਿ, ਸੁਧੰਗ ਤੇ ਕਈ ਹੋਰ ਸੰਗੀਤਕ ਸਿਰਲੇਖ ਗੁਰਮਤਿ ਸੰਗੀਤ ਦੀ ਸ਼ਬਦ ਕੀਰਤਨ ਪਰੰਪਰਾ ਹਿਤ ਵੱਖ-ਵੱਖ ਨਿਰਦੇਸ਼ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਆਏ ਹੋਏ ਸਮੂਹ ਸੰਗੀਤਕ ਸਿਰਲੇਖ ਸੰਕੇਤ ਰਾਗ ਗਾਇਨ ਰੂਪਾਂ ਆਦਿ ਸਹਿਤ ਸ਼ਬਦ ਕੀਰਤਨ ਪਰੰਪਰਾ ਲਈ ਵਿਸ਼ੇਸ਼ ਮਰਿਯਾਦਾ ਸਿਰਜਦੇ ਹਨ ਜੋ ਸਪੱਸ਼ਟ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਦੇ ਬਾਣੀ ਵਿਧਾਨ ਉਪਰ ਆਧਾਰਿਤ ਹੈ। ਜਦੋਂ ਅਸੀਂ ਗੁਰਮਤਿ ਸੰਗੀਤ ਮਰਿਆਦਾ ਅਨੁਸਾਰ ਗਾਇਨ ਕੀਤਾ ਜਾਵੇਗਾ ਤਾਂ ਸ਼ਬਦ ਵਿਚਲੇ ਸੰਦੇਸ਼ ਦੀਆਂ ਪਰਤਾਂ ਆਪ ਮੁਹਾਰੇ ਸੁਣਨ ਅਤੇ ਸੁਨਾਉਣ ਵਾਲੇ ਤਕ ਖੁਲਦੀਆਂ ਜਾਣਗੀਆਂ। ਇਸ ਪ੍ਰਕਾਰ ਬਾਣੀ ਤੇ ਸਬੰਧਿਤ ਸ਼ਬਦ ਰਚਨਾ ਦਾ ਸਹਿਜ ਰੂਪ ਵਿਚ ਹੀ ਸਵੈ-ਸੰਚਾਰ ਹੁੰਦਾ ਜਾਵੇਗਾ।

ਉਕਤ ਵਰਣਿਤ ਵਿਲੱਖਣਤਾਵਾਂ ਇਕ ਨਿਸਚਤ ਤੇ ਨਿਰਧਾਰਤ ਸੰਗੀਤ ਮਰਿਯਾਦਾ ਦੇ ਰੂਪ ਵਿਚ ਵਿਕਸਤ ਤੇ ਸਥਾਪਤ ਹੋਈਆਂ ਹਨ ਜਿਨ੍ਹਾਂ ਨੂੰ ਗੁਰਮਤਿ ਸੰਗੀਤ ਦੇ ਰੂਪ ਵਿਚ ਪਛਾਣਿਆ ਜਾਂਦਾ ਹੈ। ਭਾਰਤੀ ਸੰਗੀਤ ਨੂੰ ਇਤਿਹਾਸ ਦੇ ਪ੍ਰਸੰਗ ਵਿਚ ਵਾਚੀਏ ਤਾਂ ਸਮਰਾਟ ਅਕਬਰ ਦੇ ਕਾਲ ਨੂੰ ਭਾਰਤੀ ਸ਼ਾਸਤਰੀ ਸੰਗੀਤ ਦਾ ਸੁਨਹਿਰਾ ਯੁਗ ਸਵੀਕਾਰ ਕੀਤਾ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਬਾਬਰ ਦੇ ਸਮਕਾਲੀ ਸਨ ਅਤੇ ਉਨ੍ਹਾਂ ਨੇ ਪੂਰਵਕਾਲੀਨ ਅਤੇ ਸਮਕਾਲੀਨ ਸੰਗੀਤ ਪਰੰਪਰਾਵਾਂ ਦੀ ਤੁਲਨਾ ਵਿਚ ਧਰਮ ਪ੍ਰਚਾਰ ਲਈ ਮੌਲਿਕ ਤੇ ਨਿਵੇਕਲੀ ਗੁਰਮਤਿ ਇਸੇ ਸੰਗੀਤ ਪਰੰਪਰਾ ਦਾ ਆਰੰਭ ਕੀਤਾ। ਇਹ ਪਰੰਪਰਾ ਭਾਰਤੀ ਸ਼ਾਸਤਰੀ ਸੰਗੀਤ ਦੇ ਸੁਨਹਿਰੇ ਯੁੱਗ ਦੇ ਸਮਾਨੰਤਰ ਸੁਦ੍ਰਿੜ੍ਹ ਅਤੇ ਸਥਾਪਿਤ ਰੂਪ ਵਿਚ ਉਜਾਗਰ ਹੁੰਦੀ ਹੈ ਜੋ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗਾਤਮਕ ਸੰਪਾਦਨਾ ਅਤੇ ਗੁਰਮਤਿ ਸੰਗੀਤ ਦਾ ਆਧਾਰ ਗ੍ਰੰਥ ਤੋਂ ਪ੍ਰਤੱਖ ਹੈ। ਆਮ ਲੋਕਾਂ ਦੀ ਬੋਲੀ, ਲਿਪੀ ਤੇ ਸੰਗੀਤ ਵਿਚ ਨਿਬੱਧ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਪਰੰਤ ਗੁਰੂ ਵਜੋਂ ਮਾਨਤਾ ਤੋਂ ਬਾਅਦ ਇਹ ਸੰਗੀਤ ਪਰੰਪਰਾ ਅੱਜ ਵੀ ਵਿਵਹਾਰਕ ਰੂਪ ਵਿਚ ਗਤੀਸ਼ੀਲ ਹੈ। ਭਾਰਤੀ ਸੰਗੀਤ ਦੀ ਸਨਾਤਨੀ ਜਾਂ ਸ਼ਾਸਤਰੀ ਸੰਗੀਤਕ ਪਰੰਪਰਾਵਾਂ ਜੋ ਜਨ ਸਾਧਾਰਨ ਦੀ ਪਹੁੰਚ ਤੋਂ ਪਰੇ ਦੀ ਕਲਾ ਸੀ ਨੂੰ ਗੁਰੂ ਸਾਹਿਬਨ ਨੇ ਗੁਰਮਤਿ ਸੰਗੀਤ ਦੇ ਰੂਪ ਵਿਚ ਸਰਬਲੋਕਾਈ ਦੀ ਸਾਂਝੀ ਸੰਗੀਤ ਕਲਾ ਵਜੋਂ ਪ੍ਰਗਟ ਕੀਤਾ। ਸਮਕਾਲੀ ਗੁਰਮਤਿ ਸੰਗੀਤ ਪਰੰਪਰਾ ਗਾਇਨ ਤੇ ਵਾਦਨ ਦੇ ਰੂਪ ਵਿਚ ਵਿਸ਼ਾਲ ਸੂਰੂਪ ਗ੍ਰਹਿਣ ਕਰ ਚੁੱਕੀ ਹੈ।




# ਕਾਂਗਰਸ ਵਿੱਚੋਂ ਕੱਢੇ ਜਾਣ ਬਾਰੇ ਕੋਈ ਨੋਟਿਸ ਨਹੀਂ ਮਿਲਿਆ: ਪ੍ਰਨੀਤ ਕੌਰ



ਡੇਰਾਬੱਸੀ : ਪਟਿਆਲਾ ਤੋਂ ਸੰਸਦ ਮੈਂਬਰ ਪ੍ਰਨੀਤ ਕੌਰ ਨੇ ਅੱਜ ਇਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹਾਲੇ ਕਾਂਗਰਸ ਪਾਰਟੀ ਵਿੱਚੋਂ ਕੱਢੇ ਜਾਣ ਬਾਰੇ ਉਨ੍ਹਾਂ ਨੂੰ ਕੋਈ ਨੋਟਿਸ ਪ੍ਰਾਪਤ ਨਹੀਂ ਹੋਇਆ ਹੈ। ਹਾਲਾਂਕਿ ਇਸ ਤੋਂ ਪਹਿਲਾਂ ਉਨ੍ਹਾਂ ਨੂੰ ਜੋ ਕਾਰਨ ਦੱਸੋ ਨੋਟਿਸ ਜਾਰੀ ਹੋਇਆ ਸੀ ਉਸ ਸਬੰਧੀ ਉਨ੍ਹਾਂ ਵੱਲੋਂ ਜਵਾਬ ਦੇ ਦਿੱਤਾ ਗਿਆ ਸੀ। ਸੰਸਦ ਮੈਂਬਰ ਅੱਜ ਇਥੇ ਕਿਸੇ ਨਿੱਜੀ ਸਮਾਗਮ ਵਿੱਚ ਸ਼ਾਮਲ ਹੋਣ ਲਈ ਪਹੁੰਚੇ ਸਨ। ਇਸ ਮੌਕੇ ਪਟਿਆਲਾ ਲੋਕ ਸਭਾ ਹਲਕਾ ਅਕਾਲੀ ਦਲ ਦੇ ਖੇਮੇ 'ਚ ਜਾਣ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਹਲਕਾ ਵਾਸੀ ਉਨ੍ਹਾਂ ਨੂੰ ਅਥਾਹ ਪਿਆਰ ਕਰਦੇ ਹਨ ਤੇ ਇਹ ਲੋਕ ਹੀ ਉਨ੍ਹਾਂ ਦੀ ਸਭ ਤੋਂ ਵੱਡੀ ਤਾਕਤ ਹਨ। ਇਸ ਤੋਂ ਬਿਨਾਂ ਹੋਰ ਸਭ ਕੁਝ ਉਨ੍ਹਾਂ ਲਈ ਦੂਜਾ ਸਥਾਨ ਰੱਖਦਾ ਹੈ।

# ਸਿੱਖ ਵਫ਼ਦ ਵੱਲੋਂ ਬਿਹਾਰ ਦੇ ਰਾਜਪਾਲ ਨਾਲ ਮੁਲਾਕਾਤ



ਅੰਮ੍ਰਿਤਸਰ: ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਚੇਅਰਮੈਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਸਿੱਖ ਵਫ਼ਦ ਨਾਲ ਬਿਹਾਰ ਦੇ ਰਾਜਪਾਲ ਰਾਜਿੰਦਰ ਵਿਸ਼ਵਨਾਥ ਨਾਲ ਮੁਲਾਕਾਤ ਕੀਤੀ ਹੈ ਤੇ ਉਨ੍ਹਾਂ ਨੂੰ ਉੱਤਰਾਖੰਡ ਸਥਿਤ ਚਾਰ ਧਾਮ ਤੇ ਗੁਰਦੁਆਰਾ ਹੇਮਕੁੰਟ ਸਾਹਿਬ ਦੀ ਯਾਤਰਾ ਦਾ ਸੱਦਾ ਦਿੱਤਾ ਹੈ। ਸ੍ਰੀ ਬਿੰਦਰਾ ਨੇ ਦੱਸਿਆ ਕਿ ਇਹ ਮੁਲਾਕਾਤ ਸਦਭਾਵਨਾ ਵਾਲੇ ਮਾਹੌਲ ਵਿੱਚ ਹੋਈ ਅਤੇ ਰਾਜਪਾਲ ਨੇ ਉਨ੍ਹਾਂ ਦਾ ਸੱਦਾ ਕਬੂਲ ਕੀਤਾ ਹੈ। ਉਨ੍ਹਾਂ ਦੱਸਿਆ ਕਿ ਰਾਜਪਾਲ ਨਾਲ ਮੁਲਾਕਾਤ ਦਾ ਮੁੱਖ ਮੰਤਵ ਆਪਸੀ ਸਬੰਧਾਂ ਨੂੰ ਮਜ਼ਬੂਤ ਕਰਨਾ ਅਤੇ ਉਨ੍ਹਾਂ ਨੂੰ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਇਤਿਹਾਸ ਅਤੇ ਉੱਤਰਾਖੰਡ ਦੀ ਅਧਿਆਤਮਕ ਮਹੱਤਤਾ ਨੂੰ ਉਭਾਰਨਾ ਸੀ। ਇਸ ਮੁਲਾਕਾਤ ਦੌਰਾਨ ਉਨ੍ਹਾਂ ਨੇ ਰਾਜਪਾਲ ਨੂੰ ਹੇਮਕੁੰਟ ਸਾਹਿਬ ਸਣੇ ਚਾਰ ਧਾਮ ਯਾਤਰਾ ਦਾ ਵੀ ਸੱਦਾ ਦਿੱਤਾ। ਉਨ੍ਹਾਂ ਨੂੰ ਇਨ੍ਹਾਂ ਧਾਰਮਿਕ ਅਸਥਾਨਾਂ ਦੀ ਮਹੱਤਤਾ ਬਾਰੇ ਵੀ ਜਾਣੂ ਕਰਾਇਆ।

# 48 ਫ਼ੀਸਦੀ ਔਰਤਾਂ ਨੂੰ ਪਾਰਟੀ ਦੇ ਹੱਕ 'ਚ ਤੋਰਨ ਲਈ 3 ਪਾਰਟੀਆਂ ਦੀ ਕਮਾਨ ਪਟਿਆਲਾ ਕੋਲ



ਬੀਬਾ ਜੈਇੰਦਰ ਕੌਰ



ਗੁਰਸ਼ਰਨ ਕੌਰ ਰੰਧਾਵਾ



ਪ੍ਰੀਤੀ ਮਲਹੋਤਰਾ

ਪਟਿਆਲਾ : 2024 ਦੀਆਂ ਸੰਸਦੀ ਚੋਣਾਂ ਦੌਰਾਨ ਸੂਬੇ ਦੀਆਂ 48 ਫ਼ੀਸਦੀ ਔਰਤ ਵੋਟਰਾਂ ਨੂੰ ਆਪਣੀ ਆਪਣੀ ਪਾਰਟੀ ਦੇ ਹੱਕ 'ਚ ਭੁਗਤਾਉਣ ਲਈ ਕਾਂਗਰਸ, ਭਾਜਪਾ ਤੇ ਆਮ ਆਦਮੀ ਪਾਰਟੀ ਨੇ ਪਟਿਆਲਾ ਜ਼ਿਲ੍ਹੇ 'ਚੋਂ ਮੋਢੀਆਂ ਦੀ ਚੋਣ ਕੀਤੀ ਹੈ। ਭਾਜਪਾ ਵਲੋਂ ਬੀਬਾ ਜੈਇੰਦਰ ਕੌਰ, ਕਾਂਗਰਸ ਵਲੋਂ ਬੀਬੀ ਗੁਰਸ਼ਰਨ ਕੌਰ ਰੰਧਾਵਾ ਤੇ ਆਮ ਆਦਮੀ ਪਾਰਟੀ ਵਲੋਂ ਪ੍ਰੀਤੀ ਮਲਹੋਤਰਾ ਨੂੰ ਬਤੌਰ ਮਹਿਲਾ ਵਿੰਗ ਦੇ ਸੂਬਾਈ ਪ੍ਰਧਾਨ ਦੀ ਵਾਗਡੋਰ ਸੰਭਾਲੀ ਗਈ ਹੈ। ਜੈਇੰਦਰ ਕੌਰ ਪਟਿਆਲਾ ਸ਼ਹਿਰੀ, ਗੁਰਸ਼ਰਨ ਕੌਰ ਰੰਧਾਵਾ ਹਲਕਾ ਸਮਾਣਾ, ਪ੍ਰੀਤੀ ਮਲਹੋਤਰਾ ਹਲਕਾ ਪਟਿਆਲਾ ਦਿਹਾਤੀ ਤੋਂ ਸਿਆਸਤ ਦੀ ਸ਼ੁਰੂਆਤ ਕਰਨ ਵਾਲੀਆਂ ਇਨ੍ਹਾਂ ਤਿੰਨ ਆਗੂਆਂ ਨੂੰ 117 ਹਲਕਿਆਂ ਦੇ ਨਾਲ-ਨਾਲ ਆਪਣੇ ਖ਼ੁਦ ਦੇ ਹਲਕੇ 'ਚੋਂ ਮਿਲਣ ਵਾਲਾ ਹੁੰਗਾਰਾ ਇਨ੍ਹਾਂ ਦੇ ਭਵਿੱਖ ਦੇ ਰਾਜਨੀਤਕ ਸਫ਼ਰ ਦਾ ਫ਼ੈਸਲਾ ਕਰਨ ਵਾਲਾ ਹੋਵੇਗਾ। ਇਹ ਕਹਿਣਾ ਵੀ ਗਲਤ ਨਹੀਂ ਹੋਵੇਗਾ ਕਿ ਇਨ੍ਹਾਂ 'ਚੋਂ ਦੋ ਆਗੂ ਦਹਾਕਿਆਂ ਤੋਂ ਸੱਤਾ 'ਤੇ ਕਾਬਜ਼ ਰਹਿਣ ਵਾਲੀਆਂ ਪਾਰਟੀਆਂ ਲਈ ਕੰਮ ਕਰਨਗੀਆਂ ਤੇ ਤੀਜੀ ਪਹਿਲੀ ਵਾਰ ਸੱਤਾ 'ਚ ਆਈ ਪਾਰਟੀ ਲਈ ਸਮਰਥਨ ਜੁਟਾਉਣ ਲਈ ਮੈਦਾਨ 'ਚ ਨਿੱਤਰੇਗੀ। ਸੂਬੇ ਅੰਦਰ ਵੋਟਰਾਂ ਵਜੋਂ ਔਰਤਾਂ ਦੀ ਐਨੀ ਵੱਡੀ ਤਾਦਾਦ ਨੂੰ ਦੇਖਦਿਆਂ ਚੋਣਾਂ ਲੜਨ ਲਈ ਪਾਰਟੀਆਂ ਵਲੋਂ ਸਿਰਫ 10 ਫ਼ੀਸਦੀ ਦਿੱਤੀਆਂ ਜਾਂਦੀਆਂ ਟਿਕਟਾਂ ਨੂੰ ਇਨ੍ਹਾਂ 'ਚੋਂ ਕੌਣ ਵਧਾਉਣ 'ਚ ਕਾਮਯਾਬ ਹੋਵੇਗਾ, ਵੀ ਦੇਖਣ ਵਾਲੀ ਗੱਲ ਹੋਵੇਗੀ, ਕਿਉਂਕਿ ਸੂਬੇ ਵਿਚਲੇ ਕੁੱਲ 2 ਕਰੋੜ 15 ਲੱਖ ਦੇ ਕਰੀਬ ਵੋਟਰਾਂ 'ਚੋਂ 1 ਕਰੋੜ 3 ਲੱਖ ਦੇ ਕਰੀਬ ਔਰਤਾਂ ਹਨ, ਜੇ ਲੰਘੀਆਂ ਵਿਧਾਨ ਸਭਾ ਚੋਣਾਂ ਦੀ ਗੱਲ ਕਰੀਏ ਤਾਂ 1209 ਮਰਦ ਤੇ 93 ਔਰਤ ਉਮੀਦਵਾਰ ਚੋਣ ਮੈਦਾਨ 'ਚ ਨਿੱਤਰੇ ਸਨ, ਜਿਨ੍ਹਾਂ 'ਚੋਂ ਆਮ ਆਦਮੀ ਪਾਰਟੀ ਨੇ 12 ਔਰਤਾਂ, 11 ਕਾਂਗਰਸ, ਸ਼੍ਰੋਮਣੀ ਅਕਾਲੀ ਦਲ 5, ਭਾਜਪਾ 6, ਬਹੁਜਨ ਸਮਾਜਵਾਦੀ ਪਾਰਟੀ 1, ਸ਼੍ਰੋਮਣੀ ਅਕਾਲੀ ਦਲ ਸੰਯੁਕਤ 1, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ 3 ਔਰਤਾਂ ਨੂੰ ਚੋਣ ਪਿੜ 'ਚ ਉਤਾਰਿਆ ਉੱਥੇ ਖੱਬੇ ਪੱਖੀਆਂ ਵਲੋਂ ਇਹ ਗਿਣਤੀ ਮਨਫ਼ੀ ਰਹੀ। ਹੁਣ ਆਉਂਦੀਆਂ ਸੰਸਦੀ ਚੋਣਾਂ 'ਚ ਵੋਟਰਾਂ ਪੱਖੋਂ 48 ਫ਼ੀਸਦੀ ਗਿਣਤੀ ਰੱਖਣ ਵਾਲੀਆਂ ਔਰਤਾਂ ਨੂੰ ਕਿਹੜੀ ਪਾਰਟੀ ਕਿੰਨੀ ਨੁਮਾਇੰਦਗੀ ਦੇ ਕੇ ਉਮੀਦਵਾਰਾਂ ਦੀ ਸੂਚੀ ਸ਼ਿੰਗਾਰੇਗੀ, ਇਹ ਵਕਤ ਦੱਸੇਗਾ।

# ਜਿਨ੍ਹਾਂ ਨੌਕਰੀ ਦੀ ਝਾਕ ਵਿੱਚ ਉਮਰਾਂ ਲੰਘਾ ਲਈਆਂ.. !

## ਚਾਰ-ਚਾਰ ਸਰਕਾਰਾਂ ਦੇਖਣ ਦੇ ਬਾਵਜੂਦ ਨਹੀਂ ਮਿਲੀ ਨੌਕਰੀ; ਹੁਣ ਹੋਰਾਂ ਲਈ ਕਰ ਰਹੇ ਨੇ ਸੰਘਰਸ਼

ਚੰਡੀਗੜ੍ਹ : ਪੰਜਾਬ ਦੇ ਹਜ਼ਾਰਾਂ ਨੌਜਵਾਨ ਅਜਿਹੇ ਹਨ ਜਿਹੜੇ ਰੁਜ਼ਗਾਰ ਦੀ ਝਾਕ ਵਿੱਚ ਉਮਰਾਂ ਲੰਘਾ ਚੁੱਕੇ ਹਨ। ਉਮਰ ਹੱਦ ਹੁਣ ਲੰਘ ਜਾਣ ਵਾਲਿਆਂ 'ਚੋਂ ਬਹੁਤੇ ਉਨ੍ਹਾਂ ਉਮੀਦਵਾਰਾਂ ਖਾਤਰ ਸੰਘਰਸ਼ ਦੇ ਮੈਦਾਨ ਵਿੱਚ ਹਨ ਜਿਹੜੇ ਹਾਲੇ ਨੌਕਰੀ ਲਈ ਯੋਗ ਹਨ। ਚਾਰ-ਚਾਰ ਸਰਕਾਰਾਂ ਦੇਖਣ ਦੇ ਬਾਵਜੂਦ ਜਿਨ੍ਹਾਂ ਨੂੰ ਨੌਕਰੀ ਦਾ ਮੂੰਹ ਦੇਖਣਾ ਨਸੀਬ ਨਹੀਂ ਹੋਇਆ ਉਨ੍ਹਾਂ ਇਕੱਠੇ ਹੋ ਕੇ 'ਓਵਰਏਜ ਨੌਜਵਾਨ ਯੂਨੀਅਨ' ਵੀ ਬਣਾਈ ਸੀ।
ਬਰਨਾਲਾ ਦੇ ਪਿੰਡ ਢਿੱਲਵਾਂ ਦਾ ਸੁਖਵਿੰਦਰ ਸਿੰਘ ਹੁਣ ਕਿਸੇ ਪਾਸੇ ਦਾ ਨਹੀਂ ਰਿਹਾ। ਬੀ.ਐਡ ਟੈੱਟ ਪਾਸ ਸੁਖਵਿੰਦਰ ਨੇ ਮਲਟੀਪਰਪਜ਼ ਹੈਲਥ ਵਰਕਰ ਦਾ ਡਿਪਲੋਮਾ ਵੀ ਕੀਤਾ ਹੋਇਆ ਹੈ। ਉਹ 2005 ਤੋਂ ਸੰਘਰਸ਼ੀ ਰਾਹ 'ਤੇ ਹੈ। ਹਵਾਲਾਤ ਵੀ ਦੇਖ ਲਏ, ਲਾਠੀਚਾਰਜ ਵੀ ਝੱਲ ਲਏ ਪਰ ਹੱਥ ਫਿਰ ਵੀ ਖਾਲੀ ਹਨ। ਸੁਖਵਿੰਦਰ ਸਿੰਘ ਆਖਦਾ ਹੈ ਕਿ ਉਹ ਤਾਂ ਉਮਰ ਲੰਘਾ ਚੁੱਕਾ ਹੈ ਪਰ ਹੁਣ ਉਹ ਨੌਕਰੀ ਲਈ ਯੋਗ ਉਮੀਦਵਾਰਾਂ ਖਾਤਰ ਸੰਘਰਸ਼ ਕਰ ਰਿਹਾ ਹੈ। ਸੁਖਵਿੰਦਰ ਦਾ ਲਾਠੀਚਾਰਜ ਵਿੱਚ ਇੱਕ ਵਾਰ ਮੋਢਾ ਵੀ ਉਤਰ ਚੁੱਕਾ ਹੈ।
ਤਰਨ ਤਾਰਨ ਦੇ ਪਿੰਡ ਮਾੜੀ ਉਦੋਕੇ ਦਾ ਬਖਸ਼ੀਸ਼ ਸਿੰਘ ਐੱਮਏ, ਬੀਐੱਡ ਪਾਸ ਹੈ। ਉਹ 2008 ਤੋਂ ਸੜਕਾਂ 'ਤੇ ਕੂਕ ਰਿਹਾ ਹੈ। ਰੁਜ਼ਗਾਰ ਖ਼ਾਤਰ ਉਹ ਜੇਲ੍ਹ ਵੀ ਗਿਆ ਅਤੇ ਥਾਣੇ ਵੀ ਦੇਖ ਚੁੱਕਾ ਹੈ। ਉਹ ਆਖਦਾ ਹੈ, "ਸਾਡੀ ਤਾਂ ਉਮਰ ਹੱਦ ਲੰਘ ਗਈ, ਦੂਸਰਿਆਂ ਨੂੰ ਆਹ ਦਿਨ ਨਾ ਦੇਖਣੇ ਪੈਣ ਇਸ ਲਈ ਉਨ੍ਹਾਂ ਖਾਤਰ ਲੜ ਰਹੇ ਹਾਂ।" ਪੰਜਾਬ ਵਿੱਚ ਇਕੱਲੀ ਟੀਚਿੰਗ ਕੈਟਾਗਰੀ ਦੇ 1800 ਉਮੀਦਵਾਰ ਨੌਕਰੀ ਲਈ ਤੈਅ ਉਮਰ ਹੱਦ ਲੰਘਾ ਚੁੱਕੇ ਹਨ।
ਪੰਜਾਬ ਸਰਕਾਰ ਨੇ ਜਨਰਲ ਵਰਗ ਲਈ ਉਮਰ ਹੱਦ 37 ਸਾਲ ਅਤੇ ਐੱਸਸੀ ਵਰਗ ਲਈ ਉਮਰ ਹੱਦ 42 ਸਾਲ ਕੀਤੀ ਹੋਈ ਹੈ। ਸਾਂਝਾ ਮੋਰਚਾ ਪੰਜਾਬ ਉਮਰ ਹੱਦ ਵਿੱਚ ਪੰਜ ਸਾਲ ਦੀ ਛੋਟ ਲਈ ਲੜ ਰਿਹਾ ਹੈ। ਮੌਜੂਦਾ 'ਆਪ' ਸਰਕਾਰ ਤੋਂ ਵੀ ਇਹ ਝਾਕ ਲਾਈ ਬੈਠੇ ਹਨ। ਕੈਬਨਿਟ ਸਬ-ਕਮੇਟੀ ਨਾਲ ਇਨ੍ਹਾਂ ਦੀ 31 ਜਨਵਰੀ ਨੂੰ ਇੱਕ ਮੀਟਿੰਗ ਵੀ ਹੋ ਰਹੀ ਹੈ।
ਸੰਗਰੂਰ ਦੇ ਨਿਦਾਮਪੁਰ ਦਾ ਰਣਬੀਰ ਸਿੰਘ ਵੀ ਐੱਮਏ, ਬੀਐੱਡ ਹੈ ਅਤੇ ਉਹ ਵੀ ਉਮਰ ਹੱਦ ਲੰਘਾ ਚੁੱਕਾ ਹੈ। ਕਈ ਉਮੀਦਵਾਰਾਂ ਨੇ ਆਪੋ-ਆਪਣੀ ਦਾਸਤਾਨ ਦੱਸੀ ਕਿ ਸਰਕਾਰ ਨੇ ਨੌਕਰੀ ਨਹੀਂ ਦਿੱਤੀ ਅਤੇ ਇਸੇ ਝਾਕ ਵਿੱਚ ਉਹ ਵਿਆਹ ਕਰਾਉਣ ਤੋਂ ਵੀ ਖੁੰਝ ਗਏ। ਗੁਰਦਾਸਪੁਰ ਦੇ ਪਿੰਡ ਸੰਘੇੜਾ ਦਾ ਸੰਦੀਪ ਵੀ 2005 ਤੋਂ ਧਰਨੇ ਮੁਜ਼ਾਹਰਿਆਂ ਵਿੱਚ ਜਾ ਰਿਹਾ ਸੀ। ਉਹ ਵੀ ਨੌਕਰੀ ਵਾਲੀ ਉਮਰ ਲੰਘਾ ਚੁੱਕਾ ਹੈ। ਕਈ ਬੇਰੁਜ਼ਗਾਰ ਅਧਿਆਪਕਾਂ ਦੇ ਬੱਚੇ ਵੀ ਕਾਲਜਾਂ ਵਿੱਚ ਪੜ੍ਹ ਰਹੇ ਹਨ। ਹੁਸ਼ਿਆਰਪੁਰ ਦੇ ਪਿੰਡ ਖਾਨਪੁਰ ਦੇ ਅਮਨਦੀਪ ਸਿੰਘ ਨੇ ਉਮਰ ਹੱਦ ਲੰਘਾਉਣ ਮਗਰੋਂ ਹੁਣ ਨੌਕਰੀ ਦੀ ਝਾਕ ਹੀ ਛੱਡ ਦਿੱਤੀ ਹੈ। ਉਹ ਆਖਦਾ ਹੈ ਕਿ ਜਵਾਨੀ ਦੀ ਉਮਰ ਤਾਂ ਸੰਘਰਸ਼ਾਂ ਵਿੱਚ ਨਿਕਲ ਗਈ। ਨੌਕਰੀ ਲਈ ਉਮਰਾਂ ਲੰਘਾ ਚੁੱਕੇ ਉਮੀਦਵਾਰਾਂ ਦੀ ਇੱਕ ਹੀ ਮੰਗ ਹੈ ਕਿ ਸਰਕਾਰ ਉਨ੍ਹਾਂ ਨੂੰ ਉਮਰ ਹੱਦ ਵਿੱਚ ਪੰਜ ਸਾਲ ਦੀ ਛੋਟ ਦੇਵੇ ਤਾਂ ਹੀ ਉਹ ਕੁੱਝ ਵਰ੍ਹਿਆਂ ਦੀ ਨੌਕਰੀ ਦਾ ਸੁਫਨਾ ਪੂਰਾ ਹੁੰਦਾ ਦੇਖ ਸਕਦੇ ਹਨ।

### ਪੰਜਾਬ ਛੱਡਣ ਦੀ ਸਲਾਹ ਦੇਣ ਤੱਕ ਆਈ ਨੌਬਤ

ਬਰਨਾਲਾ ਦੇ ਪਿੰਡ ਦਾਨਗੜ੍ਹ ਦੀ ਕਰਮਜੀਤ ਕੌਰ ਬੀਐੱਡ ਟੈੱਟ ਪਾਸ ਹੈ। ਉਸ ਨੇ ਕਦੇ ਮੰਤਰੀ ਦੀ ਕੋਠੀ ਅਤੇ ਕਦੇ ਮੁੱਖ ਮੰਤਰੀ ਦਾ ਕੋਠੀ ਦਾ ਘਿਰਾਓ ਵੀ ਕੀਤਾ। ਕਰਮਜੀਤ ਕੌਰ ਆਖਦੀ ਹੈ ਕਿ ਉਹ ਤਾਂ ਨੌਕਰੀ ਲਈ ਉਮਰ ਲੰਘਾ ਚੁੱਕੀ ਹੈ ਪ੍ਰੰਤੂ ਹੁਣ ਉਹ ਯੋਗ ਉਮੀਦਵਾਰਾਂ ਲਈ ਸੰਘਰਸ਼ ਕਰ ਰਹੀ ਹੈ। ਹੁਸ਼ਿਆਰਪੁਰ ਦੇ ਪਿੰਡ ਦੌਲੋਵਾਲ ਦੇ ਪਲਵਿੰਦਰ ਸਿੰਘ ਨੇ ਸਾਲ 2002 ਵਿੱਚ ਮਲਟੀਪਰਪਜ਼ ਹੈਲਥ ਵਰਕਰ ਦਾ ਡਿਪਲੋਮਾ ਕੀਤਾ ਸੀ। ਉਸ ਨੇ 2006 ਤੋਂ ਸੰਘਰਸ਼ ਕਰਨਾ ਸ਼ੁਰੂ ਕੀਤਾ ਅਤੇ ਹਰੇਕ ਸਰਕਾਰ ਤੋਂ ਉਸ ਨੂੰ ਡਾਗਾਂ ਹੀ ਮਿਲੀਆਂ। ਉਸ ਨੇ ਹਰੇਕ ਸਰਕਾਰ ਦੇ ਸਿਹਤ ਮੰਤਰੀ ਦੀ ਕੋਠੀ ਦਾ ਘਿਰਾਓ ਕੀਤਾ। ਅੱਜ ਜ਼ਿੰਦਗੀ ਨੇ ਪਲਵਿੰਦਰ ਸਿੰਘ ਨੂੰ ਘੇਰ ਲਿਆ ਹੈ। ਦੋ ਵਾਰ ਸੜਕ ਹਾਦਸੇ ਦਾ ਸ਼ਿਕਾਰ ਹੋ ਚੁੱਕਾ ਹੈ। ਉਹ ਆਪਣੇ ਤਜਰਬੇ ਨਾਲ ਕਹਿੰਦਾ ਹੈ ਕਿ ਹੁਣ ਤਾਂ ਪੰਜਾਬ ਛੱਡਣ ਵਿੱਚ ਹੀ ਭਲਾਈ ਹੈ।

# 'ਪੰਜਾਬ ਕੇਸਰੀ' ਦੇ ਜਨਮ ਦਿਵਸ ਮੌਕੇ ਪਿੰਡ ਢੁੱਡੀਕੇ 'ਚ ਸੂਬਾਈ ਸਮਾਗਮ

## ਕੈਬਨਿਟ ਮੰਤਰੀ ਬੈਂਸ ਨੇ ਨੌਜਵਾਨਾਂ ਨੂੰ ਦੇਸ਼ ਭਗਤੀ ਦਾ ਜਜ਼ਬਾ ਕਾਇਮ ਰੱਖਣ ਲਈ ਪ੍ਰੇਰਿਆ



ਅਜੀਤਵਾਲ : ਪੰਜਾਬ ਕੇਸਰੀ ਦੇ ਨਾਮ ਨਾਲ ਜਾਣੇ ਜਾਂਦੇ ਆਜ਼ਾਦੀ ਘੁਲਾਟੀਏ ਲਾਲਾ ਲਾਜਪਤ ਰਾਏ ਦਾ 159ਵਾਂ ਜਨਮ ਦਿਵਸ ਅੱਜ ਉਨ੍ਹਾਂ ਦੇ ਜਨਮ ਅਸਥਾਨ ਪਿੰਡ ਢੁੱਡੀਕੇ ਵਿੱਚ ਮਨਾਇਆ ਗਿਆ। ਇਸ ਵਿੱਚ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।
ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬੈਂਸ ਨੇ ਕਿਹਾ ਕਿ ਆਜ਼ਾਦੀ ਦਾ ਸੰਘਰਸ਼ ਵਿੱਢਣ ਵਿੱਚ ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਦਾ ਵਿਸ਼ੇਸ਼ ਯੋਗਦਾਨ ਰਿਹਾ। ਹਰ ਭਾਰਤੀ ਨੂੰ ਲਾਲਾ ਲਾਜਪਤ ਰਾਏ ਅਤੇ ਸਮੁੱਚੇ ਆਜ਼ਾਦੀ ਘੁਲਾਟੀਆਂ ਦੀਆਂ ਸ਼ਹਾਦਤਾਂ ਅਤੇ ਘਾਲਣਾਵਾਂ 'ਤੇ ਮਾਣ ਹੈ। ਇਨ੍ਹਾਂ ਦੀ ਬਦੌਲਤ ਹੀ ਅੱਜ ਅਸੀਂ ਆਜ਼ਾਦ ਫਿਜ਼ਾ ਵਿੱਚ ਸਾਹ ਲੈ ਰਹੇ ਹਾਂ। ਉਨ੍ਹਾਂ ਕਿਹਾ ਕਿ ਲਾਲਾ ਲਾਜਪਤ ਰਾਏ ਨੇ ਸਿੱਖਿਆ ਨੂੰ ਸਭ ਤੋਂ ਵੱਧ ਅਹਿਮੀਅਤ ਦਿੱਤੀ। ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚੱਲਦੇ ਹੀ ਪੰਜਾਬ ਸਰਕਾਰ ਵੱਲੋਂ ਸਿੱਖਿਆ 'ਤੇ ਸਭ ਤੋਂ ਵੱਧ ਧਿਆਨ ਦਿੱਤਾ ਜਾ ਰਿਹਾ ਹੈ। ਪੱਤਰਕਾਰਾਂ ਵੱਲੋਂ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਬੈਂਸ ਨੇ ਕਿਹਾ ਕਿ ਇਹ ਬਦਲਾਅ ਹੀ ਹੈ ਕਿ ਅੱਜ ਪੰਜਾਬ ਦੇ ਲੋਕ ਆਪਣੇ ਪਿੰਡਾਂ ਵਿੱਚ ਗਲੀਆਂ-ਨਾਲੀਆਂ ਦੀ ਮੁਰੰਮਤ ਤੋਂ ਹਟ ਕੇ ਲਾਇਬ੍ਰੇਰੀਆਂ ਦੀ ਮੰਗ ਕਰਨ ਲੱਗੇ ਹਨ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੀਆਂ ਅਣਗਿਹਲੀਆਂ ਕਾਰਨ ਸਰਕਾਰੀ ਲਾਇਬ੍ਰੇਰੀਆਂ ਨਸ਼ੇ ਦਾ ਅੱਡਾ ਬਣ ਗਈਆਂ ਸਨ ਪਰ ਹੁਣ ਉਨ੍ਹਾਂ ਨੂੰ ਮੁੜ ਸੁਰਜੀਤ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਸੂਬੇ ਵਿਚ ਸਕੂਲ ਆਫ ਐਮੀਨੈਂਸ ਖੋਲ੍ਹੇ ਜਾ ਰਹੇ ਹਨ। ਸਰਕਾਰੀ ਸਕੂਲਾਂ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ। ਇਸ ਤੋਂ ਪਹਿਲਾਂ ਉਨ੍ਹਾਂ ਲਾਲਾ ਜੀ ਦੀ ਬੁੱਤ 'ਤੇ ਫੁੱਲ ਮਾਲਾਵਾਂ ਭੇਟ ਕੀਤੀਆਂ। ਇਸ ਮੌਕੇ ਹਲਕਾ ਨਿਹਾਲ ਸਿੰਘ ਵਾਲਾ ਦੇ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ, ਮੋਗਾ ਦੇ ਵਿਧਾਇਕ ਡਾਕਟਰ ਅਮਨਦੀਪ ਕੌਰ ਅਰੋੜਾ ਅਤੇ ਹਲਕਾ ਬਾਘਾਪੁਰਾਣਾ ਦੇ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਤੇ ਹੋਰ ਹਾਜ਼ਰ ਸਨ।

# ਗੁਰਦੁਆਰਾ ਦਾਤਾ ਬੰਦੀ ਛੋੜ ਕਿਲਾ ਗਵਾਲੀਅਰ ਦੇ ਸੇਵਾਦਾਰਾਂ ਨੂੰ ਕੀਤਾ ਸਨਮਾਨਿਤ

ਇੰਦੌਰ : ਮੱਧ ਪ੍ਰਦੇਸ਼ ਦੀ ਸੱਭਿਆਚਾਰਕ ਰਾਜਧਾਨੀ ਗਵਾਲੀਅਰ ਵਿਖੇ ਹੋਏ ਸਵਿੰਧਾਨ ਦਿਵਸ ਦੇ ਮੌਕੇ 'ਤੇ 50 ਤੋਂ ਉੱਤੇ ਸਰਕਾਰੀ ਅਫ਼ਸਰਾਂ ਤੇ ਸਮਾਜ ਸੇਵੀਆਂ ਦਾ ਸਨਮਾਨ ਕੀਤਾ ਗਿਆ । ਜਿਸ ਵਿੱਚ ਗੁਰਦੁਆਰਾ ਦਾਤਾ ਬੰਦੀ ਛੋੜ ਕਿਲਾ ਗਵਾਲੀਅਰ ਦੇ 2 ਸੇਵਾਦਾਰ ਭਾਈ ਸੁਖਬੀਰ ਸਿੰਘ ਔਲਖ ਤੇ ਭਾਈ ਜਸਪ੍ਰੀਤ ਸਿੰਘ ਵੀ ਸ਼ਾਮਿਲ ਹਨ। ਮੁੱਖ ਮਹਿਮਾਨ ਰਾਜ ਮੰਤਰੀ ਨਰਾਇਨ ਸਿੰਘ ਕੁਸ਼ਵਾਹ ਸਨ। ਵਿਸ਼ੇਸ ਮਹਿਮਾਨ ਆਈ. ਜੀ. ਸ਼੍ਰੀ ਰਾਜੇਸ਼ ਚੰਦੇਲ ਤੇ ਕਲੈਕਟਰ ਸ਼੍ਰੀ ਕੌਰ ਸਿੰਘ ਚੰਦੇਲ ਸਨ । ਉਨ ?ਾਂ ਨੂੰ ਇਹ ਸਨਮਾਨ ਕਿਲੇ ਸਥਿਤ ਗਵਾਲੀਅਰ ਗੁਰੂਦਵਾਰੇ ਅਤੇ ਹੋਰ ਸਮਾਜ ਸੇਵਾ ਦੇ ਕਾਰਜਾਂ ਲਈ ਦਿੱਤਾ ਗਿਆ, ਤੇ ਗੁਰਦਆਰਾ ਸਾਹਿਬ ਦੇ ਵਧੀਆ ਪ੍ਰਬੰਧਾ ਵਿੱਚ ਯੋਗਦਾਨ ਪਾਉਣ ਲਈ ਸਨਮਾਨਤ ਕੀਤਾ ਗਿਆ । ਇਸ ਸਨਮਾਨ 'ਤੇ ਬਾਬਾ ਸੇਵਾ ਸਿੰਘ ਜੀ ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ, ਬਾਬਾ ਬਲਵਿੰਦਰ ਸਿੰਘ ਜੀ ਖੱਡੂਰ ਸਾਹਿਬ, ਬਾਬਾ ਲੱਖਾ ਸਿੰਘ ਜੀ ਨੇ ਵਧਾਈ ਦਿੱਤੀ ਹੈ ।

## ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇ: ਗਿਆਨੀ ਰਘਬੀਰ ਸਿੰਘ ਵੱਲੋਂ ਵਿਸ਼ਵ ਪ੍ਰਚਾਰਕ ਭਾਈ ਬਲਬੀਰ ਸਿੰਘ ਚੰਗਿਆੜਾ ਦੀ ਕਿਤਾਬ "ਢਾਡੀ ਪਰੰਪਰਾ ਦੇ ਪ੍ਰਚਾਰਕ ਸਿਤਾਰੇ" ਰਲੀਜ਼



ਕਿਤਾਬ ਰਲੀਜ਼ ਕਰਨ ਸਮੇਂ ਸਿੰਘ ਸਾਹਿਬ ਗਿ. ਰਘਬੀਰ ਸਿੰਘ, ਸ. ਦਿਲਜੀਤ ਸਿੰਘ ਬੇਦੀ, ਗਿ. ਬਲਬੀਰ ਸਿੰਘ ਚੰਗਿਆੜਾ ਅਤੇ ਗਿ. ਹੀਰਾ ਸਿੰਘ ਪ੍ਰਚਾਰਕ।

ਅੰਮ੍ਰਿਤਸਰ : ਸਿੱਖ ਧਰਮ ਦੇ ਅੰਤਰਰਾਸ਼ਟਰੀ ਪ੍ਰਚਾਰਕ ਭਾਈ ਬਲਬੀਰ ਸਿੰਘ ਚੰਗਿਆੜਾ ਦੀ ਦੂਜੀ ਕਿਤਾਬ "ਢਾਡੀ ਪਰੰਪਰਾ ਦੇ ਪ੍ਰਚਾਰਕ ਸਿਤਾਰੇ" ਸੰਪਾਦਕ ਦਿਲਜੀਤ ਸਿੰਘ ਬੇਦੀ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਮੁਖ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੇ ਲੋਕ ਅਰਪਣ ਕੀਤੀ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਇਹ ਵਿਸ਼ੇਸ਼ ਤੇ ਯਾਦਗਾਰੀ ਦਸਤਾਵੇਜੀ ਪੁਸਤਕ ਰਲੀਜ਼ ਕੀਤੀ ਗਈ। ਇਸ ਮੌਕੇ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਸਿੱਖ ਧਰਮ ਦੇ ਪ੍ਰਚਾਰਕਾਂ ਸਬੰਧੀ ਦਸਤਾਵੇਜ਼, ਕਿਤਾਬਾਂ ਸਾਹਮਣੇ ਆਉਣੀਆਂ ਚਾਹੀਦੀਆਂ ਹਨ, ਪ੍ਰਚਾਰਕਾਂ ਦਾ ਜੀਵਨ ਪੱਖ ਅਣਗੌਲਿਆ ਰਿਹਾ ਹੈ। ਇਹ ਕਾਰਜ ਭਾਈ ਬਲਬੀਰ ਸਿੰਘ ਚੰਗਿਆੜਾ ਤੇ ਸਿੱਖ ਵਿਦਵਾਨ ਸ. ਦਿਲਜੀਤ ਸਿੰਘ ਬੇਦੀ ਨੇ ਸਾਂਝੇ ਤੌਰ ਤੇ ਪ੍ਰਗਟ ਕੀਤਾ ਹੈ ਇਹ ਪ੍ਰਸ਼ੰਸਾਜਨਕ ਤੇ ਯਾਦਗਾਰੀ ਕਾਰਜ ਹੈ। ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਗਿ: ਹੀਰਾ ਸਿੰਘ ਨੇ ਕਿਹਾ ਕਿ ਸੌ ਤੋਂ ਵੱਧ ਢਾਡੀਆਂ, ਕਵੀਸ਼ਰਾਂ, ਪ੍ਰਚਾਰਕਾਂ ਦਾ ਵੇਰਵਾ ਇਸ ਕਿਤਾਬ ਵਿਚ ਅੰਕਿਤ ਕਰਕੇ ਦੋਹਾਂ ਵਿਦਵਾਨਾਂ ਨੇ ਪ੍ਰਚਾਰ ਦੇ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਪਾਇਆ। ਉਘੇ ਸਮਾਜ ਸੇਵੀ ਡਾ.ਐਸ.ਪੀ ਸਿੰਘ ਓਬਰਾਏ, ਢਾਡੀ ਤਰਲੋਚਨ ਸਿੰਘ ਭਮੱਦੀ, ਸ. ਕਸ਼ਮੀਰ ਸਿੰਘ ਕਾਦਿਰ, ਜਥੇ. ਬਲਦੇਵ ਸਿੰਘ ਐਮ.ਏ, ਜਥੇ. ਗੁਰਮੇਜ ਸਿੰਘ ਸ਼ਹੂਰਾ, ਗਿ. ਸੰਤੋਖ ਸਿੰਘ ਸਿਡਨੀ, ਸ. ਨਰਿੰਦਰਪਾਲ ਸਿੰਘ ਹੁੰਦਲ ਅਮਰੀਕਾ ਆਦਿ ਨੇ ਇਸ ਮੌਕੇ ਲੇਖਕ ਨੂੰ ਵਧਾਈ ਦਿਤੀ ਹੈ ਅਤੇ ਆਸ ਪ੍ਰਗਟਾਈ ਕਿ ਭਾਈ ਬਲਬੀਰ ਸਿੰਘ ਚੰਗਿਆੜਾ ਭਵਿੱਖ ਵਿੱਚ ਵੀ ਆਪਣਾ ਯੋਗਦਾਨ ਪਾਉਂਦੇ ਰਹਿਣਗੇ।

## ਸਿਆਸੀ ਵਿਚਾਰਧਾਰਾ ਤੋਂ ਸੱਖਣੇ ਲੋਕ ਕਰ ਰਹੇ ਨੇ ਸੂਬੇ ਦਾ ਨੁਕਸਾਨ: ਸੁਖਬੀਰ




ਸ੍ਰੀ ਆਨੰਦਪੁਰ ਸਾਹਿਬ : ਸ਼੍ਰੋਮਣੀ ਅਕਾਲੀ ਦਲ ਵੱਲੋਂ ਸਥਾਨਕ ਖਾਲਸਾ ਕਾਲਜ ਵਿੱਚ 'ਪੰਜਾਬ-ਮੌਜੂਦਾ ਸੰਕਟ ਅਤੇ ਹੱਲ' ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਬੁਲਾਰਿਆਂ ਨੇ ਸੂਬੇ ਦੇ ਵਡੇਰੇ ਹਿਤਾਂ ਲਈ ਖੇਤਰੀ ਪਾਰਟੀ ਦੇ ਤਾਕਤਵਰ ਹੋਣ 'ਤੇ ਜ਼ੋਰ ਦਿੱਤਾ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਲੋਕਤੰਤਰ ਦੀ ਖ਼ੂਬਸੂਰਤੀ ਹੈ ਕੇ ਅਸਲ ਤਾਕਤ ਲੋਕਾਂ ਦੇ ਹੱਥਾਂ ਵਿੱਚ ਹੈ ਪਰ ਕਈ ਵਾਰ ਭਾਵੁਕ ਹੋ ਕੇ ਲੋਕ ਵੀ ਗ਼ਲਤ ਫ਼ੈਸਲਾ ਲੈ ਬੈਠਦੇ ਹਨ। ਉਨ੍ਹਾਂ ਕਿਹਾ ਕਿ ਸਿਆਸੀ ਵਿਚਾਰਧਾਰਾ ਤੋਂ ਸੱਖਣੇ ਲੋਕਾਂ ਦੇ ਹੱਥ ਸੂਬੇ ਦੀ ਸੱਤਾ ਆਉਣ ਕਾਰਨ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿਰਫ਼ ਸ਼੍ਰੋਮਣੀ ਅਕਾਲੀ ਦਲ ਦੀਆਂ ਸਰਕਾਰਾਂ ਦੌਰਾਨ ਹੀ ਪੰਜਾਬ ਵਿੱਚ ਸੜਕ, ਹਵਾਈ ਅਤੇ ਬਿਜਲੀ ਉਪਲੱਬਧਤਾ ਦੇ ਨਾਲ-ਨਾਲ ਸੰਰਚਨਾਤਮਕ ਢਾਂਚੇ ਦਾ ਵਿਸਥਾਰ ਹੋਇਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਸੁਨਹਿਰੀ ਭਵਿੱਖ ਲਈ ਹਰ ਜ਼ਿੰਮੇਵਾਰੀ ਚੁੱਕਣ ਦੇ ਸਮਰੱਥ ਹੈ। ਸੈਮੀਨਾਰ ਦੌਰਾਨ ਸਤਨਾਮ ਸਿੰਘ ਮਾਣਕ ਨੇ ਕਿਹਾ ਕਿ ਇਸ ਵੇਲੇ ਵੱਡੇ ਪੱਧਰ 'ਤੇ ਬਹੁ-ਸੱਭਿਆਚਾਰੀ ਅਤੇ ਬਹੁ-ਕੌਮੀ ਭਾਰਤ ਦੀ ਸੰਸਕ੍ਰਿਤੀ ਨੂੰ ਇਕ ਦੇਸ਼, ਇੱਕ ਕੌਮ ਵਿੱਚ ਤਬਦੀਲ ਕਰਨ ਦੀ ਮੁਹਿੰਮ ਚੱਲ ਰਹੀ ਹੈ ਤੇ ਖੇਤਰੀ ਪਾਰਟੀ ਹੋਣ ਨਾਤੇ ਸ਼ ?ੋਮਣੀ ਅਕਾਲੀ ਦਲ ਦੀ ਜ਼ਿੰਮੇਵਾਰੀ ਬਣਦੀ ਹੈ ਕੇ ਇਨ੍ਹਾਂ ਚੁਣੌਤੀਆਂ ਦਾ ਡਟ ਕੇ ਮੁਕਾਬਲਾ ਕਰੇ। ਡਾ. ਰੌਣਕੀ ਰਾਮ ਨੇ ਕਿਹਾ ਕਿ ਜੇ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਵਿਚਾਰਧਾਰਾ ਨੂੰ ਲੈ ਕੇ ਅੱਗੇ ਤੁਰੇ ਤਾਂ ਖੇਤਰੀ ਸਿਆਸਤ ਦੇ ਨਾਲ ਸੂਬੇ ਦਾ ਭਵਿੱਖ ਵੀ ਸੁਰੱਖਿਅਤ ਕੀਤਾ ਜਾ ਸਕਦਾ ਹੈ। ਅਰਥ-ਸ਼ਾਸਤਰੀ ਡਾ. ਰਣਜੀਤ ਸਿੰਘ ਘੁੰਮਣ ਨੇ ਪੰਜਾਬ ਦੇ ਭਵਿੱਖ ਤੇ ਸੰਭਾਵਨਾਵਾਂ ਦੀ ਗੱਲ ਕਰਦਿਆਂ ਆਖਿਆ ਕਿ ਇੱਥੇ ਚੰਗਾ ਮਾਹੌਲ ਤੇ ਸ਼ਾਸਨ ਸਥਾਪਿਤ ਕਰਨ ਲਈ ਵੱਡੀ ਪੱਧਰ 'ਤੇ ਨਿਵੇਸ਼ ਤੇ ਗੁਆਂਢੀ ਮੁਲਕ ਪਾਕਿਸਤਾਨ ਨਾਲ ਚੰਗਾ ਮਾਹੌਲ ਪੈਦਾ ਕਰ ਕੇ ਵਪਾਰ ਦੀ ਸਾਂਝ ਵਿਕਸਿਤ ਕਰਨ ਦੀ ਲੋੜ ਹੈ ਤੇ ਇੱਕ ਖੇਤਰੀ ਪਾਰਟੀ ਹੀ ਇਸ ਕੰਮ ਦੀ ਅਗਵਾਈ ਕਰ ਸਕਦੀ ਹੈ।

## ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਬੁੱਢਾ ਦਲ ਦੇ ਮੁੱਖੀ ਬਾਬਾ ਬਲਬੀਰ ਸਿੰਘ ਵੱਲੋਂ ਭੇਜੇ ਵਫਦ ਨੇ ਸੌਂਪਿਆ ਪੱਤਰ

### ਨਿਰਪੱਖ ਸਬ-ਕਮੇਟੀ ਦੇ ਪੁਨਰ ਗਠਨ ਕਰਨ ਦੀ ਕੀਤੀ ਮੰਗ : ਬਾਬਾ ਬਲਬੀਰ ਸਿੰਘ



ਬੁੱਢਾ ਦਲ ਵੱਲੋਂ ਸਕੱਤਰ ਸ. ਦਿਲਜੀਤ ਸਿੰਘ ਬੇਦੀ ਦੀ ਅਗਵਾਈ 'ਚ ਵਫਦ ਨੇ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਦੇ ਸਹਾਇਕ ਸ. ਜਸਪਾਲ ਸਿੰਘ ਨੂੰ ਪੱਤਰ ਸੌਂਪਿਆ।

ਅੰਮ੍ਰਿਤਸਰ: ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁੱਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96ਵੇਂ ਕਰੋੜੀ ਵੱਲੋਂ ਇਕ ਵਫਦ ਸ. ਦਿਲਜੀਤ ਸਿੰਘ ਬੇਦੀ ਸਕੱਤਰ ਦੀ ਅਗਵਾਈ ਵਿਚ ਬਾਬਾ ਭਗਤ ਸਿੰਘ, ਸ. ਪਰਮਜੀਤ ਸਿੰਘ ਮੈਨੇਜਰ, ਬਾਬਾ ਗਗਨਦੀਪ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਗੁਰਦੁਆਰਾ ਅਕਾਲ ਬੁੰਗਾ ਸਾਹਿਬ ਛਾਉਣੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਸੁਲਤਾਨਪੁਰ ਲੋਧੀ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੱਦੇ ਇਜਲਾਸ ਦੇ ਮੱਦੇਨਜ਼ਰ ਇਕ ਵਿਸ਼ੇਸ਼ ਯਾਦਗਾਰੀ ਪੱਤਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਹਾਇਕ ਸ. ਜਸਪਾਲ ਸਿੰਘ ਨੂੰ ਸੌਂਪਿਆ ਹੈ।

ਉਨ੍ਹਾਂ ਆਪਣੇ ਪੱਤਰ ਦੇ ਵਿਚ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਲਿਖਿਆ ਹੈ ਕਿ ਆਪ ਭਲੀਭਾਂਤ ਜਾਣੂੰ ਹੋ ਕਿ ਸਾਲ 2023 ਨੂੰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਤੋਂ ਕੁੱਝ ਦਿਨ ਪਹਿਲਾਂ ਕੁੱਝ ਸਮਾਜ ਵਿਰੋਧੀ ਅਨਸਰਾਂ ਮਾਨ ਸਿੰਘ ਤੇ ਉਸ ਦੇ ਸਾਥੀਆਂ ਵੱਲੋਂ ਜਬਰੀ ਗੁਰਦੁਆਰਾ ਅਕਾਲ ਬੁੰਗਾ ਯਾਦਗਾਰ ਬਾਬਾ ਜੱਸਾ ਸਿੰਘ ਜੀ ਆਹਲੂਵਾਲੀਆ ਛਾਉਣੀ ਸ਼੍ਰੋਮਣੀ ਪੰਥ ਅਕਾਲ਼ੀ ਬੁੱਢਾ ਦਲ ਸੁਲਤਾਨਪੁਰ ਲੋਧੀ ਵਿਖੇ ਜਬਰੀ ਕਬਜ਼ਾ ਕਰਨ ਦਾ ਕੋਝਾ ਯਤਨ ਕੀਤਾ ਗਿਆ ਸੀ। ਸਾਡੇ ਸੇਵਾਦਾਰਾਂ ਨੂੰ ਬੰਦੀ ਬਣਾ ਕੇ ਉਨ੍ਹਾਂ ਉਪਰ ਤਸ਼ੱਦਦ ਤੇ ਭਾਰੀ ਜ਼ੁਲਮ ਕੀਤਾ ਗਿਆ ਅਤੇ ਉਨ੍ਹਾਂ ਦੀਆਂ ਦਸਤਾਰਾਂ ਉਤਾਰ ਕੇ ਬੇਪਤ ਵੀ ਕੀਤਾ ਗਿਆ। ਜ਼ਿਲ੍ਹਾ ਪ੍ਰਸ਼ਾਸਨ ਨੇ ਬੜੀ ਮੁਸ਼ਕਿਲ ਨਾਲ ਸਾਡੇ ਸੇਵਾਦਾਰਾਂ ਨੂੰ ਉਨ੍ਹਾਂ ਦੇ ਕਬਜ਼ੇ ਤੋਂ ਮੁਕਤ ਕਰਵਾਇਆ। ਉਨ੍ਹਾਂ ਵੱਲੋਂ ਦਿੱਤੇ ਪੱਤਰ ਅਨੁਸਾਰ ਕਿਹਾ ਗਿਆ ਹੈ ਕਿ ਸਾਡੇ ਸਿੰਘਾਂ ਵੱਲੋਂ ਪੁਰਾਤਨ ਪ੍ਰਥਾ ਅਨੁਸਾਰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤਾ ਹੋਇਆ ਸੀ ਦੋਸ਼ੀਆਂ ਨੇ ਪਾਠੀ ਸਿੰਘ ਨੂੰ ਉਥੋਂ ਡਰਾ ਧਮਕਾ ਕੇ ਭਜਾਅ ਕੇ ਖੰਡਨ ਕਰ ਦਿਤਾ। ਪੁਲਿਸ ਪ੍ਰਸ਼ਾਸਨ ਵੱਲੋਂ ਇਨ੍ਹਾਂ ਮਾੜੇ ਅਨਸਰਾਂ ਨੂੰ ਗੱਲਬਾਤ ਰਾਹੀਂ ਸਮਝਾਇਆ ਵੀ ਗਿਆ ਕਿ ਤੁਸੀਂ ਬਦਅਮਨੀ ਪੈਦਾ ਨਾ ਕਰੋ, ਸੰਗਤ 'ਤੇ ਮਾੜਾ ਪ੍ਰਭਾਵ ਪਵੇਗਾ। ਪਰ ਉਹ ਮੰਨਣ ਨੂੰ ਤਿਆਰ ਨਹੀਂ ਸਨ ਸਗੋਂ ਅੱਗੋਂ ਧਮਕੀਆਂ ਦੇਂਦੇ ਰਹੇ ਹਨ। ਜਿਸ ਦੀਆਂ ਵੀਡੀਓ ਵੀ ਉਸ ਸਮੇ ਸ਼ੋਸ਼ਲ ਮੀਡੀਆ ਤੇ ਵਾਇਰਲ ਹੋਈਆ ਜੋ ਅੱਜ ਵੀ ਦੇਖੀਆਂ ਜਾ ਸਕਦੀਆਂ ਹਨ। ਇਨ੍ਹਾਂ ਅਨਸਰਾਂ ਵੱਲੋਂ ਜਬਰੀ ਪੁਲਿਸ ਤੇ ਗੋਲੀ ਚਲਾਈ ਗਈ ਜਿਸ ਵਿੱਚ ਕਈ ਪੁਲਿਸ ਕਰਮਚਾਰੀ ਜਖਮੀ ਹੋਏ ਜਿਸ ਵਿਚੋਂ ਇੱਕ ਦੀ ਮੌਕੇ ਤੇ ਮੌਤ ਵੀ ਹੋ ਗਈ। ਜਿਸ ਤਰੀਕੇ ਨਾਲ ਰਾਜਸੀ ਲੋਕਾਂ ਵੱਲੋਂ ਵੱਡੀ ਪੱਧਰ 'ਤੇ ਪੁਲਿਸ ਵੱਲੋਂ ਗੋਲੀ ਚਲਾਉਣ ਦੇ ਝੂਠੇ ਦਾਅਵੇ ਕੀਤੇ ਜਾ ਰਹੇ ਹਨ, ਜਦ ਕਿ ਇਸ ਗੋਲੀਬਾਰੀ 'ਚ ਹਮਲਾਵਰ ਅਨਸਰਾਂ ਦਾ ਕੋਈ ਜਾਨੀ-ਮਾਲੀ ਨੁਕਸਾਨ ਨਹੀ ਹੋਇਆ ਅਤੇ ਨਾ ਹੀ, ਕਿਸੇ ਨੂੰ ਗੋਲੀ ਲੱਗੀ? ਫਿਰ ਵੀ ਕੁੱਝ ਰਾਜਸੀ ਲੋਕ ਇਸ ਨੂੰ ਗਲਤ ਰੰਗਤ ਦੇ ਕੇ ਅਪਣਾ ਉਲੂ ਸਿੱਧ ਕਰਨ 'ਚ ਲੱਗੇ ਹੋਏ ਹਨ।

ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਲਿਖੇ ਪੱਤਰ ਵਿਚ ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਦੇ ਅਦੇਸ਼ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵੱਲੋਂ ਇਕ ਪੜਤਾਲੀਆਂ ਕਮੇਟੀ ਗਠਤ ਕੀਤੀ ਗਈ। ਉਸ ਕਮੇਟੀ ਨੂੰ ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96ਵੇਂ ਕਰੋੜੀ 14ਵੇਂ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾ ਵਹੀਰ ਚੱਕਰਵਰਤੀ ਨਿਹੰਗ ਸਿੰਘਾਂ ਪੰਜਾਬ, ਭਾਰਤ, ਵਿਸ਼ਵ ਵੱਲੋਂ ਗੁਰਦੁਆਰਾ ਅਕਾਲ ਬੁੰਗਾ ਸਾਹਿਬ ਨਾਲ ਸਬੰਧਤ ਸਾਰੇ ਦਸਤਾਵੇਜ਼ ਤੇ ਹੋਰ ਲੋੜੀਂਦੀ ਸਮਗਰੀ ਵੀ ਵਿਖਾਈ ਤੇ ਦਿੱਤੀ ਗਈ। ਪਰ ਬੇਹੱਦ ਅਫਸੋਸ ਨਾਲ ਲਿਖਣਾ ਤੇ ਕਹਿਣਾ ਪੈ ਰਿਹਾ ਹੈ ਕਮੇਟੀ ਨੇ ਸਾਡਾ ਪੱਖ ਜੋ ਰੀਪੋਰਟ ਵਿਚ ਦਰਜ ਹੋਣਾ ਚਾਹੀਦਾ ਸੀ ਉਸ ਨੂੰ ਛੂਹਿਆ ਤਕ ਨਹੀਂ ਗਿਆ। ਇਕ ਤਰਫਾ ਹੀ ਰੀਪੋਰਟ ਕਾਰਵਾਈ ਕੀਤੀ ਗਈ ਹੈ ਜੋ ਵੱਡੀ ਬੇਇਨਸਾਫੀ ਤੇ ਇਤਰਾਜਯੋਗ ਹੈ। ਜੇਕਰ ਸਬ-ਕਮੇਟੀ ਦੀ ਰੀਪੋਰਟ ਪ੍ਰਧਾਨ ਸ੍ਰੋਮਣੀ ਕਮੇਟੀ ਰਾਹੀਂ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਪੇਸ਼ ਕਰਨੀ ਸੀ, ਉਸ ਦੇ ਸਾਰੇ ਪੱਖਾਂ ਤੇ ਤਬਸਰਾਂ ਪਹਿਲਾਂ ਹੀ ਮਾਨਯੋਗ ਪ੍ਰਧਾਨ ਸਾਹਿਬ ਵੱਲੋਂ ਪ੍ਰੈਸ ਕਾਨਫੰਰਸ ਕਰਕੇ ਜੱਗ ਜ਼ਾਹਿਰ ਕਰ ਦਿੱਤਾ ਗਿਆ। ਇਹ ਸਾਰੀ ਕਾਰਵਾਈ ਪਿੱਛੇ ਰਾਜਸੀ ਮਕਸਦ ਸਾਫ ਸਪੱਸ਼ਟ ਜੱਗ ਜ਼ਾਹਿਰ ਹੁੰਦਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਅਕਾਲ ਬੁੰਗਾ ਸਾਹਿਬ, ਸੁਲਤਾਨਪੁਰ ਲੋਧੀ ਬਾਰੇ ਬਣੀ ਸਬ-ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਜੋ ਰੀਪੋਰਟ ਦਿੱਤੀ ਗਈ ਹੈ ਉਹ ਇਕ ਪਾਸੜ ਤੇ ਤੱਥਾਂ ਤੋਂ ਵਿਹੂਣੀ ਹੈ। ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਜੀ ਅਕਾਲੀ 96ਵੇਂ ਕਰੋੜੀ ਵੱਲੋਂ ਸ੍ਰੀ ਅਕਾਲ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਨੂੰ ਮਿਲ ਕੇ ਵੀ ਇਸ ਸਬੰਧੀ ਸਪੱਸ਼ਟਤਾ ਦੀ ਮੰਗ ਕੀਤੀ ਹੈ ਕਿ ਸਬ-ਕਮੇਟੀ ਦੀ ਰੀਪੋਰਟ ਵਿੱਚ ਸ਼੍ਰੋਮਣੀ ਪੰਥ ਅਕਾਲ਼ੀ ਬੁੱਢਾ ਦਲ ਵੱਲੋਂ ਦਿੱਤੇ ਗਏ ਬਿਆਨਾਂ ਨੂੰ ਕਿਸੇ ਪੱਖ ਤੋਂ ਵੀ ਛੂਹਿਆ ਤੱਕ ਨਹੀਂ ਗਿਆ ਅਤੇ ਨਾ ਹੀ ਸਪੱਸ਼ਟਤਾ ਨਾਲ ਦਰਜ ਕੀਤਾ ਗਿਆ ਹੈ। ਸਗੋਂ ਜੋ ਸਮਾਜ ਵਿਰੋਧੀ ਅਨਸਰ ਮੰਦ ਭਾਵਨਾ ਨਾਲ ਗੁਰਦੁਆਰਾ ਬੁੰਗਾ ਸਾਹਿਬ ਤੇ ਕਬਜ਼ਾ ਕਰਨ ਆਏ ਸੀ ਉਨ੍ਹਾਂ ਦੀ ਕੋਈ ਨਿਖੇਧੀ ਤਕ ਵੀ ਨਹੀਂ ਕੀਤੀ ਗਈ। ਬੁੱਢਾ ਦਲ ਵੱਲੋਂ ਲਿਖਤੀ ਪੱਤਰ ਵਿੱਚ ਸਿੰਘ ਸਾਹਿਬ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਅਪੀਲ ਕੀਤੀ ਜਾਦੀ ਹੈ ਕਿ ਸਬ-ਕਮੇਟੀ ਦਾ ਦੁਬਾਰਾ ਪੁਨਰ ਗਠਨ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਮਰਯਾਦਾ, ਧੱਕੇਸ਼ਾਹੀ ਤੇ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਦੋਸ਼ੀ ਵਿਅਕਤੀਆਂ ਦੇ ਚੇਹਰਿਆਂ ਤੋ ਨਿਕਾਬ ਵੀ ਉਤਰ ਸਕਣ ਅਤੇ ਅਸਲੀਅਤ ਸੰਗਤਾਂ ਦੇ ਸਾਹਮਣੇ ਆਉਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਸਾਡੇ ਨਾਲ ਸਾਡੀਆਂ ਛਾਉਣੀਆਂ ਤੇ ਸਰਕਾਰ ਵੱਲੋਂ ਦਫਾ 145 ਲਾ ਕੇ ਧੱਕਾ ਕੀਤਾ ਗਿਆ ਹੈ। ਦੂਜੇ ਪਾਸੇ ਦੋਸ਼ੀਆਂ ਨੂੰ ਬਿਨ੍ਹਾਂ ਕਿਸੇ ਸਜਾ ਦੇ ਉਥੋਂ ਸੁਰੱਖਿਆ ਛੱਤਰੀ ਦੇ ਕੇ ਕੱਢ ਦਿੱਤਾ ਗਿਆ ਹੈ। ਜਿਨਾਂ ਲੋਕਾਂ ਨੇ ਮਰਯਾਦਾ ਦੀ ਉਲੰਘਣਾ ਕੀਤੀ ਹੈ ਉਨ੍ਹਾਂ ਨੂੰ ਰਾਜਨੀਤਕ ਲੋਕਾਂ ਵੱਲੋਂ ਕਥਿਤ ਤੋਰ ਤੇ ਹੀਰੋ ਬਣਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਰੀਪੋਰਟ ਇਕਤਰਫੀ ਤੇ ਉਲਾਰਵਾਦੀ ਅਤੇ ਅਸਲ ਸੱਚ ਤੋਂ ਦੂਰ ਹੈ। ਇਸ ਦਾ ਮੁੜ ਰੀਵੀਊ ਕੀਤਾ ਜਾਣਾ ਲਾਜਮੀ ਹੈ। ਨਿਰਪੱਖ, ਇਨਸਾਫਪਸੰਦ ਗੁਰਸਿਖਾ ਅਧਾਰਤ ਸਬ ਕਮੇਟੀ ਦਾ ਗਠਨ ਕਰਨਾ ਚਾਹੀਦਾ ਹੈ।

## ਜਥੇਦਾਰ ਹਰਪ੍ਰੀਤ ਸਿੰਘ ਵੱਲੋਂ ਪੁਸਤਕ 'ਤੰਦ-ਤਾਣੀਆਂ' ਲੋਕ ਅਰਪਣ



ਸ੍ਰੀ ਮੁਕਤਸਰ ਸਾਹਿਬ : ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਇੱਥੇ ਇਕ ਸਾਦੇ ਸਮਾਗਮ ਦੌਰਾਨ ਕਰਮਜੀਤ ਕੌਰ ਮੁਕਤਸਰ ਦੀ ਪਲੇਠੀ ਵਾਰਤਕ ਪੁਸਤਕ 'ਤੰਦ-ਤਾਣੀਆਂ' ਲੋਕ ਅਰਪਣ ਕੀਤੀ ਗਈ। ਇਸ ਦੌਰਾਨ ਜਥੇਦਾਰ ਹਰਪ੍ਰੀਤ ਸਿੰਘ ਨੇ ਕਿਹਾ ਕਿ ਸ਼ਬਦ ਆਪਣੇ ਆਪ ਵਿੱਚ ਬਹੁਤ ਵੱਡੀ ਤਾਕਤ ਹੈ੍ਰ ਉਸਾਰੂ ਅਤੇ ਮਿਆਰੀ ਸਾਹਿਤ ਹੀ ਸਮਾਜ ਨੂੰ ਯੋਗ ਅਗਵਾਈ ਦੇ ਸਕਦਾ ਹੈ। ਉਨ੍ਹਾਂ ਕਰਮਜੀਤ ਕੌਰ ਨੂੰ ਮੁਬਾਰਕਬਾਦ ਦਿੰਦਿਆਂ ਵਿਸ਼ਵ ਪੱਧਰ ਦਾ ਸਾਹਿਤ ਪੜ੍ਹਨ ਲਈ ਪ੍ਰੇਰਿਤ ਕੀਤਾ੍ਰ ਇਸ ਮੌਕੇ ਸਿੱਖ ਚਿੰਤਕ ਸਤਪਾਲ ਸਿੰਘ ਕੋਮਲ ਨੇ ਕਿਹਾ ਕਿ ਇਹ ਪੁਸਤਕ ਸਮਾਜਿਕ ਸਮੱਸਿਆਵਾਂ ਬਾਰੇ ਚਾਨਣਾ ਪਾਉਂਦੀ ਹੈ ਅਤੇ ਨੌਜਵਾਨ ਪੀੜ੍ਹੀ ਨੂੰ ਅਪਾਣੇ ਅਮੀਰ ਵਿਰਸੇ ਅਤੇ ਸੱਭਿਆਚਾਰ ਨਾਲ ਜੁੜਣ ਦੀ ਪ੍ਰੇਰਣਾ ਦਿੰਦੀ ਹੈ੍ਰ ਲੇਖਕਾ ਨੇ ਕਿਹਾ ਕਿ ਪੁਸਤਕ ਵਿੱਚ ਦਰਜ ਲੇਖ ਨੇੜਿਓਂ ਤੱਕੇ ਅਨੁਭਵਾਂ ਵਿੱਚੋਂ ਨਿਕਲੇ ਹਨ। ਇਸ ਮੌਕੇ ਪਰਮਪਾਲ ਸਿੰਘ, ਭਾਈ ਰਣਧੀਰ ਸਿੰਘ, ਪਿੰਦਰਪਾਲ ਸਿੰਘ, ਹਰਜੀਤ ਸਿੰਘ ਕੋਹਲੀ, ਮਨਿੰਦਰ ਸਿੰਘ ਮਹਿੰਦੀ, ਮਨਤਾਜ ਸਿੰਘ, ਗੁਰਵਿੰਦਰ ਕੌਰ, ਗੁਰਪਿੰਦਰ ਕੌਰ ਬਰਾੜ ਅਤੇ ਪਰਮਿੰਦਰ ਸਿੰਘ ਹੋਰੀਂ ਵੀ ਮੌਜੂਦ ਸਨ੍ਰ

# ਗਣਤੰਤਰ ਦਿਵਸ ਦੇ ਜ਼ਿਲ੍ਹਾ ਪੱਧਰੀ ਸਮਾਗਮ 'ਚ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਲਹਿਰਾਇਆ ਰਾਸ਼ਟਰੀ ਝੰਡਾ

- *ਕਿਹਾ, ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ 'ਚ ਪੰਜਾਬ ਹਰੇਕ ਖੇਤਰ 'ਚ ਬਣਾ ਰਿਹੈ ਵੱਖਰੀ ਪਹਿਚਾਣ*
- *ਆਜ਼ਾਦੀ ਘੁਲਾਟੀਆਂ ਤੇ ਸ਼ਹੀਦਾਂ ਦੇ ਪਰਿਵਾਰਾਂ ਅਤੇ ਵਿਲੱਖਣ ਪ੍ਰਾਪਤੀ ਵਾਲੀਆਂ ਸ਼ਖਸੀਅਤਾਂ ਦਾ ਕੀਤਾ ਸਨਮਾਨ*














ਹੁਸ਼ਿਆਰਪੁਰ (ਦਲਜੀਤ ਅਜਨੋਹਾ) : ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ 75ਵੇਂ ਗਣਤੰਤਰ ਦਿਵਸ ਮੌਕੇ ਸਥਾਨਕ ਪੁਲਿਸ ਲਾਈਨ ਗਰਾਊਂਡ ਹੁਸ਼ਿਆਰਪੁਰ ਵਿਖੇ ਕਰਵਾਏ ਜ਼ਿਲ੍ਹਾ ਪੱਧਰੀ ਸਮਾਗਮ ਵਿਚ ਰਾਸ਼ਟਰੀ ਝੰਡਾ ਲਹਿਰਾਇਆ। ਡਿਪਟੀ ਕਮਿਸ਼ਨਰ ਨੇ ਐਸ.ਐਸ.ਪੀ ਸੁਰੇਂਦਰ ਲਾਂਬਾ, ਵਧੀਕ ਡਿਪਟੀ ਕਮਿਸ਼ਨਰ (ਜ) ਰਾਹੁਲ ਚਾਬਾ ਅਤੇ ਪਰੇਡ ਕਮਾਂਡਰ ਇੰਸਪੈਕਟਰ ਜਸਵੀਰ ਕੌਰ ਸਮੇਤ ਪਰੇਡ ਦਾ ਨਿਰੀਖਣ ਕਰਨ ਉਪਰੰਤ ਸ਼ਾਨਦਾਰ ਮਾਰਚ ਪਾਸਟ ਤੋਂ ਸਲਾਮੀ ਲਈ। ਇਸ ਮੌਕੇ ਸਕੂਲੀ ਬੱਚਿਆਂ ਵੱਲੋਂ ਸ਼ਾਨਦਾਰ ਮਾਸ ਪੀ.ਟੀ ਸ਼ੋਅ, ਸੱਭਿਆਚਾਰਕ ਪ੍ਰੋਗਰਾਮ ਦੀ ਪੇਸ਼ਕਾਰੀ ਕੀਤੀ ਗਈ ਅਤੇ ਗਿੱਧੇ ਤੇ ਭੰਗੜੇ ਦੀਆਂ ਧਮਾਲਾਂ ਪਈਆਂ। ਡਿਪਟੀ ਕਮਿਸ਼ਨਰ ਨੇ ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਆਏ ਆਜ਼ਾਦੀ ਘੁਲਾਟੀਆਂ ਅਤੇ ਸ਼ਹੀਦ ਸੈਨਿਕਾਂ ਦੇ ਪਰਿਵਾਰਾਂ ਦਾ ਵੀ ਸਨਮਾਨ ਕੀਤਾ ਗਿਆ। ਇਸੇ ਤਰ੍ਹਾਂ ਉਨ੍ਹਾਂ ਲੋੜਵੰਦਾਂ ਨੂੰ ਸਿਲਾਈ ਮਸ਼ੀਨਾਂ, ਮੋਟਰ ਟਰਾਈ ਸਾਈਕਲ ਤੇ ਟਰਾਈ ਸਾਈਕਲ ਵੀ ਸੌਂਪੇ। ਇਸ ਤੋਂ ਇਲਾਵਾ ਵੱਖ-ਵੱਖ ਖੇਤਰਾਂ ਵਿਚ ਨਾਮਣਾ ਖੱਟਣ ਵਾਲੀਆਂ ਸ਼ਖਸੀਅਤਾਂ ਤੇ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਜ਼ਿਲ੍ਹਾ ਪੁਲਿਸ, ਪੀ.ਆਰ.ਟੀ.ਸੀ ਜਹਾਨਖੇਲਾਂ, ਜ਼ਿਲ੍ਹਾ ਮਹਿਲਾ ਪੁਲਿਸ, ਪੰਜਾਬ ਹੋਮ ਗਾਰਡਜ਼, ਐਨ.ਸੀ.ਸੀ, ਗਰਲਜ਼ ਗਾਈਡਜ਼, ਬੁਆਏਜ਼ ਸਕਾਊਟਸ ਤੇ ਪੀ.ਆਰ.ਟੀ.ਸੀ ਜਹਾਨਖੇਲਾਂ ਦੇ ਬੈਂਡ ਵੱਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਗਿਆ ਅਤੇ ਸਲਾਮੀ ਦਿੱਤੀ ਗਈ। ਵੱਖ-ਵੱਖ ਵਿਭਾਗਾਂ ਵੱਲੋਂ ਵਿਕਾਸ ਨੂੰ ਦਰਸਾਉਂਦੀਆਂ ਝਾਕੀਆਂ ਵਿਸ਼ੇਸ਼ ਖਿੱਚ ਦਾ ਕੇਂਦਰ ਰਹੀਆਂ ਇਸ ਦੌਰਾਨ ਵਿਧਾਇਕ ਡਾ. ਰਵਜੋਤ ਸਿੰਘ, ਡੀ. ਆਈ. ਜੀ ਜਲੰਧਰ ਰੇਂਜ ਐਸ. ਭੂਪਤੀ ਅਤੇ ਜ਼ਿਲ੍ਹਾ ਤੇ ਸੈਸ਼ਨ ਜੱਜ ਦਿਲਬਾਗ ਸਿੰਘ ਜੌਹਲ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

ਮੁੱਖ ਮਹਿਮਾਨ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਜ਼ਿਲ੍ਹਾ ਵਾਸੀਆਂ ਨੂੰ ਗਣਤੰਤਰ ਦਿਵਸ ਦੀ ਵਧਾਈ ਦਿੰਦਿਆਂ ਦੇਸ਼ ਦੀ ਆਜ਼ਾਦੀ ਲਈ ਲੜੇ ਲੰਬੇ ਸੰਘਰਸ਼ ਵਿਚ ਆਪਣੀਆਂ ਜਾਨਾਂ ਵਾਰਨ ਵਾਲੇ ਹਜ਼ਾਰਾਂ ਦੇਸ਼ ਭਗਤ ਸੂਰਬੀਰਾਂ ਨੂੰ ਆਪਣਾ ਦਿਲੋਂ ਸਨਮਾਨ ਭੇਟ ਕੀਤਾ। ਉਨ੍ਹਾਂ ਕਿਹਾ ਕਿ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਨੇ ਵੱਖ-ਵੱਖ ਧਰਮਾਂ, ਜਾਤਾਂ ਤੇ ਸਭਿਆਚਾਰ ਵਾਲੇ ਦੇਸ਼ ਨੂੰ ਇਕ ਮਾਲਾ ਵਿਚ ਪਰੋਇਆ ਹੈ, ਜਿਸ ਦੇ ਸਿੱਟੇ ਵਜੋਂ ਅੱਜ ਸਾਡੇ ਦੇਸ਼ ਨੂੰ ਅਨੇਕਤਾ ਵਿਚ ਏਕਤਾ ਦੀ ਖ਼ੂਬਸੂਰਤ ਮਿਸਾਲ ਵਜੋਂ ਜਾਣਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਆਜ਼ਾਦੀ ਦੇ ਸੰਘਰਸ਼ ਦੌਰਾਨ ਸਭ ਤੋਂ ਵੱਧ ਪੰਜਾਬੀਆਂ ਦਾ ਯੋਗਦਾਨ ਰਿਹਾ ਹੈ। ਉਨ੍ਹਾਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸਾਥੀ ਰਹੇ ਹੁਸ਼ਿਆਰਪੁਰ ਦੇ ਆਜ਼ਾਦੀ ਘੁਲਾਟੀਏ ਪੰਡਿਤ ਕਿਸ਼ੋਰੀ ਲਾਲ ਤੇ ਗਦਰ ਲਹਿਰ ਦੇ ਬਾਬੂ ਮੰਗੂ ਰਾਮ ਮੁਗੋਵਾਲਿਆ ਨੂੰ ਵਿਸ਼ੇਸ਼ ਤੌਰ 'ਤੇ ਯਾਦ ਕੀਤਾ।

ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਅੱਜ ਪੰਜਾਬ ਹਰੇਕ ਖੇਤਰ ਵਿਚ ਆਪਣੀ ਵੱਖਰੀ ਪਹਿਚਾਣ ਬਣਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕ, ਸਕੂਲ ਆਫ ਐਮੀਨੈਂਸ, 300 ਯੂਨਿਟ ਮੁਫ਼ਤ ਬਿਜਲੀ, ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ, ਡੋਰ ਸਟੈਪ ਸੇਵਾਵਾਂ, ਮੁੱਖ ਮੰਤਰੀ ਤੀਰਥ ਯਾਤਰਾ ਅਤੇ ਹੋਰ ਅਨੇਕਾਂ ਲੋਕ-ਪੱਖੀ ਪਹਿਲਕਦਮੀਆਂ ਨਾਲ ਸੂਬਾ ਵਾਸੀਆਂ ਨੂੰ ਵੱਡੀ ਰਾਹਤ ਮਿਲੀ ਹੈ। ਉਨ੍ਹਾਂ ਕਿਹਾ ਕਿ ਲੰਬਿਤ ਇੰਤਕਾਲਾਂ ਦਾ ਨਿਪਟਾਰਾ ਕਰਨ ਲਈ ਬੀਤੇ ਦਿਨੀਂ ਸੂਬੇ ਭਰ ਵਿਚ ਲਗਾਏ ਵਿਸ਼ੇਸ਼ ਕੈਂਪਾਂ ਤਹਿਤ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਵੀ 5000 ਤੋਂ ਵੱਧ ਲੰਬਿਤ ਇੰਤਕਾਲਾਂ ਦਾ ਨਿਪਟਾਰਾ ਕੀਤਾ ਗਿਆ ਹੈ।

ਹੁਸ਼ਿਆਰਪੁਰ ਜ਼ਿਲ੍ਹੇ ਦੀਆਂ ਮਾਣਮੱਤੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿਚ 46 ਆਮ ਆਦਮੀ ਕਲੀਨਿਕ ਸਫ਼ਲਤਾਪੂਰਵਕ ਚੱਲ ਰਹੇ ਹਨ ਅਤੇ ਇਸ ਸਾਲ 28 ਹੋਰ ਜਲਦ ਹੀ ਖੋਲ੍ਹੇ ਜਾਣਗੇ। ਇਸੇ ਤਰ੍ਹਾਂ ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ 5 ਕਰੋੜ 75 ਲੱਖ ਦੀ ਲਾਗਤ ਨਾਲ 30 ਬੈੱਡਾਂ ਦਾ ਹੋਰ ਵਾਧਾ ਕੀਤਾ ਗਿਆ ਹੈ ਅਤੇ 6 ਕਰੋੜ 77 ਲੱਖ ਰੁਪਏ ਸਿਵਲ ਹਸਪਤਾਲ ਦੇ ਕਾਇਆ ਕਲਪ 'ਤੇ ਖ਼ਰਚ ਕੀਤੇ ਗਏ ਹਨ। ਇਸੇ ਤਰ੍ਹਾਂ ਜ਼ਿਲ੍ਹੇ ਵਿਚ 550 ਕਰੋੜ ਰੁਪਏ ਦੀ ਲਾਗਤ ਨਾਲ ਸ਼ਹੀਦ ਊਧਮ ਸਿੰਘ ਸਟੇਟ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸ ਦੀ ਸਥਾਪਨਾ ਕੀਤੀ ਜਾ ਰਹੀ ਹੈ ਅਤੇ ਪਿੰਡ ਬਜਵਾੜਾ ਵਿਚ 27 ਕਰੋੜ ਰੁਪਏ ਦੀ ਲਾਗਤ ਨਾਲ ਸਰਦਾਰ ਬਹਾਦਰ ਅਮੀਂ ਚੰਦ ਸੋਨੀ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਸਥਾਪਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਦੇ ਇਤਿਹਾਸਕ ਪਿੰਡ ਸ਼ ?ਰੀ ਖੁਰਾਲਗੜ੍ਹ ਸਾਹਿਬ ਵਿਖੇ 148 ਕਰੋੜ ਰੁਪਏ ਦੀ ਲਾਗਤ ਨਾਲ ਸ੍ਰੀ ਗੁਰੂ ਰਵਿਦਾਸ ਜੀ ਮੈਮੋਰੀਅਲ ਦੀ ਉਸਾਰੀ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ 5 ਕਰੋੜ 29 ਲੱਖ ਰੁਪਏ ਦੀ ਲਾਗਤ ਨਾਲ ਹੁਸ਼ਿਆਰਪੁਰ ਵਿਖੇ ਨਵੇਂ ਐਸ. ਡੀ. ਐਮ ਦਫ਼ਤਰ, ਤਹਿਸੀਲ ਦਫ਼ਤਰ ਅਤੇ ਫਰਦ ਕੇਂਦਰ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਨੌਜਵਾਨਾਂ ਵਿਚ ਦੇਸ਼ ਭਗਤੀ ਦਾ ਜਜ਼ਬਾ ਪੈਦਾ ਕਰਨ ਲਈ ਹੁਸ਼ਿਆਰਪੁਰ ਸ਼ਹਿਰ ਦੇ ਦੋ ਮੁੱਖ ਪੁਆਇੰਟਾਂ ਪ੍ਰਭਾਤ ਚੌਕ ਅਤੇ ਸ਼ਹੀਦ ਭਗਤ ਸਿੰਘ ਚੌਕ ਵਿਖੇ 101 ਫੁੱਟ ਉੱਚੇ ਤਿਰੰਗੇ ਝੰਡੇ ਸਥਾਪਿਤ ਕੀਤੇ ਗਏ ਹਨ। ਕਰੀਬ 30 ਕਰੋੜ ਦੀ ਲਾਗਤ ਨਾਲ ਪਿੰਡ ਬਜਵਾੜਾ ਅਤੇ ਕਿਲਾ ਬਰੂਨ ਵਿਖੇ ਸੀਵਰੇਜ ਪ੍ਰੋਜੈਕਟ ਸ਼ੁਰੂ ਕੀਤਾ ਜਾ ਰਿਹਾ ਹੈ। ਹੁਸ਼ਿਆਰਪੁਰ ਵਿਖੇ ਡੰਪ ਨੂੰ ਹਟਾ ਕੇ ਉਥੇ ਬਹੁਤ ਹੀ ਵਧੀਆ ਫੂਡ ਸਟਰੀਟ ਦਾ ਨਿਰਮਾਣ ਕੀਤਾ ਗਿਆ ਹੈ, ਜਿਥੇ ਸ਼ਹਿਰ ਵਾਸੀ ਹੁਣ ਲਜ਼ੀਜ਼ ਪਕਵਾਨਾਂ ਦਾ ਅਨੰਦ ਮਾਣ ਰਹੇ ਹਨ। ਕਰੀਬ 3 ਕਰੋੜ ਰੁਪਏ ਦੀ ਲਾਗਤ ਨਾਲ ਸਿਵਲ ਲਾਈਨਜ਼, ਹੁਸ਼ਿਆਰਪੁਰ ਵਿਖੇ ਪੰਜਾਬ ਦੀ ਪਹਿਲੀ ਡਿਜੀਟਲ ਲਾਇਬ੍ਰੇਰੀ ਪੰਜਾਬ ਵਾਸੀਆਂ ਨੂੰ ਸਮਰਪਿਤ ਕੀਤੀ ਗਈ ਹੈ। ਲੰਬੇ ਸਮੇਂ ਤੋਂ ਖਸਤਾ ਹਾਲਤ ਵਿਚ ਚੱਲ ਰਹੀ ਜਲੰਧਰ-ਹੁਸ਼ਿਆਰਪੁਰ-ਚਿੰਤਪੁਰਨੀ ਸੜਕ ਪੰਜਾਬ ਸਰਕਾਰ ਵੱਲੋਂ 13 ਕਰੋੜ 74 ਲੱਖ ਰੁਪਏ ਦੀ ਲਾਗਤ ਨਾਲ ਬਣਾਈ ਗਈ ਹੈ, ਜਿਸ ਨਾਲ ਮਾਤਾ ਚਿੰਤਪੁਰਨੀ ਜੀ ਨੂੰ ਜਾਣ ਵਾਲੇ ਸ਼ਰਧਾਲੂਆਂ ਨੂੰ ਵੱਡਾ ਲਾਭ ਹੋਇਆ ਹੈ।

ਉਨ੍ਹਾਂ ਕਿਹਾ ਕਿ ਬਾਗਬਾਨੀ ਦੇ ਖੇਤਰ ਵਿਚ ਇਕ ਵੱਡਾ ਮਾਅਰਕਾ ਮਾਰਦਿਆਂ ਬਾਗਬਾਨੀ ਅਸਟੇਟ, ਛਾਉਣੀ ਕਲਾਂ, ਹੁਸ਼ਿਆਰਪੁਰ ਵਿਖੇ ਸੂਬੇ ਦੀ ਪਹਿਲੀ ਬਾਇਓਫਰਟੀਲਾਈਜ਼ਰ ਲੈਬਾਰਟਰੀ ਸਥਾਪਿਤ ਕੀਤੀ ਗਈ ਹੈ। ਕੰਢੀ ਖੇਤਰ ਦੇ ਪਿੰਡਾਂ ਨੂੰ ਸੁਚਾਰੂ ਢੰਗ ਨਾਲ ਪਾਣੀ ਮੁਹੱਈਆ ਕਰਵਾਉਣ ਲਈ 258 ਕਰੋੜ 73 ਲੱਖ ਰੁਪਏ ਦੀ ਲਾਗਤ ਵਾਲੇ ਨਹਿਰੀ ਪਾਣੀ 'ਤੇ ਆਧਾਰਿਤ ਤਲਵਾੜਾ ਜਲ ਸਪਲਾਈ ਪ੍ਰੋਜੈਕਟ 'ਤੇ ਕੰਮ ਚੱਲ ਰਿਹਾ ਹੈ। ਪਰਾਲੀ ਅਤੇ ਫ਼ਸਲਾਂ ਦੀ ਰਹਿੰਦ-ਖੂੰਹਦ ਦੇ ਸੁਚੱਜੇ ਪ੍ਰਬੰਧਨ ਦੇ ਸੁਚਾਰੂ ਯਤਨਾਂ ਸਦਕਾ ਜ਼ਿਲ੍ਹੇ ਵਿਚ ਪਰਾਲੀ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਵਿਚ ਪਿਛਲੇ ਸਾਲ ਨਾਲੋਂ ਕਰੀਬ 54 ਫੀਸਦੀ ਦੀ ਕਟੌਤੀ ਦਰਜ ਕੀਤੀ ਗਈ ਹੈ ਅਤੇ ਇਸ ਸਾਲ ਇਨ੍ਹਾਂ ਘਟਨਾਵਾਂ ਨੂੰ ਜ਼ੀਰੋ ਕਰਨ ਦਾ ਟੀਚਾ ਰੱਖਿਆ ਗਿਆ ਹੈ।

ਜ਼ਿਲ੍ਹੇ ਵਿਚ ਈਕੋ ਟੂਰਿਜ਼ਮ ਨੂੰ ਉਤਸ਼ਾਹਿਤ ਕਰਨ ਲਈ ਹੁਸ਼ਿਆਰਪੁਰ ਵਣ ਮੰਡਲ ਵੱਲੋਂ ਥਾਣਾ ਡੈਮ ਅਤੇ ਚੌਹਾਲ ਡੈਮ ਵਿਖੇ ਨੇਚਰ ਕੈਂਪ ਤਿਆਰ ਕੀਤੇ ਗਏ ਹਨ, ਜਿਥੇ ਸੈਲਾਨੀਆਂ ਦੇ ਰਹਿਣ ਲਈ ਏ. ਸੀ ਹੱਟਸ, ਅਟੈਚ ਬਾਥਰੂਮ, ਬੋਟਿੰਗ, ਜੰਗਲ ਸਫਾਰੀ, ਜੰਗਲ ਟ ?ਰੈਕਿੰਗ ਅਤੇ ਖਾਣ-ਪੀਣ ਦਾ ਪੂਰਾ ਪ੍ਰਬੰਧ ਕੀਤਾ ਗਿਆ ਹੈ। ਇਕ ਨਿਵੇਕਲੀ ਪਹਿਲ ਤਹਿਤ ਜ਼ਿਲ੍ਹਾ ਰੋਜ਼ਗਾਰ ਬਿਊਰੋ ਵੱਲੋਂ ਪੰਜਾਬ ਦੀ ਪਹਿਲੀ ਰੋਜ਼ਗਾਰ ਮੋਬਾਇਲ ਐਪ 'ਡੀ.ਬੀ.ਈ.ਈ ਆਨਲਾਈਨ' ਵੀ ਤਿਆਰ ਕੀਤੀ ਗਈ ਹੈ। ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਉਨ੍ਹਾਂ ਦੇ ਡੋਰ ਸਟੈਪ 'ਤੇ ਹੀ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਦੀ ਸ਼ੁਰੂ ਕੀਤੀ ਗਈ ਵਿਲੱਖਣ ਪਹਿਲਕਦਮੀ ਤਹਿਤ ਹੁਸ਼ਿਆਰਪੁਰ ਜ਼ਿਲ੍ਹੇ ਨੇ ਇਕ ਮਹੀਨੇ ਅੰਦਰ ਸਭ ਤੋਂ ਵੱਧ 96 ਫੀਸਦੀ ਡੋਰ ਸਟੈਪ ਸਰਵਿਸਜ਼ ਡਿਲੀਵਰੀ ਰੇਟ ਦੇ ਹਿਸਾਬ ਨਾਲ ਸੂਬੇ ਵਿਚ ਸਭ ਤੋਂ ਉੱਚੀ ਛਲਾਂਗ ਲਗਾਈ ਹੈ।

ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਹੁਸ਼ਿਆਰਪੁਰ ਵੱਲੋਂ ਚਲਾਏ ਜਾ ਰਹੇ ਵੱਖ-ਵੱਖ ਵਿਲੱਖਣ ਪ੍ਰੋਜੈਕਟਾਂ ਬਾਰੇ ਦੱਸਦਿਆਂ ਉਨ੍ਹਾਂ ਕਿਹਾ ਕਿ ਸੁਸਾਇਟੀ ਵੱਲੋਂ 'ਵਿੰਗਜ਼' ਪ੍ਰੋਜੈਕਟ ਤਹਿਤ ਸਪੈਸ਼ਲ ਅਤੇ ਬੌਧਿਕ ਤੌਰ 'ਤੇ ਕਮਜ਼ੋਰ ਬੱਚਿਆਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਲਈ 3 ਮਹੀਨੇ ਦੀ ਵਿਸ਼ੇਸ਼ ਟ ?ਰੇਨਿੰਗ ਉਪਰੰਤ ਉਨ੍ਹਾਂ ਨੂੰ ਸਰਕਾਰੀ ਕਾਲਜ, ਆਈ. ਟੀ. ਆਈ, ਰਿਜਨਲ ਸੈਂਟਰ ਪੰਜਾਬ ਯੂਨੀਵਰਸਿਟੀ ਅਤੇ ਰੈੱਡ ਕਰਾਸ ਦਫ਼ਤਰ ਵਿਖੇ ਟੱਕ ਸ਼ਾਪਜ਼ ਖੋਲ੍ਹ ਕੇ ਦਿੱਤੀਆਂ ਗਈਆਂ ਹਨ। ਇਸੇ ਤਰ੍ਹਾਂ ਉਨ੍ਹਾਂ ਸੁਸਾਇਟੀ ਵੱਲੋਂ ਚਲਾਈ ਜਾ ਰਹੀ ਸਾਂਝੀ ਰਸੋਈ, ਜਨ ਔਸ਼ਧੀ ਜੈਨੇਰਿਕ ਡਰੱਗ ਸਟੋਰ, ਜ਼ਿਲ੍ਹਾ ਨਸ਼ਾ ਮੁਕਤੀ ਅਤੇ ਮੁੜ ਵਸੇਬਾ ਕੇਂਦਰ ਵਿਖੇ ਦਾਖ਼ਲ ਲੋਕਾਂ ਲਈ ਨਵੇਂ ਸਕਿੱਲ ਪ੍ਰੋਗਰਾਮਾਂ, ਹੜ੍ਹਾਂ ਦੌਰਾਨ ਲੋਕਾਂ ਦੀ ਕੀਤੀ ਗਈ ਸਹਾਇਤਾ ਦਾ ਵੀ ਵਿਸ਼ੇਸ਼ ਜ਼ਿਕਰ ਕੀਤਾ। ਜ਼ਿਲ੍ਹੇ ਵਿਚ ਅਮਨ-ਕਾਨੂੰਨ ਬਰਕਰਾਰ ਰੱਖਣ ਅਤੇ ਨਸ਼ਿਆਂ ਖਿਲਾਫ਼ ਕੀਤੀਆਂ ਪ੍ਰਾਪਤੀਆਂ ਲਈ ਉਨ੍ਹਾਂ ਜ਼ਿਲ੍ਹਾ ਪੁਲਿਸ ਦੀ ਭਰਪੂਰ ਸ਼ਲਾਘਾ ਵੀ ਕੀਤੀ। ਇਸ ਮੌਕੇ ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਕਰਮਜੀਤ ਕੌਰ, ਚੇਅਰਮੈਨ ਨਗਰ ਸੁਧਾਰ ਟਰੱਸਟ ਹਰਮੀਤ ਸਿੰਘ ਔਲਖ, ਚੇਅਰਮੈਨ ਦਿ ਹੁਸ਼ਿਆਰਪੁਰ ਸੈਂਟਰਲ ਕੋਆਪ੍ਰੇਟਿਵ ਬੈਂਕ ਵਿਕਰਮ ਸ਼ਰਮਾ, ਪੰਜਾਬ ਉਦਯੋਗਿਕ ਵਿਕਾਸ ਨਿਗਮ ਦੇ ਵਾਈਸ ਚੇਅਰਮੈਨ ਹਰਮਿੰਦਰ ਸਿੰਘ ਬਕਸ਼ੀ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਰਾਜੇਸ਼ਵਰ ਦਿਆਲ ਬੱਬੀ, ਆਪ ਦੇ ਸੰਯੁਕਤ ਸਕੱਤਰ ਸਤਵੰਤ ਸਿੰਘ ਸਿਆਣ, ਕਮਿਸ਼ਨਰ ਨਗਰ ਨਿਗਮ ਜਿਓਤੀ ਬਾਲਾ ਮੱਟੂ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਬਲਰਾਜ ਸਿੰਘ, ਐਸ. ਡੀ. ਐਮ ਹੁਸ਼ਿਆਰਪੁਰ ਪ੍ਰੀਤਇੰਦਰ ਸਿੰਘ ਬੈਂਸ, ਐਸ. ਪੀ ਮਨਜੀਤ ਕੌਰ ਤੋਂ ਇਲਾਵਾ ਨਿਆਇਕ, ਸਿਵਲ ਤੇ ਪੁਲਿਸ ਪ੍ਰਸ਼ਾਸਨ ਦੇ ਅਧਿਕਾਰੀ, ਸਕੂਲਾਂ ਦੇ ਬੱਚੇ ਅਤੇ ਸ਼ਹਿਰ ਵਾਸੀ ਵੱਡੀ ਗਿਣਤੀ ਵਿਚ ਹਾਜ਼ਰ ਸਨ।





# ਬਲਾਇੰਡ ਤੇ ਅੰਗਹੀਣ ਬੱਚਿਆਂ ਦੇ ਲਈ ਵਰਦਾਨ ਸਿੱਧ ਹੋ ਰਿਹਾ ਹੈ : ਸੰਤ ਬਾਬਾ ਨਰਾਇਣ ਦਾਸ ਬਲਾਇੰਡ ਤੇ ਅੰਗਹੀਣ ਸਕੂਲ ਬਾਹੋਵਾਲ

- ਸੰਸਥਾਪਕ ਅਤਰ ਸਿੰਘ ਐਮ ਏ ਪੌਲਿਟੀਕਲ ਸਾਇੰਸੀ ਹੋਰਾਂ ਵਲੋਂ 18 ਨਵੰਬਰ 2003 ਨੂੰ ਸ਼ੁਰੂ ਕੀਤਾ ਗਿਆ ਸੀ ਇਹ ਸਕੂਲ
- ਸਕੂਲ ਦਾ ਮੁੱਖ ਮੰਤਵ ਸੀ ਬਲਾਇੰਡ ਤੇ ਅੰਗਹੀਣ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਜੀਵਨ ਜਾਚ ਸਿਖਾਉਣੀ










ਸਾਡੇ ਸਮਾਜ ਵਿੱਚ ਬਹੁਤ ਸਾਰੇ ਲੋਕ ਆਪਣੀ ਕਿਸੇ ਸਰੀਰਕ ਅੰਗਹੀਣਤਾ ਨੂੰ ਜੀਵਨ ਵਿੱਚ ਕਮਜੋਰੀ ਬਣਾ ਕੇ ਆਪਣੇ ਆਪ ਨੂੰ ਦੂਸਰਿਆਂ ਨੇ ਨਿਰਭਰ ਬਣਾ ਲੈਂਦੇ ਹਨ ਤੇ ਸਾਰਾ ਜੀਵਨ ਇਸੇ ਤਰ੍ਹਾਂ ਹੀ ਬਤੀਤ ਕਰ ਲੈਂਦੇ ਹਨ ਇਸ ਦੇ ਉਲਟ ਸਮਾਜ ਵਿੱਚ ਅਕਸਰ ਇਸ ਤਰ੍ਹਾਂ ਦੇ ਲੋਕ ਵੀ ਦੇਖਣ ਨੂੰ ਮਿਲ ਜਾਂਦੇ ਹਨ ਜੋ ਆਪਣੇ ਸ਼ਰੀਰ ਦੀ ਵੱਡੀ ਤੋਂ ਵੱਡੀ ਕਮਜ਼ੋਰੀ ਨੂੰ ਵੀ ਅਣਦੇਖਾ ਕਰਕੇ ਸਮਾਜ ਲਈ ਕੁਝ ਕਰਨ ਦੀ ਸੋਚ ਰੱਖਦੇ ਹਨ ਤੇ ਇਸ ਲਈ ਹਮੇਸ਼ਾਂ ਤੱਤਪਰ ਵੀ ਰਹਿੰਦੇ ਹਨ

ਸੋ ਅੱਜ ਅਸੀਂ ਇਸੇ ਤਰ੍ਹਾਂ ਦੀ ਸ਼ਖ਼ਸੀਅਤ ਨੂੰ ਆਪਣੇ ਹਫਤਾਵਾਰੀ ਲੇਖ ਜੋਂ ਅਮਰੀਕਾ ਦੇ ਸ਼ਹਿਰ ਕੈਲੇਫੋਰਨੀਆ ਤੋਂ ਛਪਦੇ ਹਫਤਾਵਾਰੀ ਅਖਬਾਰ 'ਸਾਡੇ ਲੋਕ' ਦੇ ਰਾਹੀਂ ਉਨ੍ਹਾਂ ਨਾਲ ਕੀਤੀ ਗੱਲਬਾਤ ਸ਼ਬਦਾਂ ਦੇ ਰੂਪ ਵਿਚ ਪੇਸ਼ ਕਰਨ ਦਾ ਉਪਰਾਲਾ ਕਰ ਰਿਹਾ ਹਾਂ ਉਹ ਸ਼ਖ਼ਸੀਅਤ ਹੈ। ਪ੍ਰਧਾਨ ਅਤਰ ਸਿੰਘ ਐਮ ਏ ਪੌਲਿਟੀਕਲ ਸਾਇੰਸ ਜੀ ਜੋਂ ਬਲਾਇੰਡ ਤੇ ਅੰਗਹੀਣ ਡਿਵੈਲਪਮੈਂਟ ਸੁਸਾਇਟੀ ਰਜਿਸਟਰਡ ਨੰਬਰ 529 ਮਾਹਿਲਪੁਰ ਹੁਸ਼ਿਆਰਪੁਰ ਹਨ।

ਉਨ੍ਹਾਂ ਨੇ ਆਪਣੇ ਸੰਤ ਨਰਾਇਣ ਦਾਸ ਬਲਾਇੰਡ ਤੇ ਅੰਗਹੀਣ ਸਕੂਲ ਬਾਹੋਵਾਲ ਵਿਖੇ ਸਾਡੇ ਲੋਕ ਦੇ ਬਿਊਰੋ ਚੀਫ਼ ਦਲਜੀਤ ਅਜਨੋਹਾ ਨਾਲ ਗੱਲਬਾਤ ਕਰਦਿਆ ਦੱਸਿਆ ਕਿ ਉਹ ਸੋਨੀਪਤ ਹਰਿਆਣਾ ਦੇ ਰਹਿਣ ਵਾਲੇ ਹਨ ਤੇ ਬਚਪਨ ਤੋਂ ਹੀ ਬਲਾਇੰਡ ਹਨ ਉਨ੍ਹਾਂ ਨੂੰ 18 ਦਸੰਬਰ 2000 ਵਿੱਚ ਕਮੇਟੀ ਦਫ਼ਤਰ ਮਾਹਿਲ ਪੁਰ ਵਿਖੇ ਕਲੈਰੀਕਲ ਵਿਭਾਗ ਵਿੱਚ ਬਲਾਇੰਡ ਕੋਟੇ ਵਿੱਚ ਨੌਕਰੀ ਮਿਲੀ ਤੇ ਉਨਾਂ ਤਕਰੀਬਨ 2 ਸਾਲ ਨੌਕਰੀ ਕਰਦਿਆਂ ਦੇ ਦੌਰਾਨ ਇਲਾਕੇ ਦੇ ਬਲਾਇੰਡ ਤੇ ਅੰਗਹੀਣ ਬੱਚਿਆਂ ਦੀ ਬੇਹਤਰੀ ਵਾਰੇ ਸੋਚਦਿਆਂ ਕੋਸ਼ਿਸ ਸ਼ੁਰੂ ਕੀਤੀ ਤੇ ਬਹੁਤ ਸਾਰੇ ਗਰੀਬ ਪਰਿਵਾਰ ਆਪਣੇ ਇਸ ਤਰ੍ਹਾਂ ਦੇ ਬੱਚਿਆਂ ਨੂੰ ਪੜ੍ਹਾਈ ਤੇ ਉਨਾਂ ਦੇ ਵਧੀਆ ਜੀਵਨ ਜਾਚ ਨਹੀਂ ਦੇ ਸਕਦੇ ਸਨ ਤਾਂ ਅਤਰ ਸਿੰਘ ਹੋਰਾਂ ਪਹਿਲਾਂ ਇਕ ਬੱਚੇ ਨੂੰ ਚੰਡੀਗੜ੍ਹ ਭੇਜਿਆ ਤਾਂ ਉਥੋਂ ਉਨ੍ਹਾਂ ਨੂੰ ਸੁਸਾਇਟੀ ਵਲੋਂ ਦੇਖਭਾਲ ਨਾ ਹਨ ਦਾ ਕਹਿ ਕੇ ਵਾਪਿਸ ਭੇਜ ਦਿੱਤਾ ਤੇ ਫਿਰ ਉਨਾਂ ਲੁਧਿਆਣਾ ਵਿਖੇ ਇਕ ਜਰੂਰਤ ਮੰਦ ਬੱਚੇ ਨੂੰ ਭੇਜਿਆ ਤਾਂ ਉਥੋਂ ਵੀ ਇਸੇ ਤਰ੍ਹਾਂ ਦਾ ਜਵਾਬ ਅਤਰ ਸਿੰਘ ਹੋਰਾਂ ਨੂੰ ਮਿਲਿਆ ਇਸ ਤੋਂ ਬਾਅਦ ਉਨਾਂ ਇਹ ਗੱਲ ਆਪਣੇ ਦਿਲ ਵਿੱਚ ਥਾਣ ਲਈ ਕੇ ਓਹ ਇਸ ਤਰ੍ਹਾਂ ਦੇ ਬੱਚਿਆਂ ਦੇ ਜੀਵਨ ਜਾਚ ਤੇ ਉਨ੍ਹਾਂ ਦੀ ਪੜ੍ਹਾਈ ਉੱਜਵਲ ਭਵਿੱਖ ਲਈ ਆਪਣਾ ਜੀਵਨ ਅਰਪਿਤ ਕਰ ਦੇਣਗੇ ਇਸ ਤੋਂ ਬਾਅਦ ਉਨ੍ਹਾਂ ਨੇ ਬਲਾਇੰਡ ਤੇ ਅੰਗਹੀਣ ਬੱਚਿਆਂ ਦੇ ਹਿਤੈਸ਼ੀਆਂ ਨਾਲ ਗੱਲਬਾਤ ਕਰਕੇ 18 ਨਵੰਬਰ ਨੂੰ ਬਲਾਇੰਡ ਤੇ ਅੰਗਹੀਣ ਡਿਵੈਲਪਮੈਂਟ ਸੁਸਾਇਟੀ ਰਜਿਸਟਰਡ



**ਦਲਜੀਤ ਸਿੰਘ ਅਜਨੋਹਾ**
**ਬਿਊਰੋ ਚੀਫ਼**
**98721-83601**

ਨੰਬਰ 529 ਮਾਹਿਲਪੁਰ ਹੁਸ਼ਿਆਰਪੁਰ ਦਾ ਗਠਨ ਕੀਤਾ ਤੇ ਪਹਿਲਾ ਬਲਾਇੰਡ ਤੇ ਅੰਗਹੀਣ ਬੱਚਿਆਂ ਦਾ ਸਕੂਲ ਮਾਹਿਲਪੁਰ ਦੇ ਦੀਵਾਨ ਖਾਨਾ ਮੁਹਲੈ ਵਿੱਚ ਡਾਕਟਰ ਚੰਨਣ ਸਿੰਘ ਬੈਂਸ ਹੋਰਾਂ ਦੇ ਘਰ ਕਿਰਾਏ ਤੇ ਖੋਲ੍ਹਿਆ ਤੇ ਇਸ ਮੌਕੇ ਉਨ੍ਹਾਂ ਕੋਲ ਪਹਿਲਾ ਬੱਚਾ ਘਨ ਸ਼ਯਾਮ 2003 ਵਿੱਚ ਆਇਆ ਤੇ ਦੂਸਰਾ ਬੱਚਾ ਰਣਜੀਤ 2005 ਵਿੱਚ ਆਇਆ ਤੇ ਇਸੇ ਤਰ੍ਹਾਂ ਹੌਲੀ ਹੌਲੀ ਇਸ ਸਕੂਲ ਦੇ ਵਾਰੇ ਵਿੱਚ ਲੋਕਾਂ ਨੂੰ ਪਤਾ ਲੱਗਦਾ ਗਿਆ ਤੇ ਜ਼ਰੂਰਤਮੰਦ ਤੇ ਗਰੀਬ ਬੱਚੇ ਇੰਨਾ ਕੋਲ ਆਉਂਦੇ ਗਏ ਇਸੇ ਦੌਰਾਨ ਅਤਰ ਸਿੰਘ ਹੋਰਾਂ ਦੀ ਸ਼ਾਦੀ 20 ਫਰਵਰੀ 2005 ਨੂੰ ਮੈਡਮ ਮਾਲਤੀ ਦੇਵੀ ਨਾਲ ਹੋ ਗਈ ਜਿਸ ਤੋਂ ਬਾਅਦ ਮੈਡਮ ਮਾਲਤੀ ਜੋਂ ਕੇ ਬਚਪਨ ਤੋਂ ਹੀ ਬਲਾਇੰਡ ਸਨ ਉਹ ਵੀ ਪੋਸਟ ਗਰੇਜੂਏਟ ਹਨ ਉਨ੍ਹਾਂ ਨੇ ਸਕੂਲ ਦਾ ਪ੍ਰਬੰਧ ਬਤੌਰ ਪ੍ਰਿੰਸੀਪਲ ਸੰਭਾਲ ਲਿਆ ਤੇ ਸਕੂਲ ਵਿੱਚ ਆਉਣ ਵਾਲੇ ਬੱਚਿਆਂ ਨੂੰ ਪਹਿਲੀ ਕਲਾਸ ਤੋਂ ਲੈਅ ਕੇ ਬੀ ਏ ਤੱਕ ਪੜ੍ਹਾਈ ਕਰਵਾਈ ਜਾਂਦੀ ਹੈ ਜਿਸ ਲਈ ਸਕੂਲ ਵਿਚ ਅਧਿਆਪਕ ਰੱਖੇ ਗਏ ਹਨ ਤੇ ਉਨ੍ਹਾਂ ਦੇ ਪੱਕੇ ਪੇਪਰ ਮਾਹਿਲਪੁਰ ਦੀ ਅੰਕੁਰ ਪਬਲਿਕ ਸਕੂਲ ਵਿੱਚ ਕਰਵਾਏ ਜਾਂਦੇ ਹਨ ਅਤਰ ਸਿੰਘ ਹੋਰਾਂ ਨੇ ਦੱਸਿਆ ਕਿ ਉਨ੍ਹਾਂ ਦੇ ਸਕੂਲ ਵਿੱਚ ਸਿੱਖਿਆ ਪ੍ਰਾਪਤ ਕਰਕੇ ਬੱਚੇ ਨੌਕਰੀ ਤੇ ਲੱਗੇ ਹਨ ਤੇ ਦੋ ਬੱਚੀਆਂ ਜਿਨਾ ਵਿੱਚ ਜੋਂ ਯੂਪੀ ਪ੍ਰਦੇਸ਼ ਨਾਲ ਸਬੰਧਤ ਸਨ ਲੱਛਮੀ ਤੇ ਸ਼ਿਵਾਨੀ ਉਨ੍ਹਾਂ ਦੇ ਵਿਆਹ ਸਕੂਲ ਵਲੋਂ ਕੀਤੇ ਗਏ ਸਨ ਜੋ ਆਪਣੇ ਪਰਿਵਾਰਾਂ ਵਿੱਚ ਬਿਲਕੁਲ ਠੀਕ ਠਾਕ ਅਪਣਾ ਜੀਵਨ ਨਿਰਬਾਹ ਕਰ ਰਹੀਆ ਹਨ।

ਪ੍ਰਧਾਨ ਅਤਰ ਸਿੰਘ ਹੋਰਾਂ ਦੱਸਿਆ ਕੇ 1 ਜੂਨ 2010 ਨੂੰ ਉਨ੍ਹਾਂ ਆਪਣਾ ਸਕੂਲ ਬਾਹੋਵਾਲ ਵਿਖੇ ਕਿਰਾਏ ਤੇ ਲੈਅ ਲਿਆ ਤੇ ਉਥੇ ਬਚਿਆਂ ਨੂੰ ਪੜ੍ਹਾਇਆ ਇਸੇ ਦੌਰਾਨ ਜੁਲਾਈ 2012 ਵਿੱਚ ਡੇਰਾ ਸ਼ੇਰ ਪੁਰ ਕਲਰਾਂ ਦੇ ਮਹਾਂਪੁਰਸ਼ ਸੰਤ ਰਾਮ ਕਿਸ਼ਨ ਜੀ ਦੇ ਸੇਵਾਦਾਰ ਬੀਬੀ ਸੁਰਿੰਦਰ ਕੌਰ ਅਟਵਾਲ ਇਸ ਸਕੂਲ ਵਿੱਚ ਆਏ ਤੇ ਉਨ੍ਹਾਂ ਨੇ ਇੰਨਾ ਬੱਚਿਆਂ ਵਲੋਂ ਕੀਤਾ ਗਿਆ ਗੁਰਬਾਣੀ ਦਾ ਰਸਭਿੰਨਾ ਕੀਰਤਨ ਸੁਣਿਆ ਤਾਂ ਉਨ੍ਹਾਂ ਬਾਬਾ ਰਾਮ ਕਿਸ਼ਨ ਜੀ ਨੂੰ ਕਿਹਾ ਕਿ ਉਸ ਇੰਨਾ ਬੱਚਿਆਂ ਦੇ ਸਹਿਯੋਗ ਕਰਨਾ ਚਾਹੁੰਦੇ ਹਨ ਤਾਂ ਬਾਬਾ ਜੋ ਨੇ ਉਨ੍ਹਾਂ ਨੂੰ ਕਿਹਾ ਕੇ ਇੰਨਾ ਨੂੰ ਥਾਂ ਲੈਅ ਦਿਓ ਜਿਸ ਤੇ ਬੀਬੀ ਸੁਰਿੰਦਰ ਕੌਰ ਅਟਵਾਲ ਨੇ 5 ਲੱਖ ਰੁਪਏ ਦਿੱਤੇ 3 ਲੱਖ ਅਤਰ ਸਿੰਘ ਹੋਰਾਂ ਨੇ ਆਪਣੇ ਕੋਲੋਂ ਪਾ ਕੇ 8 ਲੱਖ ਰੁਪਏ ਵਿੱਚ 10 ਮਰਲੇ ਜ਼ਮੀਨ ਲੈਅ ਲਈ ਤੇ ਪਹਿਲਾ ਕਮਰਾ ਸੰਤ ਰਾਮ ਕਿਸ਼ਨ ਜੀ ਹੋਰਾਂ ਸਕੂਲ ਵਿੱਚ ਬਣਾਇਆ ਤੇ ਸਕੂਲ ਇਸ ਨਵੇਂ ਥਾਂ ਤੇ ਤਬਦੀਲ ਹੋ ਗਿਆ ਤੇ ਫਿਰ ਜਿਵੇਂ ਜਿਵੇਂ ਦਾਨੀ ਸੱਜਣਾਂ ਨੂੰ ਇਸ ਸਕੂਲ ਵਾਰੇ ਪਤਾ ਲੱਗਦਾ ਗਿਆ ਤੇ ਉਸ ਤਰ੍ਹਾਂ ਜ਼ਰੂਰਤ ਮੁਤਾਬਕ ਕਮਰੇ ਬੱਚਿਆਂ ਲਈ ਹੋਰ ਲੋੜੀਂਦੀਆਂ ਸਹੂਲਤਾਂ ਮਿਲ ਰਹੀਆਂ ਹਨ ਉਨ੍ਹਾਂ ਦੱਸਿਆ ਕਿ ਹੁਣ ਤੱਕ ਉਨ੍ਹਾਂ ਦੇ ਇਸ ਸਕੂਲ ਤੋਂ ਜਾ ਕੇ ਕਾਫੀ ਬੱਚੇ ਅਪਣਾ ਜੀਵਨ ਵਧੀਆ ਢੰਗ ਨਾਲ ਬਿਤਾ ਰਹੇ ਹਨ ਉਨਾਂ ਦੱਸਿਆ ਕਿ ਉਨ੍ਹਾਂ ਕੋਲ ਕਿਸੇ ਵੀ ਸਟੇਟ ਦਾ ਜ਼ਰੂਰਤਮੰਦ ਬੱਚਾ ਆ ਸਕਦਾ ਹੈ।

ਇਸ ਮੌਕੇ ਅਤਰ ਸਿੰਘ ਹੋਰਾਂ ਨੇ ਵਿਸੇਸ਼ ਤੌਰ 'ਤੇ ਦੱਸਿਆ ਕੇ ਬੇਸ਼ੱਕ ਉਨ੍ਹਾਂ ਦੀ ਸ਼ਾਦੀ ਹੋ ਚੁੱਕੀ ਹੈ ਪਰ ਉਨਾਂ ਅਪਣਾ ਬੱਚਾ ਕੋਈ ਨਹੀਂ ਹੈ ਉਨਾਂ ਕਿਹਾ ਕਿ ਉਨ੍ਹਾਂ ਦਾ ਪੂਰਾ ਜੀਵਨ ਇਹ ਬੱਚੇ ਹੀ ਹਨ।

ਇਸ ਮੌਕੇ ਉਨ੍ਹਾਂ ਦੱਸਿਆ ਕਿ ਉਨ੍ਹਾਂ ਕੋਲ 2 ਬੱਚੇ ਗੋਬਿੰਦ ਯੂਪੀ ਤੇ ਰੋਹਿਤ ਕੁਮਾਰ ਸ਼੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਿਜ ਮਾਹਿਲਪੁਰ ਵਿਖੇ ਬੀ ਏ ਫਾਈਨਲ ਵਿੱਚ ਪੜ੍ਹ ਰਹੇ ਹਨ।

ਵਿਸ਼ਾਲ ਬੋਹਨ ਪੱਟੀ ਤੇ ਨਰੇਸ਼ ਨਵਾਂਸ਼ਹਿਰ 10 ਵੀ ਕਲਾਸ ਵਿੱਚ ਪੜ੍ਹ ਰਹੇ ਹਨ, ਗੌਰਵ



ਹੰਦੋਵਾਲ ਤੇ ਵਿਜੈ ਹੰਦੋਵਾਲ 8 ਵੀ ਕਲਾਸ ਵਿੱਚ ਪੜ੍ਹਦੇ ਹਨ ਨਵਪ੍ਰੀਤ ਖ਼ਾਨ ਪੁਰ ਥਿਆੜਾ 6ਵੀ ਕਲਾਸ ਤੇ ਅਮਨੀਤ ਸੱਲਾਂ ਬੰਗਾ 5 ਵੀ ਕਲਾਸ ਵਿੱਚ ਪੜ੍ਹਦੇ ਹਨ ਸੁਖਮਨ ਰਸੂਲਪੁਰ ਬੰਗਾ 2 ਕਲਾਸ ਵਿੱਚ ਪੜ੍ਹਦਾ ਹੈ ਸ਼੍ਰੀ ਰਾਜ ਕੌਂਡਲ ਦੇਹਰਾ ਹਿਮਾਚਲ ਪ੍ਰਦੇਸ਼ ਪਹਿਲੀ ਕਲਾਸ ਵਿੱਚ ਪੜ੍ਹਦਾ ਹੈ ਇਸ ਸਕੂਲ ਵਿੱਚ ਮੌਜੂਦਾ 8 ਮੈਂਬਰਾਂ ਦਾ ਸਟਾਫ ਹੈ ਜਿਨ੍ਹਾਂ ਵਿੱਚ 3 ਅਧਿਆਪਕ,1 ਡਰਾਈਵਰ, 1 ਸਹਾਇਕ ਡਰਾਈਵਰ, 2 ਰੋਟੀ ਬਣਾਉਣ ਵਾਲੀਆਂ ਲੜਕੀਆਂ ਤੇ 1 ਕਲਾਸੀਕਲ ਸੰਗੀਤ ਅਧਿਆਪਕ ਭੁਪਿੰਦਰ ਸਿੰਘ ਜੀ ਨਕੋਦਰ ਤੋਂ ਆਉਂਦੇ ਹਨ ਉਨ੍ਹਾਂ ਦੱਸਿਆ ਕਿ ਇਸ ਸਕੂਲ ਵਿੱਚ ਪੜ੍ਹਾਈ ਤੋਂ ਇਲਾਵਾ ਬੱਚਿਆਂ ਨੂੰ ਗੁਰਬਾਣੀ, ਤਬਲਾ, ਹਰਮੋਨੀਅਮ ਤੇ ਕਲਾਸੀਕਲ ਸੰਗੀਤ ਤੇ ਵਿਸੇਸ ਤੌਰ ਬਰਾਇੱਲ ਸਿਸਟਮ ਦੀ ਵੀ ਸਿੱਖਿਆ ਦਿੱਤੀ ਜਾਂਦੀ ਹੈ ਉਨ੍ਹਾਂ ਦੱਸਿਆ ਕਿ ਸਮੇ ਸਮੇਂ ਤੇ ਸਕੂਲ ਦੇ ਬੱਚਿਆਂ ਵੱਖ ਵੱਖ ਅਧਿਕਾਰੀਆਂ, ਕਲਾਕਾਰਾਂ ਤੇ ਪ੍ਰਮੁੱਖ ਸਖਸ਼ੀਅਤਾਂ ਨੂੰ ਵੀ ਮਿਲਾਇਆ ਜਾਂਦਾ ਹੈ ਜਿਨ੍ਹਾਂ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ, ਐਸ ਐਸ ਪੀ ਹੁਸ਼ਿਆਰਪੁਰ, ਜੱਜ ਸਾਹਿਬਾਨ, ਉਨ੍ਹਾਂ ਦੱਸਿਆ ਕਿ ਸਕੂਲ ਦੇ ਬੱਚੇ ਸਚਿਨ ਤੋਂ ਲੈਅ ਕੇ ਅਮਿਤਾਬ ਬੱਚਨ ਤੱਕ ਮਿਲ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਸਕੂਲ ਦੀ ਨਿਰੰਤਰ ਸਹਾਇਤਾ ਕਰਨ ਵਿਚ ਰਿਆਤ ਬਾਹਰਾ ਗਰੁੱਪ ਦੇ ਗੁਰਵਿੰਦਰ ਸਿੰਘ ਬਾਹਰਾ, ਮੈਡਮ ਹਰਪ੍ਰੀਤ ਕੌਰ ਰੋਜ਼ੀ ਦੋਆਬਾ ਸਕੂਲ ਗਰੁੱਪ ਹਨ ਅਤੇ ਲਵਲੀ ਯੂਨੀਵਰਸਿਟੀ ਵਾਲੇ ਵੀ ਸਹਾਇਤਾ ਕਰਦੇ ਰਹਿੰਦੇ ਹਨ ਇਨ੍ਹਾਂ ਤੋਂ ਇਲਾਵਾ ਇਲਾਕੇ ਤੇ ਇਲਾਕੇ ਤੋਂ ਬਾਹਰ ਦੇ ਦਾਨੀ ਸੱਜਣ ਹਮੇਸ਼ਾ ਸਕੂਲ ਦੀ ਜਿੱਥੇ ਸਹਾਇਤਾ ਲਈ ਤਿਆਰ ਰਹਿੰਦੇ ਹਨ ਉਥੇ ਆਪਣੇ ਕਈ ਸਮਾਗਮ ਇੰਨਾ ਬੱਚਿਆਂ ਨਾਲ ਆ ਕੇ ਮਨਾਉਂਦੇ ਹਨ ਉਨਾਂ ਦੱਸਿਆ ਕਿ ਉਨਾਂ ਡੀ ਕਮੇਟੀ ਵਿੱਚ ਚੇਅਰਮੈਨ ਮਨਿੰਦਰ ਜੀਤ ਸਿੰਘ ਹੈਪੀ ਨਾਗਰਾ, ਅਸ਼ਵਨੀ ਖੰਨਾ ਵਾਈਸ ਚੇਅਰਮੈਨ ਤੇ ਜਨਰਲ ਸਕੱਤਰ ਡਾਕਟਰ ਜਸਬੀਰ ਸਿੰਘ ਜੱਸੀ ਸੈਣੀ ਹਨ ਅਤਰ ਸਿੰਘ ਹੋਰਾਂ ਨੇ ਦੱਸਿਆ ਕਿ ਉਨਾਂ ਦੇ ਸਕੂਲ ਨੂੰ ਸੀ ਡਬਲਿਊ ਸੀ ਕਮੇਟੀ ਹੁਸ਼ਿਆਰਪੁਰ ਸਮੇ ਸਮੈ ਤੇ ਚੈੱਕ ਕਰਦੀ ਰਹਿੰਦੀ







ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ
Coming Soon!
Fresno California
ਵਿਚ ਖੁੱਲ੍ਹਾ ਰਿਹਾ ਨਵਾਂ ਦਫ਼ਤਰ
ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ
• ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ • BIA ਅਪੀਲ
• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
Law office of Anthony Nwosu
239 West Yosemite Ave Manteca CA 95336
ਸਾਡਾ ਆਫ਼ਿਸ਼ Oakland ਅਤੇ Sacramento ਵਿਚ ਵੀ ਹੈ।
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ
ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
209-481-7750
510-472-0608
PH. : 209-624-3919
ਸ੍ਰ. ਹਰਮਿੰਦਰ ਸਿੰਘ ਸਮਾਣਾ
ਆਫ਼ਿਸ ਮੈਨੇਜਰ
Anthony Nwosu
Attorney at Law

# ਕੇਂਦਰ ਨੇ ਪੰਜਾਬ ਦੇ ਸ਼ਹੀਦਾਂ ਦਾ ਮਜ਼ਾਕ ਉਡਾਇਆ: ਭਗਵੰਤ ਮਾਨ

ਲੁਧਿਆਣਾ : ਇੱਥੋਂ ਦੀ ਪੰਜਾਬ ਖੇਤਾਬਾੜੀ ਯੂਨੀਵਰਸਿਟੀ (ਪੀਏਯੂ) ਵਿੱਚ ਕਰਵਾਏ ਗਏ ਗਣਤੰਤਰ ਦਿਵਸ ਸਮਾਗਮ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੌਮੀ ਝੰਡਾ ਲਹਿਰਾਇਆ। ਇਸ ਦੌਰਾਨ ਭਗਵੰਤ ਮਾਨ ਨੇ ਕਿਹਾ ਕਿ ਬਹੁਤ ਹੈਰਾਨੀ ਦੀ ਗੱਲ ਹੈ ਕਿ ਕੌਮੀ ਦਿਵਸ ਪੰਜਾਬ ਦੇ ਬਿਨਾਂ ਕਿਵੇਂ ਮਨਾਏ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਪਰੇਡ ’ਚੋਂ ਪੰਜਾਬ ਦੀ ਝਾਕੀ ਜਾਣਬੁੱਝ ਕੇ ਬਾਹਰ ਕੀਤੀ ਹੈ ਉਨ੍ਹਾਂ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਇਸ ਝਾਕੀ ’ਚ ਗ਼ਲਤ ਕੀ ਸੀ। ਪੰਜਾਬ ਸਰਕਾਰ ਵੱਲੋਂ ਤਿਆਰ ਕੀਤੀ ਝਾਕੀ ਵਿੱਚ ਸੂਬੇ ਦੇ ਹਰ ਵਰਗ ਤੇ ਵਿਰਾਸਤ ਦੀ ਮੂਰਤੀ ਵਿਰਾਜਮਾਨ ਸੀ। ਕੇਂਦਰ ਨੇ ਪੰਜਾਬੀਆਂ ਦੇ ਬਲੀਦਾਨਾਂ ਦਾ ਮਜ਼ਾਕ ਉਡਾਇਆ ਹੈ, ਜਿਸ ਨੂੰ ਕਿਸੇ ਕੀਮਤ ’ਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਕੇਂਦਰ ਸਰਕਾਰ ਨੇ ਸੂਬੇ ਦੀ ਝਾਕੀ ਰੱਦ ਕਰ ਕੇ ਮਾਈ ਭਾਗੋ, ਗ਼ਦਰੀ ਬਾਬਿਆਂ, ਭਗਤ ਸਿੰਘ, ਰਾਜਗੁਰੂ, ਸੁਖਦੇਵ, ਲਾਲਾ ਲਾਜਪਤ ਰਾਏ, ਊਧਮ ਸਿੰਘ, ਕਰਤਾਰ ਸਿੰਘ ਤੇ ਹੋਰ ਸ਼ਹੀਦਾਂ ਦਾ ਅਪਮਾਨ ਕੀਤਾ ਹੈ।



ਉਨ੍ਹਾਂ ਕਿਹਾ ਕਿ ਦੇਸ਼ ਦੀ ਆਜ਼ਾਦੀ, ਏਕਤਾ ਅਤੇ ਅਖੰਡਤਾ ’ਚ ਪੰਜਾਬ ਨੇ ਸਭ ਤੋਂ ਵੱਧ ਯੋਗਦਾਨ ਪਾਇਆ ਹੈ। ਪੰਜਾਬੀਆਂ ਨੇ ਦੇਸ਼ ਖ਼ਾਤਰ ਬਹੁਤ ਬਲੀਦਾਨ ਦਿੱਤੇ ਹਨ ਜਿਸ ਕਰ ਕੇ ਗਣਤੰਤਰ ਦਿਵਸ ਪੰਜਾਬ ਲਈ ਵਿਸ਼ੇਸ਼ ਮਹੱਤਵ ਰੱਖਦਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਵੀ 26 ਜਨਵਰੀ ਦਾ ਦਿਨ ਲੰਘਦਾ ਸੀ ਪਰ ਕਿਸੇ ਨੂੰ ਕੌਮੀ ਝੰਡਾ ਲਹਿਰਾਉਣ ਦੀ ਇਜਾਜ਼ਤ ਨਹੀਂ ਸੀ। ਹੁਣ ਸਾਨੂੰ ਇਹ ਦਿਵਸ ਮਨਾਉਣ ਦਾ ਹੱਕ ਹੈ ਪਰ ਬਹੁਤ ਦੁੱਖ ਦੀ ਗੱਲ ਹੈ ਕਿ ਸੂਬੇ ਦੀ ਝਾਕੀ ਨੂੰ ਗਣਤੰਤਰ ਦਿਵਸ ਦੀ ਪਰੇਡ ’ਚ ਜਾਣਬੁੱਝ ਕੇ ਸ਼ਾਮਲ ਨਹੀਂ ਕੀਤਾ ਗਿਆ। ਮੁੱਖ ਮੰਤਰੀ ਮਾਨ ਨੇ ਕਿਹਾ ਕਿ ਉਹ ਅਗਲੀਆਂ ਚੋਣਾਂ ਲਈ ਨਹੀਂ ਬਲਕਿ ਅਗਲੀਆਂ ਪੀੜ੍ਹੀਆਂ ਲਈ ਕੰਮ ਕਰ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਭਾਰਤੀ ਹਵਾਈ ਸੈਨਾ ਦੇ ਹਲਵਾਰਾ ਲੁਧਿਆਣਾ ’ਚ ਬਣਨ ਜਾ ਰਹੇ ਕੌਮਾਂਤਰੀ ਹਵਾਈ ਅੱਡੇ ਦਾ ਨਾਮ ਕਰਤਾਰ ਸਿੰਘ ਸਰਾਭਾ ਕੌਮਾਂਤਰੀ ਹਵਾਈ ਅੱਡਾ ਰੱਖਣ ਦਾ ਫ਼ੈਸਲਾ ਲਿਆ ਹੈ। ਸੂਬਾ ਸਰਕਾਰ ਦੀਆਂ ਕੋਸ਼ਿਸ਼ਾਂ ਸਦਕਾ ਮੁਹਾਲੀ ਹਵਾਈ ਅੱਡੇ ਦਾ ਨਾਮ ਪਹਿਲਾਂ ਹੀ ਸ਼ਹੀਦ ਭਗਤ ਸਿੰਘ ਦੇ ਨਾਮ ’ਤੇ ਰੱਖਿਆ ਗਿਆ ਹੈ। ਇਹ ਸਰਕਾਰ ਦੀ ਸ਼ਹੀਦਾਂ ਨੂੰ ਨਿੱਕੀ ਜਿਹੀ ਸ਼ਰਧਾਂਜਲੀ ਹੋਵੇਗੀ।

ਭਗਵੰਤ ਮਾਨ ਨੇ ਕਿਹਾ ਕਿ ਲੋਕਾਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਸੂਬਾ ਸਰਕਾਰ ਨੇ ਆਮ ਆਦਮੀ ਕਲੀਨਿਕ ਸਥਾਪਿਤ ਕੀਤੇ ਹਨ। ਇਨ੍ਹਾਂ ਕਲੀਨਿਕਾਂ ’ਚ ਹੁਣ ਤੱਕ 97 ਲੱਖ ਦੇ ਕਰੀਬ ਲੋਕ ਮੁਫ਼ਤ ਸਿਹਤ ਸਹੂਲਤਾਂ ਦਾ ਲਾਭ ਲੈ ਚੁੱਕੇ ਹਨ। ਸਿੱਖਿਆ ’ਚ ਵੀ ਪੰਜਾਬ ਸਰਕਾਰ ਪੂਰਾ ਕੰਮ ਕਰ ਰਹੀ ਹੈ। ਸਕੂਲ ਆਫ ਐਮੀਨੈਂਸ ਸਥਾਪਤ ਕੀਤੇ ਹਨ ਤੇ ਪਹਿਲੇ ਸਾਲ ’ਚ 8358 ਵਿਦਿਆਰਥੀ ਦਾਖ਼ਲ ਹੋਏ ਹਨ। ਸ੍ਰੀ ਮਾਨ ਨੇ ਕਿਹਾ ਕਿ ਸਕੂਲਾਂ ਦੇ ਬੁਨਿਆਦੀ ਢਾਂਚੇ ਤੇ ਖੇਡਾਂ ਦੀਆਂ ਸਹੂਲਤਾਂ ਦੇ ਵਿਕਾਸ ਲਈ 200 ਕਰੋੜ ਰੁਪਏ ਰੱਖੇ ਗਏ ਹਨ। ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਮੁਫ਼ਤ ਵਰਦੀਆਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।

# ਮੁੱਖ ਮੰਤਰੀ ਵੱਲੋਂ ‘ਸੜਕ ਸੁਰੱਖਿਆ ਫੋਰਸ’ ਦੀ ਸ਼ੁਰੂਆਤ

## ਲੋਕਾਂ ਦੀਆਂ ਕੀਮਤੀ ਜਾਨਾਂ ਬਚਾਏਗੀ ਸੁਰੱਖਿਆ ਫੋਰਸ: ਭਗਵੰਤ ਮਾਨ

ਜਲੰਧਰ : ਸੂਬੇ ਵਿੱਚ ਹਰ ਸਾਲ ਸੜਕ ਹਾਦਸਿਆਂ ’ਚ ਜਾਨ ਵਾਲੀਆਂ ਤਕਰੀਬਨ ਤਿੰਨ ਹਜ਼ਾਰ ਮਨੁੱਖੀ ਜਾਨਾਂ ਬਚਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਦੇਸ਼ ਦੀ ਪਹਿਲੀ ‘ਸੜਕ ਸੁਰੱਖਿਆ ਫੋਰਸ’ ਦੇ 129 ਹਾਈ-ਟੈੱਕ ਵਾਹਨਾਂ ਨੂੰ ਝੰਡੀ ਵਿਖਾ ਕੇ ਰਵਾਨਾ ਕੀਤਾ। ਇੱਥੋਂ ਦੇ ਪੀਏਪੀ ਗਰਾਊਂਡ ’ਚ ਇਸ ਫੋਰਸ ਦੀ ਸ਼ੁਰੂਆਤ ਕਰਨ ਲਈ ਰੱਖੇ ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਲਈ ਇਹ ਇਤਿਹਾਸਕ ਪਲ ਹਨ ਕਿਉਂਕਿ ਲੋਕਾਂ ਦੀ ਸੁਰੱਖਿਆ ਨੂੰ ਸਮਰਪਿਤ ਫੋਰਸ ਦੀ ਸ਼ੁਰੂਆਤ ਕਰਨ ਵਾਲਾ ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ ਜਿਸ ਨਾਲ ਲੋਕਾਂ ਦੀ ਜਾਨ ਬਚਾਈ ਜਾ ਸਕੇਗੀ। ਉਨ੍ਹਾਂ ਕਿਹਾ ਕਿ ਇਸ ਫੋਰਸ ਦੇ ਗਠਨ ਅਤੇ ਉਸ ਤੋਂ ਬਾਅਦ ਲੋਕਾਂ ਨੂੰ ਸਮਰਪਿਤ ਕਰਨ ਵਿੱਚ ਸਾਰੇ ਅਧਿਕਾਰੀਆਂ ਨੇ ਅਹਿਮ ਰੋਲ ਅਦਾ ਕੀਤਾ ਹੈ। ਉਨ੍ਹਾਂ ਉਮੀਦ ਜ਼ਾਹਿਰ ਕੀਤੀ ਕਿ ਇਹ ਫੋਰਸ ਲੋਕਾਂ ਦੀਆਂ ਕੀਮਤੀ ਜਾਨਾਂ ਬਚਾਉਣ ਅਤੇ ਆਵਾਜਾਈ ਸੁਚਾਰੂ ਬਣਾਉਣ ਵਿੱਚ ਬਹੁਤ ਵੱਡਾ ਰੋਲ ਅਦਾ ਕਰੇਗੀ।





ਮੁੱਖ ਮੰਤਰੀ ਨੇ ਕਿਹਾ ਕਿ ਇਸ ਫੋਰਸ ਦੇ ਗਠਨ ਨਾਲ ਪੁਲੀਸ ਦੇ ਜਵਾਨ ਆਪਣੀ ਡਿਊਟੀ ਹੋਰ ਵੀ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਅ ਸਕਣਗੇ। ਉਨ੍ਹਾਂ ਕਿਹਾ ਕਿ ਜਿਹੜੇ ਵਾਹਨ ਇਸ ਫੋਰਸ ਨੂੰ ਦਿੱਤੇ ਗਏ ਹਨ, ਉਹ ਦੁਨੀਆ ਭਰ ਦੇ ਸਭ ਤੋਂ ਵਧੀਆ ਵਾਹਨਾਂ ਵਿੱਚੋਂ ਇੱਕ ਹਨ। ਉਨ੍ਹਾਂ ਕਿਹਾ ਕਿ ਐੱਸਐੱਸਐੱਫ ਆਮ ਵਿਅਕਤੀ ਦੀ ਜਾਨ ਬਚਾਉਣ ਲਈ ਅਹਿਮ ਭੂਮਿਕਾ ਨਿਭਾਏਗੀ ਅਤੇ ਹੁਣ ਤੋਂ ਐੱਸਐੱਸਐੱਫ ਦੇ ਕੰਮਕਾਜ ਦੀ ਪੜਚੋਲ ਕਰਨ ਲਈ ਹਰ ਮਹੀਨੇ ਦੇ ਅੰਕੜਿਆਂ ਦਾ ਅਧਿਐਨ ਕੀਤਾ ਜਾਵੇਗਾ ਤੇ ਹਰ ਮਹੀਨੇ ਬਾਅਦ ਅੰਕੜੇ ਲੋਕਾਂ ਨਾਲ ਸਾਂਝੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਡਰਾਈਵਿੰਗ ਲਾਇਸੈਂਸਾਂ ਲਈ ਵੀ ਪੁਆਇੰਟਾਂ ਦੀ ਵਿਵਸਥਾ ਕੀਤੀ ਜਾਵੇਗੀ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਵਾਰ-ਵਾਰ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਉਨ੍ਹਾਂ ਦੇ ਡਰਾਈਵਿੰਗ ਲਾਇਸੈਂਸ ਰੱਦ ਕਰਕੇ ਸਜ਼ਾ ਦਿੱਤੀ ਜਾ ਸਕੇ। ਉਨ੍ਹਾਂ ਕਿਹਾ ਕਿ ਇਹ ਸਮੇਂ ਦੀ ਲੋੜ ਹੈ ਕਿ ਟਰੈਫਿਕ ਨਿਯਮਾਂ ਦੀ ਪਾਲਣਾ ਕਰਨ ਦੇ ਨਾਲ ਵਾਹਨਾਂ ਦੀ ਆਵਾਜਾਈ ਨੂੰ ਸੁਚਾਰੂ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਮਾਣ ਤੇ ਤਸੱਲੀ ਵਾਲੀ ਗੱਲ ਹੈ ਕਿ ਵੱਡੀ ਗਿਣਤੀ ਲੜਕੀਆਂ ਪੁਲੀਸ ਫੋਰਸ ਵਿੱਚ ਸ਼ਾਮਲ ਹੋ ਰਹੀਆਂ ਹਨ ਅਤੇ ਐੱਸਐੱਸਐੱਫ ਦੇ ਵਾਹਨਾਂ ਦੇ 90 ਡਰਾਈਵਰ ਵੀ ਲੜਕੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ 5500 ਕਿਲੋਮੀਟਰ ਰਾਜ ਅਤੇ ਰਾਸ਼ਟਰੀ ਮਾਰਗਾਂ ਨੂੰ ਕਵਰ ਕਰਨ ਲਈ ਸੜਕ ਸੁਰੱਖਿਆ ਯੋਜਨਾ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਕਿ 65 ਫੀਸਦ ਮੌਤਾਂ ਰਾਸ਼ਟਰੀ ਅਤੇ ਰਾਜ ਮਾਰਗਾਂ ’ਤੇ ਵਾਪਰਦੇ ਹਾਦਸਿਆਂ ’ਚ ਹੁੰਦੀਆਂ ਹਨ। ਇਸ ਮੌਕੇ ਪੁਲੀਸ ਦੇ ਡਾਇਰੈਕਟਰ ਜਨਰਲ ਗੌਰਵ ਯਾਦਵ, ਗ੍ਰਹਿ ਸਕੱਤਰ ਗੁਰਕੀਰਤ ਕ੍ਰਿਪਾਲ ਸਿੰਘ, ਪੁਲੀਸ ਦੇ ਵਧੀਕ ਡਾਇਰੈਕਟਰ ਜਨਰਲ ਐੱਮਐੱਫ ਫਾਰੂਕੀ ਅਤੇ ਏਐੱਸ ਰਾਏ ਵੀ ਮੌਜੂਦ ਸਨ।

# ਭਗਵੰਤ ਮਾਨ ਨੇ ਸ਼ਹੀਦ ਅਗਨੀਵੀਰ ਦੇ ਪਰਿਵਾਰ ਨਾਲ ਦੁੱਖ ਵੰਡਾਇਆ

ਮੰਡੀ ਅਹਿਮਦਗੜ੍ਹ : ਸ਼ਹੀਦ ਅਗਨੀਵੀਰ ਅਜੈ ਸਿੰਘ ਦੇ ਮਾਪਿਆਂ ਤੇ ਭੈਣਾਂ ਨਾਲ ਦੁੱਖ ਸਾਂਝਾ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅੱਜ ਪਿੰਡ ਰਾਮਗੜ੍ਹ ਸਰਦਾਰਾਂ ਵਿਖੇ ਪਹੁੰਚੇ। ਇਸ ਮੌਕੇ ਉਨ੍ਹਾਂ ਪਰਿਵਾਰ ਵੱਲੋਂ ਕੀਤੀਆਂ ਗਈਆਂ ਲਗਪਗ ਸਾਰੀਆਂ ਹੀ ਮੰਗਾਂ ਪ੍ਰਵਾਨ ਕਰਨ ਦਾ ਭਰੋਸਾ ਦਿੱਤਾ।

ਜ਼ਿਕਰਯੋਗ ਹੈ ਕਿ ਛੇ ਭੈਣਾਂ ਦਾ ਇਕਲੌਤਾ ਭਰਾ ਅਗਨੀਵੀਰ ਅਜੈ ਸਿੰਘ ਬੀਤੇ ਵੀਰਵਾਰ ਜੰਮੂ ਕਸ਼ਮੀਰ ਦੇ ਜ਼ਿਲ੍ਹਾ ਰਾਜੌਰੀ ਵਿਚ ਨੌਸ਼ਹਿਰਾ ਸੈਕਟਰ ਵਿੱਚ ਗਸ਼ਤ ਦੌਰਾਨ ਬਾਰੂਦੀ ਸੁਰੰਗ ਫਟਣ ਕਾਰਨ ਸ਼ਹੀਦ ਹੋ ਗਿਆ ਸੀ। ਉਸ ਦੇ ਪਿਤਾ ਚਰਨਜੀਤ ਸਿੰਘ ਅਤੇ ਮਾਤਾ ਮਨਜੀਤ ਕੌਰ ਨੂੰ ਇੱਕ ਕਰੋੜ ਰੁਪਏ ਦਾ ਚੈੱਕ ਭੇਟ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਉਨ੍ਹਾਂ ਪਰਿਵਾਰਾਂ ਨਾਲ ਹਮੇਸ਼ਾ ਖੜ੍ਹੀ ਹੈ ਜਿਨ੍ਹਾਂ ਆਪਣੇ ਬੱਚਿਆਂ ਨੂੰ ਦੇਸ਼ ਦੀ ਰੱਖਿਆ ਲਈ ਭੇਜਿਆ ਹੈ।

ਅਜੈ ਸਿੰਘ ਦੀ ਕੁਰਬਾਨੀ ਨੂੰ ਲਾਮਿਸਾਲ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕੋਈ ਵੀ ਸਰਕਾਰ ਜਾਂ ਵਿਅਕਤੀ ਇਸ ਕੁਰਬਾਨੀ ਦਾ ਮੁੱਲ ਨਹੀਂ ਮੋੜ ਸਕਦਾ ਪਰ ਵਿੱਤੀ ਸਹਾਇਤਾ ਇਸ ਮੰਤਵ ਨਾਲ ਕੀਤੀ ਜਾ ਰਹੀ ਹੈ ਤਾਂ ਕਿ ਕਬੀਲਦਾਰੀ ਆਸਾਨੀ ਨਾਲ ਚੱਲ ਸਕੇ। ਪਰਿਵਾਰ ਦੀ ਇੱਕ ਮੈਂਬਰ ਅੰਜਲੀ ਦੇਵੀ ਨੂੰ ਨੌਕਰੀ ਦੇਣ ਦੇ ਸਬੰਧ ਵਿੱਚ ਮੁੱਖ ਮੰਤਰੀ ਨੇ ਭਰੋਸਾ ਦਿੱਤਾ ਕਿ ਬੀਏ ਪੂਰੀ ਹੋਣ ’ਤੇ ਉਸ ਨੂੰ ਸਰਕਾਰੀ ਨੌਕਰੀ ਜ਼ਰੂਰ ਦਿੱਤੀ ਜਾਵੇਗੀ। ਸ਼ਹੀਦ ਦੀ ਯਾਦ ਵਿੱਚ ਸਰਕਾਰੀ ਸਕੂਲ ਨੂੰ ਅਪਗ੍ਰੇਡ ਕਰਨ ਸਮੇਤ ਪਿੰਡ ਵਿੱਚ ਉਸ ਦੇ ਨਾਂ ’ਤੇ ਸਟੇਡੀਅਮ ਉਸਾਰ ਕੇ ਬੁੱਤ ਲਗਾਉਣ ਦੀ ਮੰਗ ਨੂੰ ਲੋਕ ਹਿਤ ਵਿੱਚ ਜਾਇਜ਼ ਦੱਸਦਿਆਂ ਸ੍ਰੀ ਮਾਨ ਨੇ ਪਰਿਵਾਰ ਵੱਲੋਂ ਕੀਤੀਆਂ ਗਈਆਂ ਲਗਪਗ ਸਾਰੀਆਂ ਹੀ ਮੰਗਾਂ ਨੂੰ ਮੰਨਣ ਦਾ ਭਰੋਸਾ ਦਿੱਤਾ। ਦੱਸਣਯੋਗ ਹੈ ਕਿ ਸ਼ਹੀਦ ਅਜੈ ਸਿੰਘ ਰਾਮਗੜ੍ਹ ਸਰਦਾਰਾਂ ਦੇ ਮਜ਼ਦੂਰ ਪਰਿਵਾਰ ਦਾ ਇਕਲੌਤਾ ਪੁੱਤਰ ਤੇ ਛੇ ਭੈਣਾਂ ਦਾ ਭਰਾ ਸੀ।



# ਕੇਂਦਰ ਨੇ ਪੰਜਾਬ ਦੇ ਸ਼ਹੀਦਾਂ ਦਾ ਅਪਮਾਨ ਕੀਤਾ: ਰਿੰਕੂ



ਜਲੰਧਰ : ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਨੇ ਕਿਹਾ ਕਿ ਗਣਤੰਤਰ ਦਿਵਸ ਦੀ ਪਰੇਡ ਵਿੱਚ ਪੰਜਾਬ ਦੀ ਝਾਕੀ ਨੂੰ ਸ਼ਾਮਲ ਨਾ ਕਰ ਕੇ ਕੇਂਦਰ ਸਰਕਾਰ ਨੇ ਪੰਜਾਬ ਦੇ ਲੋਕਾਂ ਖਾਸ ਕਰ ਕੇ ਆਜ਼ਾਦੀ ਸੰਗਰਾਮ ਵਿੱਚ ਜਾਨਾਂ ਵਾਰਨ ਵਾਲੇ ਸਾਡੇ ਮਹਾਨ ਨਾਇਕਾਂ ਦਾ ਅਪਮਾਨ ਕੀਤਾ ਹੈ। ਉਨ੍ਹਾਂ ਅੱਜ ਸਥਾਨਕ ਨਕੋਦਰ ਚੌਕ ਵਿੱਚ ਪੰਜਾਬ ਦੀ ਝਾਕੀ ਦਾ ਸਵਾਗਤ ਕੀਤਾ, ਉਹ ਜਲੰਧਰ ਸ਼ਹਿਰ ਵਿੱਚ ਦਾਖ਼ਲ ਹੋਣ 'ਤੇ ਝਾਕੀਆਂ 'ਤੇ ਫੁੱਲਾਂ ਦੀ ਵਰਖਾ ਕਰ ਕੇ ਸਵਾਗਤ ਕੀਤਾ। ਲੋਕ ਸਭਾ ਮੈਂਬਰ ਨੇ ਕਿਹਾ ਕਿ ਪੰਜਾਬ ਦੇ ਗੌਰਵਮਈ ਇਤਿਹਾਸ ਅਤੇ ਅਮੀਰ ਵਿਰਸੇ ਦੀ ਝਲਕ ਇਨ੍ਹਾਂ ਝਾਕੀਆਂ ਵਿੱਚ ਦੇਖੀ ਜਾ ਸਕਦੀ ਹੈ, ਜਿਸ ਨੂੰ ਇਸ ਕੌਮੀ ਪੱਧਰ ਦੇ ਸਮਾਗਮ ਵਿੱਚ ਹਰ ਹਾਲਤ ਵਿੱਚ ਥਾਂ ਮਿਲਣੀ ਚਾਹੀਦੀ ਸੀ। ਸ੍ਰੀ ਰਿੰਕੂ ਨੇ ਕਿਹਾ ਕਿ ਦੇਸ਼ ਦੀ ਤਰੱਕੀ ਵਿੱਚ ਪੰਜਾਬ ਨੇ ਸਭ ਤੋਂ ਵੱਧ ਯੋਗਦਾਨ ਪਾਇਆ ਹੈ ਅਤੇ ਆਜ਼ਾਦੀ ਦੇ ਸੰਘਰਸ਼ ਵਿੱਚ ਪੰਜਾਬੀਆਂ ਦੀਆਂ ਕੁਰਬਾਨੀਆਂ ਦੇਸ਼ ਭਰ ਵਿੱਚ ਸਭ ਤੋਂ ਵੱਧ ਰਹੀਆਂ ਹਨ, ਪਰ ਭਾਜਪਾ ਨੇ ਇਸ ਨੂੰ ਅਣਗੌਲਿਆਂ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਪੰਜਾਬੀਆਂ ਦਾ ਹੀ ਨਹੀਂ ਸਗੋਂ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿੱਚ ਸ਼ਾਮਲ ਸਾਰੇ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਵੀ ਅਪਮਾਨ ਹੈ। ਸ੍ਰੀ ਰਿੰਕੂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਨੇ ਪੰਜਾਬ ਦੀਆਂ ਇਨ੍ਹਾਂ ਝਾਕੀਆਂ ਨੂੰ ਸੂਬੇ ਦੇ ਵੱਖ-ਵੱਖ ਹਿੱਸਿਆਂ ਵਿੱਚ ਦਿਖਾਉਣ ਦਾ ਫ਼ੈਸਲਾ ਕੀਤਾ ਹੈ।

# ਪੰਜਾਬ ਦੇ ਅਸਲ ਮੁੱਦਿਆਂ ਦੀ ਗੱਲਬਾਤ ਕਰਨ ਵਾਲਾ ਹਰ ਸ਼ਖ਼ਸ ਮੁੱਖ ਮੰਤਰੀ ਮਾਨ ਨੂੰ ਲੱਗਦਾ ਹੈ ਅਪਰਾਧੀ : ਖਹਿਰਾ



ਫ਼ਾਜ਼ਿਲਕਾ : ਅਸੂਲਾਂ ਦੇ ਵਾਸਤੇ ਪਾ ਕੇ ਸੱਤਾ 'ਤੇ ਕਾਬਜ਼ ਹੋਈ ਆਮ ਆਦਮੀ ਪਾਰਟੀ ਅਤੇ ਉਸ ਦਾ ਮੁੱਖ ਮੰਤਰੀ ਭਗਵੰਤ ਮਾਨ ਖ਼ੁਦ ਆਪਣੇ ਅਸੂਲਾਂ ਤੋਂ ਭਗੌੜਾ ਹੋ ਗਿਆ ਹੈ ਅਤੇ ਪੰਜਾਬ ਦੇ ਅਸਲ ਮੁੱਦਿਆਂ ਨੂੰ ਅੱਖੋਂ ਪਰੋਖੇ ਕਰਕੇ ਕਿੜ ਕੱਢੂ ਸਿਆਸਤ 'ਤੇ ਉਤਰ ਆਇਆ ਹੈ। ਪਰ ਪੰਜਾਬ ਦੇ ਅਸਲ ਮੁੱਦਿਆਂ ਨੂੰ ਖੁੱਡੇ ਲਾਈਨ ਲਾਉਣ ਵਾਲੀ 'ਆਪ' ਸਰਕਾਰ ਨੂੰ ਪੰਜਾਬ ਦੀ ਜਨਤਾ ਵੀ ਸਬਕ ਸਿਖਾਉਣ ਲਈ ਪੂਰੀ ਉਤਾਵਲੀ ਬੈਠੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸੀਨੀਅਰ ਕਾਂਗਰਸੀ ਆਗੂ ਤੇ ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਅੱਜ ਫ਼ਾਜ਼ਿਲਕਾ ਦੀ ਜ਼ਿਲ੍ਹਾ ਕਚਹਿਰੀ ਵਿਚ ਗੱਲਬਾਤ ਕਰਦਿਆਂ ਕੀਤਾ। ਉਹ ਇਸ ਮੌਕੇ ਅਦਾਲਤ ਵਿਚ ਚਲਾਨ ਦੀ ਕਾਪੀ ਪ੍ਰਾਪਤ ਕਰਨ ਲਈ ਪੁੱਜੇ ਹੋਏ ਸਨ। ਇਸ ਮੌਕੇ ਉਨ੍ਹਾਂ ਨਾਲ ਪੰਜਾਬ ਟਿਊਬਵੈੱਲ ਕਾਰਪੋਰੇਸ਼ਨ ਦੇ ਸਾਬਕਾ ਚੇਅਰਮੈਨ ਅਤੇ ਸਾਬਕਾ ਵਿਧਾਇਕ ਡਾ. ਮਹਿੰਦਰ ਕੁਮਾਰ ਰਿਣਵਾ ਵੀ ਹਾਜ਼ਰ ਸਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਅਸਲ ਮੁੱਦੇ ਜੱਗ ਜ਼ਾਹਰ ਕਰਨ ਵਾਲਿਆਂ ਨੂੰ ਮੁੱਖ ਮੰਤਰੀ ਭਗਵੰਤ ਮਾਨ ਆਪਣੇ ਦੁਸ਼ਮਣ ਸਮਝ ਕੇ ਉਨ੍ਹਾਂ ਨੂੰ ਖੁੰਝੇ ਲਾਉਣ ਵਿਚ ਲੱਗਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਅੱਜ ਭਾਨਾ ਸਿੱਧੂ ਦੇ ਜੱਦੀ ਪਿੰਡ ਕੋਟਦੂਨਾਂ ਦਾ ਇਕੱਠ ਇਹ ਸਾਬਤ ਕਰੇਗਾ ਕਿ ਵਾਕਿਆ ਹੀ ਪੰਜਾਬ ਦਾ ਮੁੱਖ ਮੰਤਰੀ ਪੰਜਾਬ ਹਿਤੈਸ਼ੀ ਨਹੀਂ।

ਖਹਿਰਾ ਫ਼ਾਜ਼ਿਲਕਾ ਦੀ ਜ਼ਿਲ੍ਹਾ ਅਦਾਲਤ 'ਚ ਪੇਸ਼ ਡਰੱਗ ਮਾਮਲੇ ਦਾ ਸਾਹਮਣਾ ਕਰ ਰਹੇ ਸੁਖਪਾਲ ਸਿੰਘ ਖਹਿਰਾ ਅੱਜ ਜ਼ਿਲ੍ਹਾ ਅਦਾਲਤ ਵਿਚ ਪੇਸ਼ ਹੋਏ, ਜਿੱਥੇ ਉਨ੍ਹਾਂ ਨੂੰ ਅਦਾਲਤ ਵਲੋਂ ਚਲਾਨ ਦੀ ਕਾਪੀ ਸੌਂਪੀ ਗਈ। ਇਸ ਤੋਂ ਬਾਅਦ ਉਨ੍ਹਾਂ ਕਿਹਾ ਕਿ ਮੈਨੂੰ ਦੇਸ਼ ਦੀ ਨਿਆਂਪਾਲਿਕਾ 'ਤੇ ਪੂਰਾ ਵਿਸ਼ਵਾਸ ਹੈ। ਇਸ ਮੌਕੇ ਖਹਿਰਾ ਦੇ ਐਡਵੋਕੇਟ ਸੰਜੀਵ ਕੰਬੋਜ ਨੇ ਦੱਸਿਆ ਕਿ ਪੁਲਿਸ ਨੇ ਉਨ੍ਹਾਂ ਦੇ ਮੁਵੱਕਲ ਦੀ ਗੈਰ ਹਾਜ਼ਰੀ ਵਿਚ ਚਲਾਨ ਪੇਸ਼ ਕੀਤਾ ਸੀ, ਜਿਸ ਨੂੰ ਲੈ ਕੇ ਅਦਾਲਤ ਵਲੋਂ ਖਹਿਰਾ ਨੂੰ ਸੰਮਨ ਜਾਰੀ ਕੀਤਾ ਗਿਆ ਸੀ, ਜਿਸ ਕਾਰਨ ਅੱਜ ਉਹ ਜ਼ਿਲ੍ਹਾ ਅਦਾਲਤ ਵਿਚ ਪੁੱਜੇ ਹਨ, ਜਿਨ੍ਹਾਂ ਨੂੰ ਤਕਰੀਬਨ 2 ਹਜ਼ਾਰ ਪੰਨਿਆਂ ਵਾਲੀ ਚਲਾਨ ਦੀ ਕਾਪੀ ਦਿੱਤੀ ਗਈ ਹੈ, ਜਿਸ ਨੂੰ ਪੜ੍ਹ ਕੇ ਉਹ ਅਗਲੀ ਰਣਨੀਤੀ ਤਿਆਰ ਕਰਨਗੇ, ਇਸ ਮਾਮਲੇ ਦੀ ਅਗਲੀ ਤਰੀਕ 31 ਜਨਵਰੀ ਪਾਈ ਗਈ ਹੈ। ਇਸ ਮੌਕੇ ਉਨ੍ਹਾਂ ਜ਼ਿਲ੍ਹਾ ਕਚਹਿਰੀਆਂ ਵਿਚ ਫ਼ਾਜ਼ਿਲਕਾ ਦੇ ਸੀਨੀਅਰ ਕਾਂਗਰਸੀ ਆਗੂਆਂ ਨਾਲ ਗੱਲਬਾਤ ਵੀ ਕੀਤੀ ਅਤੇ ਆਗਾਮੀ ਲੋਕ ਸਭਾ ਚੋਣਾਂ ਲਈ ਕਮਰਕੱਸੇ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਫ਼ਾਜ਼ਿਲਕਾ ਦੇ ਸਾਬਕਾ ਵਿਧਾਇਕ ਡਾ. ਮਹਿੰਦਰ ਕੁਮਾਰ ਰਿਣਵਾ, ਨਗਰ ਕੌਂਸਲ ਫ਼ਾਜ਼ਿਲਕਾ ਦੇ ਪ੍ਰਧਾਨ ਐਡਵੋਕੇਟ ਸੁਰਿੰਦਰ ਸਚਦੇਵਾ, ਕੌਂਸਲਰ ਅਮਨ ਦੁਰੇਜਾ, ਕੌਂਸਲਰ ਮਹਾਂਵੀਰ ਸਮੇਤ ਕਈ ਸੀਨੀਅਰ ਕਾਂਗਰਸੀ ਆਗੂ ਹਾਜ਼ਰ ਸਨ।

# ਰਾਜ ਸਭਾ ਦੀਆਂ 56 ਸੀਟਾਂ ਲਈ 27 ਫਰਵਰੀ ਨੂੰ ਹੋਣਗੀਆਂ ਚੋਣਾਂ

ਨਵੀਂ ਦਿੱਲੀ : ਚੋਣ ਕਮਿਸ਼ਨ ਨੇ ਰਾਜ ਸਭਾ ਦੀਆਂ 56 ਸੀਟਾਂ ਲਈ 27 ਫਰਵਰੀ ਨੂੰ ਚੋਣਾਂ ਕਰਵਾਉਣ ਦਾ ਐਲਾਨ ਕੀਤਾ ਹੈ। ਚੋਣ ਕਮਿਸ਼ਨ ਨੇ ਕਿਹਾ ਹੈ ਕਿ 15 ਸੂਬਿਆਂ ਤੋਂ ਰਾਜ ਸਭਾ ਦੇ 56 ਮੈਂਬਰਾਂ ਦਾ ਕਾਰਜਕਾਲ ਆਉਣ ਵਾਲੀ ਅਪ੍ਰੈਲ 'ਚ ਖ਼ਤਮ ਹੋ ਰਿਹਾ ਹੈ। ਕਮਿਸ਼ਨ ਨੇ ਇਨ੍ਹਾਂ ਸੀਟਾਂ ਲਈ ਚੋਣ ਪ੍ਰੋਗਰਾਮ ਦਾ ਸੋਮਵਾਰ ਨੂੰ ਐਲਾਨ ਕਰ ਦਿੱਤਾ। ਚੋਣਾਂ ਲਈ ਨੋਟੀਫਿਕੇਸ਼ਨ 8 ਫਰਵਰੀ ਨੂੰ ਜਾਰੀ ਕੀਤੀ ਜਾਵੇਗੀ। ਨਾਮਜ਼ਦਗੀ 15 ਫਰਵਰੀ ਤੱਕ ਦਾਇਰ ਕੀਤੀ ਜਾ ਸਕੇਗੀ। ਨਾਮਜ਼ਦਗੀ ਪੱਤਰਾਂ ਦੀ ਜਾਂਚ 16 ਫਰਵਰੀ ਨੂੰ ਕੀਤੀ ਜਾਵੇਗੀ ਅਤੇ ਨਾਂ ਵਾਪਸ ਲੈਣ ਦਾ ਆਖ਼ਰੀ ਦਿਨ 20 ਫਰਵਰੀ ਹੋਵੇਗਾ। ਕਮਿਸ਼ਨ ਅਨੁਸਾਰ ਵੋਟਿੰਗ 27 ਫਰਵਰੀ ਨੂੰ ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ ਹੋਵੇਗੀ। ਵੋਟਾਂ ਦੀ ਗਿਣਤੀ 27 ਫਰਵਰੀ ਨੂੰ ਹੀ ਸ਼ਾਮ 5 ਵਜੇ ਕੀਤੀ ਜਾਵੇਗੀ। ਸਾਰੀ ਚੋਣ ਪ੍ਰਕਿਰਿਆ 29 ਫਰਵਰੀ ਤੱਕ ਸੰਪੰਨ ਹੋਵੇਗੀ। ਕਮਿਸ਼ਨ ਨੇ ਕਿਹਾ ਹੈ ਕਿ ਉੱਤਰ ਪ੍ਰਦੇਸ਼ ਦੀਆਂ 10, ਬਿਹਾਰ ਅਤੇ ਮਹਾਰਾਸ਼ਟਰ ਦੀਆਂ 6-6, ਪੱਛਮੀ ਬੰਗਾਲ ਅਤੇ ਮੱਧ ਪ੍ਰਦੇਸ਼ ਦੀਆਂ 5-5, ਗੁਜਰਾਤ ਅਤੇ ਕਰਨਾਟਕ ਦੀਆਂ 4-4, ਆਂਧਰਾ ਪ੍ਰਦੇਸ਼, ਰਾਜਸਥਾਨ, ਤੇਲੰਗਾਨਾ ਅਤੇ ਓਡੀਸ਼ਾ ਦੀਆਂ 3-3, ਛੱਤੀਸਗੜ੍ਹ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਦੀ ਇਕ-ਇਕ ਸੀਟ ਲਈ ਚੋਣਾਂ ਹੋਣਗੀਆਂ।

# ਬੀਜੇਪੀ ਆਗੂ ਰੰਜੀਤ ਕਤਲ ਵਿੱਚ 15 ਮੁਸਲਮਾਨਾ ਨੂੰ ਸਜ਼ਾ-ਏ-ਮੌਤ





ਅਲਾਪੁਝਾ : ਕੇਰਲ ਦੀ ਇਕ ਅਦਾਲਤ ਨੇ ਦਸੰਬਰ 2021 'ਚ ਕੇਰਲ ਦੇ ਅਲਾਪੁਝਾ ਜ਼ਿਲ੍ਹੇ 'ਚ ਭਾਜਪਾ ਦੀ ਹੋਰ ਪਿਛੜੀ ਸ਼੍ਰੇਣੀ (ਓ. ਬੀ. ਸੀ.) ਸ਼ਾਖਾ ਦੇ ਆਗੂ ਰੰਜੀਤ ਸ਼੍ਰੀਨਿਵਾਸਨ ਕਤਲ ਮਾਮਲੇ 'ਚ ਪਾਬੰਦੀਸ਼ੁਦਾ ਇਸਲਾਮਿਕ ਸੰਗਠਨ ਪਾਪੂਲਰ ਫਰੰਟ ਆਫ ਇੰਡੀਆ (PFI) ਨਾਲ ਜੁੜੇ 15 ਮੁਸਲਮਾਨਾ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਵਧੀਕ ਜ਼ਿਲ੍ਹਾ ਜੱਜ ਮਾਵੇਲੀਕਾਰਾ ਵੀ.ਜੀ. ਸ਼੍ਰੀਦੇਵੀ ਨੇ ਦੋਸ਼ੀਆਂ ਨੂੰ ਸਜ਼ਾ ਸੁਣਾਈ। ਇਸਤਗਾਸਾ ਪੱਖ ਨੇ ਦੋਸ਼ੀਆਂ ਲਈ ਵੱਧ ਤੋਂ ਵੱਧ ਸਜ਼ਾ ਦੀ ਮੰਗ ਕਰਦੇ ਹੋਏ ਕਿਹਾ ਸੀ ਕਿ PFI ਦੇ ਇਹ ਮੈਂਬਰ ਇਕ 'ਸਿੱਖਿਅਤ ਕਤਲ ਦਸਤੇ' ਨਾਲ ਸਬੰਧਤ ਸਨ ਅਤੇ ਜਿਸ ਬੇਰਹਿਮੀ ਅਤੇ ਘਿਨਾਉਣੇ ਤਰੀਕੇ ਨਾਲ ਪੀੜਤ ਨੂੰ ਉਸਦੀ ਮਾਂ, ਬੱਚੇ ਅਤੇ ਪਤਨੀ ਦੇ ਸਾਹਮਣੇ ਮਾਰਿਆ ਗਿਆ ਸੀ, ਉਹ 'ਬਹੁਤ ਦੁਰਲੱਭ' ਅਪਰਾਧ ਦੀ ਸ਼੍ਰੇਣੀ ਦੇ ਦਾਇਰੇ ਵਿਚ ਆਉਂਦਾ ਹੈ। ਦੱਸਣਯੋਗ ਹੈ ਕਿ ਰੰਜੀਤ ਦਾ 19 ਦਸੰਬਰ 2021 ਨੂੰ ਉਨ੍ਹਾਂ ਦੇ ਘਰ ਅੰਦਰ ਦਾਖ਼ਲ ਹੋ ਕੇ ਪਰਿਵਾਰਕ ਮੈਂਬਰਾਂ ਸਾਹਮਣੇ ਹਥੌੜੇ ਨਾਲ ਵਾਰ ਕਰ ਕੇ ਕਤਲ ਕਰ ਦਿੱਤਾ ਗਿਆ ਸੀ। ਇਸ ਮਾਮਲੇ ਵਿਚ ਕੇਰਲ ਦੇ ਅਲਾਪੁਝਾ ਜ਼ਿਲ੍ਹੇ ਦੀ ਮਾਵੇਲੀਕਾਰਾ ਅਦਾਲਤ ਨੇ ਨਈਸਮ, ਮੁਹੰਮਦ ਅਸਲਮ, ਅਨੂਪ, ਅਜਮਲ, ਅਬਦੁੱਲ ਕਲਾਮ, ਸਫਰੂਦੀਨ, ਮਨਸ਼ਾਦ, ਜਸੀਬ ਰਾਜਾ, ਨਵਾਸ, ਸਮੀਰ, ਨਜ਼ੀਰ, ਜ਼ਾਕਿਰ ਹੁਸੈਨ, ਸ਼ਾਜੀ ਅਤੇ ਸ਼ੇਰਨੁਸ ਅਸ਼ਰਫ ਨੂੰ ਦੋਸ਼ੀ ਕਰਾਰ ਦਿੱਤਾ ਗਿਆ। ਇਹ ਸਾਰੇ ਅਲਾਪੁਝਾ ਦੇ ਵਸਨੀਕ ਹਨ ਅਤੇ ਪਾਬੰਦੀਸ਼ੁਦਾ ਇਸਲਾਮਿਕ ਸੰਗਠਨ PFI ਅਤੇ ਇਸ ਦੇ ਸਿਆਸੀ ਵਿੰਗ SDPI ਨਾਲ ਜੁੜੇ ਹੋਏ ਹਨ।

# ਬੇਅਦਬੀ ਮਾਮਲੇ 'ਚ ਸਾਡੀ ਸਰਕਾਰ ਨੇ ਵੀ ਕੁਝ ਨਹੀਂ ਕੀਤਾ : ਕੁੰਵਰ ਵਿਜੈ ਪ੍ਰਤਾਪ ਸਿੰਘ



ਫਰੀਦਕੋਟ : ਇੱਥੇ ਅੱਜ ਸਪੈਸ਼ਲ ਜੱਜ ਰਾਜੀਵ ਕਾਲੜਾ ਦੀ ਅਦਾਲਤ ਵਿੱਚ ਕੋਟਕਪੂਰਾ ਅਤੇ ਬਹਿਬਲ ਗੋਲੀਕਾਂਡ ਦੀ ਸੁਣਵਾਈ ਹੋਈ। ਸੁਣਵਾਈ ਦੌਰਾਨ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸਾਬਕਾ ਡੀਜੀਪੀ ਸੁਮੇਧ ਸੈਣੀ, ਆਈਜੀ ਪਰਮਰਾਜ ਸਿੰਘ ਉਮਰਾਨੰਗਲ, ਸੁਖਮਿੰਦਰ ਸਿੰਘ ਮਾਨ ਅਤੇ ਬਾਕੀ ਮੁਲਜ਼ਮ ਵੀਡੀਓ ਕਾਨਫਰੰਸ ਰਾਹੀਂ ਅਦਾਲਤ ਵਿੱਚ ਪੇਸ਼ ਹੋਏ। ਸੁਖਬੀਰ ਬਾਦਲ ਵੱਲੋਂ ਅਦਾਲਤ ਵਿੱਚ ਪੇਸ਼ ਹੋਏ ਸੀਨੀਅਰ ਵਕੀਲ ਆਰਐੱਸ ਚੀਮਾ ਨੇ ਕਿਹਾ ਕਿ ਘਟਨਾ ਵੇਲੇ ਸੁਖਬੀਰ ਬਾਦਲ ਕੋਟਕਪੂਰਾ ਜਾਂ ਬਹਿਬਲ ਵਿੱਚ ਮੌਜੂਦ ਨਹੀਂ ਸਨ ਇਸ ਲਈ ਉਹ ਉਨ੍ਹਾਂ ਨੂੰ ਮਾਮਲੇ ਵਿੱਚੋਂ ਡਿਸਚਾਰਜ ਕਰਨ ਦੀ ਮੰਗ ਕਰਦੇ ਹਨ। ਇਸ ਮਾਮਲੇ 'ਤੇ ਅਦਾਲਤ ਹੁਣ ਅਗਲੀ ਸੁਣਵਾਈ 5 ਫਰਵਰੀ ਨੂੰ ਕਰੇਗੀ। ਆਪਣੇ ਐਲਾਨ ਮੁਤਾਬਕ ਸਾਬਕਾ ਜਾਂਚ ਅਧਿਕਾਰੀ ਅਤੇ ਵਿਧਾਇਕ ਕੁੰਵਰ ਵਿਜੈ ਪ੍ਰਤਾਪ ਸਿੰਘ ਵੀ ਅੱਜ ਫਰੀਦਕੋਟ ਵਿੱਚ ਮੌਜੂਦ ਸਨ ਪ੍ਰੰਤੂ ਉਹ ਅਦਾਲਤ ਵਿੱਚ ਪੇਸ਼ ਨਹੀਂ ਹੋਏ। ਬਾਅਦ ਵਿੱਚ ਉਨ੍ਹਾਂ ਕਿਹਾ ਕਿ ਉਹ ਮਾਮਲੇ ਨੂੰ ਅੰਜਾਮ ਤੱਕ ਪਹੁੰਚਾਉਣ ਲਈ ਆਪਣੀਆਂ ਕੋਸ਼ਿਸ਼ਾਂ ਜਾਰੀ ਰੱਖਣਗੇ।

ਉਨ੍ਹਾਂ ਕਿਹਾ ਕਿ ਕੋਟਕਪੂਰਾ ਤੇ ਬਹਿਬਲ ਗੋਲੀ ਕਾਂਡ ਦੇ ਕੁੱਝ ਗਵਾਹ ਮੁਲਜ਼ਮਾਂ ਨਾਲ ਕਥਿਤ ਤੌਰ 'ਤੇ ਮਿਲ ਗਏ ਹਨ। ਉਨ੍ਹਾਂ ਆਪਣੀ ਹੀ ਸਰਕਾਰ 'ਤੇ ਕੋਟਕਪੂਰਾ ਤੇ ਬਹਿਬਲ ਗੋਲੀ ਕਾਂਡ ਨੂੰ ਅਣਗੌਲਿਆ ਕਰਨ ਦਾ ਦੋਸ਼ ਵੀ ਲਾਇਆ। ਅੱਜ ਇਨ੍ਹਾਂ ਮਾਮਲਿਆਂ ਦੀ ਸੁਣਾਈ ਦੌਰਾਨ ਕੁਝ ਸਿੱਖ ਜਥੇਬੰਦੀਆਂ ਦੇ ਆਗੂ ਵੀ ਅਦਾਲਤ ਦੇ ਬਾਹਰ ਮੌਜੂਦ ਸਨ। ਸੂਤਰਾਂ ਅਨੁਸਾਰ ਇਨ੍ਹਾਂ ਆਗੂਆਂ ਨੂੰ ਕੁੰਵਰ ਵਿਜੈ ਪ੍ਰਤਾਪ ਸਿੰਘ ਵੱਲੋਂ ਬੁਲਾਇਆ ਗਿਆ ਸੀ ਅਤੇ ਜਦੋਂ ਉਨ੍ਹਾਂ ਪ੍ਰੈੱਸ ਕਾਨਫਰੰਸ ਕੀਤੀ ਤਾਂ ਇਹ ਆਗੂ ਵੀ ਵਿਧਾਇਕ ਨਾਲ ਮੌਜੂਦ ਸਨ।

# ਭਾਜਪਾ ਕੋਲ ਬੇਰੁਜ਼ਗਾਰੀ ਦਾ ਕੋਈ ਹੱਲ ਨਹੀਂ: ਪ੍ਰਿਯੰਕਾ



ਨਵੀਂ ਦਿੱਲੀ : ਕਾਂਗਰਸ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਅੱਜ ਦੋਸ਼ ਲਾਇਆ ਕਿ ਭਾਜਪਾ ਕੋਲ ਦੇਸ਼ ਦੇ ਸਭ ਤੋਂ ਵੱਡੇ ਮੁੱਦੇ ਬੇਰੁਜ਼ਗਾਰੀ ਦਾ ਕੋਈ ਹੱਲ ਨਹੀਂ ਹੈ ਅਤੇ 'ਮੋਦੀ ਦੀ ਗਾਰੰਟੀ' ਜਿਹੀਆਂ ਗੱਲਾਂ ਸਿਰਫ਼ ਸਿਆਸੀ ਜੁਮਲੇ ਹਨ।

ਪ੍ਰਿਯੰਕਾ ਨੇ 'ਐਕਸ' 'ਤੇ ਇੱਕ ਵੀਡੀਓ ਵੀ ਸਾਂਝੀ ਕੀਤੀ ਜਿਸ ਵਿੱਚ ਵੱਡੀ ਗਿਣਤੀ ਲੋਕ ਇਜ਼ਰਾਈਲ 'ਚ ਨੌਕਰੀ ਹਾਸਲ ਕਰਨ ਦੇ ਮਕਸਦ ਨਾਲ ਕਤਾਰਾਂ ਬੰਨ੍ਹੀ ਖੜ੍ਹੇ ਨਜ਼ਰ ਆ ਰਹੇ ਹਨ। ਪ੍ਰਿਯੰਕਾ ਗਾਂਧੀ ਨੇ ਕਿਹਾ, 'ਜੇਕਰ ਕਿਤੇ ਜੰਗ ਦੇ ਹਾਲਾਤ ਹਨ ਤਾਂ ਸਭ ਤੋਂ ਪਹਿਲਾਂ ਅਸੀਂ ਆਪਣੇ ਨਾਗਰਿਕਾਂ ਨੂੰ ਉੱਥੋਂ ਬਚਾ ਕੇ ਵਾਪਸ ਆਪਣੇ ਵਤਨ ਲਿਆਉਂਦੇ ਹਾਂ ਪਰ ਬੇਰੁਜ਼ਗਾਰੀ ਨੇ ਅੱਜ ਇਹ ਹਾਲ ਕਰ ਦਿੱਤਾ ਹੈ ਕਿ ਦੇਸ਼ ਦੀ ਸਰਕਾਰ ਹਜ਼ਾਰਾਂ ਮਜਬੂਰ ਨੌਜਵਾਨਾਂ ਨੂੰ ਜੰਗ ਦੀ ਮਾਰ ਹੇਠ ਆਏ ਇਜ਼ਰਾਈਲ ਜਾ ਕੇ ਇਹ ਜੋਖ਼ਮ ਉਠਾਉਣ ਤੋਂ ਨਹੀਂ ਬਚਾਅ ਰਹੀ।' ਉਨ੍ਹਾਂ ਦਾਅਵਾ ਕੀਤਾ ਕਿ ਇਸ ਤੋਂ ਪਤਾ ਲੱਗਦਾ ਹੈ ਕਿ ਚੋਣਾਂ 'ਚ 'ਪੰਜ ਹਜ਼ਾਰ ਅਰਬ ਡਾਲਰ ਦਾ ਅਰਥਚਾਰਾ, ਸਾਲਾਨਾ ਦੋ ਕਰੋੜ ਰੁਜ਼ਗਾਰ ਅਤੇ ਮੋਦੀ ਦੀ ਗਾਰੰਟੀ' ਜਿਹੀਆਂ ਗੱਲਾਂ ਸਿਰਫ਼ ਜੁਮਲੇ ਹਨ। ਕਾਂਗਰਸ ਦੀ ਜਨਰਲ ਸਕੱਤਰ ਨੇ ਕਿਹਾ, 'ਇੱਥੇ ਆਪਣੇ ਦੇਸ਼ 'ਚ ਇਨ੍ਹਾਂ ਨੂੰ ਰੁਜ਼ਗਾਰ ਕਿਉਂ ਨਹੀਂ ਮਿਲ ਰਿਹਾ ? ਲੰਮੀਆਂ-ਲੰਮੀਆਂ ਕਤਾਰਾਂ 'ਚ ਦੋ-ਦੋ ਦਿਨਾਂ ਤੋਂ ਖੜ੍ਹੇ ਨੌਜਵਾਨ ਕੀ ਸਾਡੇ ਦੇਸ਼ ਦੇ ਬੱਚੇ ਨਹੀਂ ਹਨ ਜੋ ਅਸੀਂ ਇਨ੍ਹਾਂ ਨੂੰ ਖੁਸ਼ੀ ਨਾਲ ਇੰਨੀ ਭਿਆਨਕ ਜੰਗ ਵਿਚਾਲੇ ਭੇਜਣ ਨੂੰ ਤਿਆਰ ਹਾਂ ?' ਉਨ੍ਹਾਂ ਕਿਹਾ, 'ਅੱਜ ਭਾਰਤ ਦਾ ਅਸਲੀ ਮੁੱਦਾ ਬੇਰੁਜ਼ਗਾਰੀ ਤੇ ਮਹਿੰਗਾਈ ਹੈ। ਭਾਜਪਾ ਸਰਕਾਰ ਕੋਲ ਇਸ ਦਾ ਕੋਈ ਹੱਲ ਨਹੀਂ ਹੈ। ਦੇਸ਼ ਦੇ ਨੌਜਵਾਨ ਹੁਣ ਇਹ ਗੱਲ ਸਮਝ ਰਹੇ ਹਨ।'

# 'ਸਾਡਾ ਪੰਜਾਬ ਸਾਂਝਾ ਪੰਜਾਬ' ਪਾਰਟੀ ਨੌਜਵਾਨਾਂ ਦੇ ਸੁਨਹਿਰੇ ਭਵਿੱਖ ਲਈ ਵਚਨਬੱਧ ਰਹੇਗੀ : ਸੁਖਦੇਵ ਸਿੰਘ



ਚੰਡੀਗੜ੍ਹ : ਸੂਬੇ 'ਚ ਸਥਾਪਤ ਸਿਆਸੀ ਪਾਰਟੀਆਂ ਨੇ ਹਮੇਸ਼ਾ ਹੀ ਨੌਜਵਾਨਾਂ ਸਮੇਤ ਸੂਬੇ ਦੇ ਲੋਕਾਂ ਦੇ ਹਿੱਤਾਂ ਨਾਲ ਖਿਲਵਾੜ ਕੀਤਾ ਹੈ। ਲੋਕਾਂ ਦਾ ਭਲਾ ਕਰਨ ਦੀ ਬਜਾਏ ਅਤੇ ਅਹਿਮ ਮੁੱਦਿਆਂ ਤੋਂ ਭਟਕਦਿਆਂ ਸਿਆਸੀ ਪਾਰਟੀਆਂ ਆਪਣੇ ਭਲਾਈ ਲਈ ਜ਼ਿਆਦਾ ਕੰਮ ਕਰ ਰਹੀਆਂ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਾਲ 'ਚ ਹੀ ਹੋਂਦ ਵਿੱਚ ਆਈ ਪਾਰਟੀ 'ਸਾਡਾ ਪੰਜਾਬ ਸਾਂਝਾ ਪੰਜਾਬ' ਦੇ ਆਗੂ ਸੁਖਦੇਵ ਸਿੰਘ ਨੇ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੌਜਵਾਨਾਂ ਦੇ ਸੁਨਹਿਰੇ ਭਵਿੱਖ ਲਈ ਵਚਨਬੱਧ ਰਹਿ ਕੇ ਆਪਣੀਆਂ ਯੋਜਨਾਵਾਂ ਲੈ ਕੇ ਨਿੱਤਰੀ ਹੈ। ਉਨ੍ਹਾਂ ਕਿਹਾ ਕਿ ਆਧੁਨਿਕਤਾ ਦੇ ਦੌਰ ਵਿੱਚ ਇਹ ਜ਼ਰੂਰੀ ਹੋ ਚੁੱਕਾ ਹੈ ਕਿ ਸੂਬੇ ਦੇ ਨੌਜਵਾਨਾਂ ਨੂੰ ਬੇਹਤਰੀਨ ਸਿੱਖਿਆ ਮੁਹੱਈਆ ਕਰਵਾਈ ਜਾਵੇ ਅਤੇ ਉਨ੍ਹਾਂ ਨੂੰ ਤਕਨੀਕੀ ਤੌਰ 'ਤੇ ਨਿਪੁੰਨ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਰਾਜ ਕਰਨ ਵਾਲੀਆਂ ਪਾਰਟੀਆਂ ਨੇ ਸਿੱਖਿਆ ਦੇ ਖੇਤਰ ਨੂੰ ਪੂਰੀ ਤਰ੍ਹਾਂ ਅਣਗੌਲਿਆਂ ਕਰਕੇ ਰੱਖਿਆ ਹੈ। ਇਸ ਕਾਰਨ ਸੂਬੇ ਦੇ ਨੌਜਵਾਨ ਸਿੱਖਿਆ ਮੁਕਾਬਲਿਆਂ ਵਿੱਚ ਪਿੱਛੜ ਕੇ ਰਹਿ ਗਏ ਹਨ। ਉਨ੍ਹਾਂ ਕਿਹਾ ਕਿ ਬੀਤੇ 5-6 ਸਾਲਾਂ ਦੌਰਾਨ ਪੰਜਾਬ ਦੇ ਤਕਰੀਬਨ 700-800 ਪਿੰਡਾਂ ਵਿੱਚ ਨਿੱਜੀ ਤੌਰ 'ਤੇ ਪਹੁੰਚ ਕੇ ਲੋਕਾਂ ਅਤੇ ਖ਼ਾਸ ਕਰਕੇ ਪਿੰਡਾਂ ਦੇ ਨੌਜਵਾਨਾਂ ਨਾਲ ਗੱਲ ਕਰਕੇ ਜੋ ਹਾਲਾਤ ਜਾਂ ਜੋ ਘਾਣ ਪੰਜਾਬ ਦੀ ਨੌਜਵਾਨੀ ਨਾਲ ਹੋ ਰਿਹਾ, ਉਸ ਨੂੰ ਖ਼ਤਮ ਕਰਨ ਲਈ ਹੀ ਰਾਜਨੀਤੀ ਵਿੱਚ ਆ ਕੇ ਇਨ੍ਹਾਂ ਨੌਜਵਾਨਾਂ ਲਈ ਕੁੱਝ ਕਰਨ ਦੀ ਕੋਸ਼ਿਸ਼ ਲਈ ਹਿੰਮਤ ਕੀਤੀ ਗਈ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਜਲਦ ਹੀ ਪੰਜਾਬ ਦੇ ਨੌਜਵਾਨਾਂ ਦਾ ਇੱਕ ਵੱਡਾ ਹਜ਼ੂਮ ਉਨ੍ਹਾਂ ਨਾਲ ਜੁੜੇਗਾ। ਉਨ੍ਹਾਂ ਕਿਹਾ ਕਿ ਸਾਡਾ ਪੰਜਾਬ ਸਾਂਝਾ ਪੰਜਾਬ ਪਾਰਟੀ ਦਾ ਟੀਚਾ ਹੈ ਕਿ ਸੂਬੇ ਦੇ ਲੋਕਾਂ ਨੂੰ ਮੌਜੂਦਾ ਤਕਨੀਕ ਦੇ ਹਾਣ ਦੀ ਸਿੱਖਿਆ ਮੁਹੱਈਆ ਕਰਵਾਈ ਜਾਵੇ ਤਾਂ ਜੋ ਉਹ ਮੁਕਾਬਲੇ ਦੇ ਇਸ ਯੁੱਗ ਵਿੱਚ ਆਪਣੀ ਜ਼ਿੰਦਗੀ ਸਫ਼ਲਤਾ ਨਾਲ ਬਿਤਾ ਸਕਣ। ਉਨ੍ਹਾਂ ਕਿਹਾ ਕਿ ਬੇਸ਼ੱਕ ਸ਼ ?ਰੋਮਣੀ ਅਕਾਲੀ ਦਲ ਦੀ ਸਰਕਾਰ ਰਹੀ ਹੋਵੇ ਜਾਂ ਕਾਂਗਰਸ ਦੀ ਇਨ੍ਹਾਂ ਨੇ ਹਮੇਸ਼ਾ ਹੀ ਨੌਜਵਾਨਾਂ ਦੇ ਹਿੱਤਾਂ ਨਾਲ ਖਿਲਵਾੜ ਕੀਤਾ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕਾਂ ਨੇ ਬੜੀਆਂ ਉਮੀਦਾਂ ਨਾਲ ਆਮ ਆਦਮੀ ਪਾਰਟੀ ਦੇ ਪੱਖ ਵਿੱਚ ਬਹੁਮਤ ਦਿੱਤਾ ਸੀ ਪਰ ਇਸ ਸਰਕਾਰ ਨੇ ਵੀ ਆਪਣੇ ਮੁੱਢਲੇ ਕਾਰਜਕਾਲ ਦੌਰਾਨ ਹੀ ਲੋਕਾਂ ਦੀਆਂ ਭਾਵਨਾਵਾਂ ਨੂੰ ਢਹਿ-ਢੇਰੀ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਾਡਾ ਪੰਜਾਬ ਸਾਂਝਾ ਪੰਜਾਬ ਪਾਰਟੀ ਸੂਬੇ ਦੇ ਲੋਕਾਂ ਦੀਆਂ ਉਮੀਦਾਂ 'ਤੇ ਖਰ੍ਹਾ ਉਤਰਨ ਲਈ ਹਰ ਸੰਭਵ ਯਤਨ ਕਰੇਗੀ।

# ਬਹਿਬਲ-ਕੋਟਕਪੂਰਾ ਗੋਲੀ ਕਾਂਡ ਦੀ ਸੁਣਵਾਈ ਮੁਲਤਵੀ

## ਬਹਿਬਲ-ਕੋਟਕਪੂਰਾ ਗੋਲੀ ਕਾਂਡ ਦੀ ਸੁਣਵਾਈ ਮੁਲਤਵੀਅਗਲੀ ਸੁਣਵਾਈ ਪੰਜ ਨੂੰ; ਵਿਧਾਇਕ ਕੁੰਵਰ ਵਿਜੈ ਪ੍ਰਤਾਪ ਨੇ ਆਪਣੀ ਸਰਕਾਰ 'ਤੇ ਸੇਧਿਆ ਨਿਸ਼ਾਨਾ



ਫਰੀਦਕੋਟ : ਇੱਥੇ ਅੱਜ ਸਪੈਸ਼ਲ ਜੱਜ ਰਾਜੀਵ ਕਾਲੜਾ ਦੀ ਅਦਾਲਤ ਵਿੱਚ ਕੋਟਕਪੂਰਾ ਅਤੇ ਬਹਿਬਲ ਗੋਲੀਕਾਂਡ ਦੀ ਸੁਣਵਾਈ ਹੋਈ। ਸੁਣਵਾਈ ਦੌਰਾਨ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸਾਬਕਾ ਡੀਜੀਪੀ ਸੁਮੇਧ ਸੈਣੀ, ਆਈਜੀ ਪਰਮਰਾਜ ਸਿੰਘ ਉਮਰਾਨੰਗਲ, ਸੁਖਮਿੰਦਰ ਸਿੰਘ ਮਾਨ ਅਤੇ ਬਾਕੀ ਮੁਲਜ਼ਮ ਵੀਡੀਓ ਕਾਨਫਰੰਸ ਰਾਹੀਂ ਅਦਾਲਤ ਵਿੱਚ ਪੇਸ਼ ਹੋਏ। ਸੁਖਬੀਰ ਬਾਦਲ ਵੱਲੋਂ ਅਦਾਲਤ ਵਿੱਚ ਪੇਸ਼ ਹੋਏ ਸੀਨੀਅਰ ਵਕੀਲ ਆਰਐੱਸ ਚੀਮਾ ਨੇ ਕਿਹਾ ਕਿ ਘਟਨਾ ਵੇਲੇ ਸੁਖਬੀਰ ਬਾਦਲ ਕੋਟਕਪੂਰਾ ਜਾਂ ਬਹਿਬਲ ਵਿੱਚ ਮੌਜੂਦ ਨਹੀਂ ਸਨ ਇਸ ਲਈ ਉਹ ਉਨ੍ਹਾਂ ਨੂੰ ਮਾਮਲੇ ਵਿੱਚੋਂ ਡਿਸਚਾਰਜ ਕਰਨ ਦੀ ਮੰਗ ਕਰਦੇ ਹਨ। ਇਸ ਮਾਮਲੇ 'ਤੇ ਅਦਾਲਤ ਹੁਣ ਅਗਲੀ ਸੁਣਵਾਈ 5 ਫਰਵਰੀ ਨੂੰ ਕਰੇਗੀ। ਆਪਣੇ ਐਲਾਨ ਮੁਤਾਬਕ ਸਾਬਕਾ ਜਾਂਚ ਅਧਿਕਾਰੀ ਅਤੇ ਵਿਧਾਇਕ ਕੁੰਵਰ ਵਿਜੈ ਪ੍ਰਤਾਪ ਸਿੰਘ ਵੀ ਅੱਜ ਫਰੀਦਕੋਟ ਵਿੱਚ ਮੌਜੂਦ ਸਨ ਪ੍ਰੰਤੂ ਉਹ ਅਦਾਲਤ ਵਿੱਚ ਪੇਸ਼ ਨਹੀਂ ਹੋਏ। ਬਾਅਦ ਵਿੱਚ ਉਨ੍ਹਾਂ ਕਿਹਾ ਕਿ ਉਹ ਮਾਮਲੇ ਨੂੰ ਅੰਜਾਮ ਤੱਕ ਪਹੁੰਚਾਉਣ ਲਈ ਆਪਣੀਆਂ ਕੋਸ਼ਿਸ਼ਾਂ ਜਾਰੀ ਰੱਖਣਗੇ।

ਉਨ੍ਹਾਂ ਕਿਹਾ ਕਿ ਕੋਟਕਪੂਰਾ ਤੇ ਬਹਿਬਲ ਗੋਲੀ ਕਾਂਡ ਦੇ ਕੁੱਝ ਗਵਾਹ ਮੁਲਜ਼ਮਾਂ ਨਾਲ ਕਥਿਤ ਤੌਰ 'ਤੇ ਮਿਲ ਗਏ ਹਨ। ਉਨ੍ਹਾਂ ਆਪਣੀ ਹੀ ਸਰਕਾਰ 'ਤੇ ਕੋਟਕਪੂਰਾ ਤੇ ਬਹਿਬਲ ਗੋਲੀ ਕਾਂਡ ਨੂੰ ਅਣਗੌਲਿਆ ਕਰਨ ਦਾ ਦੋਸ਼ ਵੀ ਲਾਇਆ। ਅੱਜ ਇਨ੍ਹਾਂ ਮਾਮਲਿਆਂ ਦੀ ਸੁਣਾਈ ਦੌਰਾਨ ਕੁਝ ਸਿੱਖ ਜਥੇਬੰਦੀਆਂ ਦੇ ਆਗੂ ਵੀ ਅਦਾਲਤ ਦੇ ਬਾਹਰ ਮੌਜੂਦ ਸਨ। ਸੂਤਰਾਂ ਅਨੁਸਾਰ ਇਨ੍ਹਾਂ ਆਗੂਆਂ ਨੂੰ ਕੁੰਵਰ ਵਿਜੈ ਪ੍ਰਤਾਪ ਸਿੰਘ ਵੱਲੋਂ ਬੁਲਾਇਆ ਗਿਆ ਸੀ ਅਤੇ ਜਦੋਂ ਉਨ੍ਹਾਂ ਪ੍ਰੈੱਸ ਕਾਨਫਰੰਸ ਕੀਤੀ ਤਾਂ ਇਹ ਆਗੂ ਵੀ ਵਿਧਾਇਕ ਨਾਲ ਮੌਜੂਦ ਸਨ।

# ਭਾਜਪਾ ਨਾਲ ਸਿੱਧੇ ਮੁਕਾਬਲੇ 'ਚ 'ਇੰਡੀਆ' ਗਠਜੋੜ ਦੀ ਪਹਿਲੀ ਹਾਰ



ਚੰਡੀਗੜ੍ਹ : ਚੰਡੀਗੜ੍ਹ ਮੇਅਰ ਚੋਣ ਵਿਚ ਪਹਿਲੀ ਵਾਰ ਮੈਦਾਨ ਵਿਚ ਉੱਤਰੇ 'ਇੰਡੀਆ' ਗਠਜੋੜ ਨੂੰ ਪਹਿਲੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਇਸ ਚੋਣ ਵਿਚ ਭਾਜਪਾ ਦੇ ਮਨੋਜ ਸੋਨਕਰ 'ਆਪ' ਕਾਂਗਰਸ ਦੇ 'ਇੰਡੀਆ' ਗਠਜੋੜ ਦੇ ਉਮੀਦਵਾਰ ਕੁਲਦੀਪ ਟੀਟਾ ਨੂੰ ਚਾਰ ਵੋਟਾਂ ਨਾਲ ਹਰਾ ਕੇ ਚੰਡੀਗੜ੍ਹ ਨਗਰ ਨਿਗਮ ਦੇ ਨਵੇਂ ਮੇਅਰ ਬਣ ਗਏ ਹਨ। ਮੇਅਰ ਚੋਣ ਲਈ ਸਾਂਸਦ ਅਤੇ 35 ਕੌਂਸਲਰਾਂ ਨੇ ਵੋਟ ਪਾਈ। ਜਿਸ ਵਿਚ ਭਾਜਪਾ ਦੇ ਮਨੋਜ ਨੂੰ 16 ਅਤੇ 'ਆਪ-ਕਾਂਗਰਸ' ਦੇ ਉਮੀਦਵਾਰ ਨੂੰ 12 ਵੋਟਾਂ ਮਿਲੀਆਂ, ਜਦਕਿ 8 ਵੋਟਾਂ ਕਾਊਂਟਿੰਗ ਵਿਚ ਸ਼ਾਮਲ ਨਹੀਂ ਕੀਤੀਆਂ ਗਈਆਂ। ਇਹ ਵੋਟਾਂ ਇਨਵੈਲਿਡ ਕਰਾਰ ਦਿੱਤੀਆਂ ਗਈਆਂ। ਇਨ੍ਹਾਂ ਚੋਣਾਂ ਦੌਰਾਨ ਸਭ ਤੋਂ ਖਾਸ ਗੱਲ ਇਹ ਹੈ ਕਿ ਭਾਜਪਾ ਅਤੇ ਵਿਰੋਧੀ ਧਿਰਾਂ ਦੇ I.N.D.I.A ਦਾ ਦੇਸ਼ਭਰ ਵਿਚੋਂ ਇਹ ਪਹਿਲਾ ਸਿੱਧਾ ਮੁਕਾਬਲਾ ਸੀ। ਜਿਸ ਨੂੰ ਜਿੱਤਣ ਵਿਚ ਭਾਜਪਾ ਕਾਮਯਾਬ ਰਹੀ ਹੈ ਅਤੇ ਇੰਡੀਆ ਗਠਜੋੜ ਨੂੰ ਪਹਿਲੀ ਚੋਣ ਵਿਚ ਹੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ।

ਦੱਸਣਯੋਗ ਹੈ ਕਿ ਚੰਡੀਗੜ੍ਹ ਸ਼ਹਿਰ ਦੇ ਮੇਅਰ ਦਾ ਕਾਰਜਕਾਲ ਇਕ ਸਾਲ ਲਈ ਹੁੰਦਾ ਹੈ। ਨਿਗਮ ਦੇ ਮੌਜੂਦਾ ਮੇਅਰ ਦਾ ਕਾਰਜਕਾਲ ਇਸ ਮਹੀਨੇ 17 ਜਨਵਰੀ ਨੂੰ ਪੂਰਾ ਹੋ ਗਿਆ ਸੀ ਅਤੇ ਪ੍ਰਸ਼ਾਸਨ ਨੇ 18 ਨੂੰ ਨਵੇਂ ਮੇਅਰ ਦੀ ਚੋਣ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਸੀ ਪਰ ਮੇਅਰ ਦੀ ਚੋਣ ਤੋਂ ਪਹਿਲਾਂ ਨਿਗਮ ਭਵਨ ਵਿਤਚ ਹੋਏ ਸਿਆਸੀ ਹੰਗਾਮੇ ਨੂੰ ਲੈ ਕੇ ਪ੍ਰਸ਼ਾਸਨ ਨੇ 18 ਜਨਵਰੀ ਨੂੰ ਮੇਅਰ ਦੀ ਚੋਣ ਮੁਅੱਤਲ ਕਰ ਕੇ ਚੋਣ ਦੀ ਤਾਰੀਖ਼ 6 ਫਰਵਰੀ ਤੈਅ ਕੀਤੀ ਸੀ। ਇਸ ਫ਼ੈਸਲੇ ਖ਼ਿਲਾਫ਼ 'ਆਪ' ਵੱਲੋਂ ਹਾਈ ਕੋਰਟ ਵਿਚ ਦਾਇਰ ਕੀਤੀ ਪਟੀਸ਼ਨ ਤੋਂ ਬਾਅਦ ਅਦਾਲਤ ਨੇ ਮੇਅਰ ਦੀ ਚੋਣ 30 ਜਨਵਰੀ ਨੂੰ ਕਰਵਾਉਣ ਦੇ ਹੁਕਮ ਦਿੱਤੇ ਸਨ।

# ਲੋਕ ਸਭਾ ਚੋਣਾਂ ਨੇੜੇ ਆਉਂਦੇ ਹੀ ਅਕਾਲੀ ਦਲ ਦੀਆਂ ਢੀਂਡਸਾ ਤੇ ਬੀਬੀ ਜਗੀਰ ਕੌਰ 'ਤੇ ਟਿਕੀਆਂ ਨਜ਼ਰਾਂ





ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਪੰਥਕ ਆਗੂਆਂ ਨੂੰ ਲੋਕ ਸਭਾ ਚੋਣਾਂ ਤੋਂ ਪਹਿਲਾਂ ਇਕਜੁੱਟ ਹੋਣ ਦਾ ਸੱਦਾ ਦਿੱਤਾ ਗਿਆ ਹੈ। ਇਸ ਤੋਂ ਬਾਅਦ ਪਾਰਟੀ ਦੀਆਂ ਨਜ਼ਰਾਂ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਅਤੇ ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ 'ਤੇ ਟਿਕੀਆਂ ਹੋਈਆਂ ਹਨ। ਹਾਲਾਂਕਿ ਦੋਵੇਂ ਆਗੂ ਇਸ ਵੇਲੇ ਦੁਚਿੱਤੀ 'ਚ ਹਨ ਅਤੇ ਆਖ਼ਰੀ ਫ਼ੈਸਲਾ ਲੈਣ ਲਈ ਸਮਾਂ ਲੈ ਰਹੇ ਹਨ।

ਅਕਾਲੀ ਦਲ ਦੇ ਬੁਲਾਰੇ ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਅਕਾਲੀ ਦਲ ਪੰਜਾਬ 'ਚ ਇਕਜੁੱਟ ਮੋਰਚਾ ਬਣਾ ਕੇ ਮੁੜ ਸੁਰਜੀਤ ਹੋਣ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਪਾਰਟੀ ਦੋਹਾਂ ਆਗੂਆਂ ਦੀ ਉਡੀਕ ਕਰ ਰਹੀ ਹੈ। ਇਸ ਦੇ ਜਲਦ ਹੀ ਸਾਰਥਕ ਨਤੀਜੇ ਆਉਣਗੇ। ਉਨ੍ਹਾਂ ਨੇ ਕਿਹਾ ਕਿ ਪਾਰਟੀ ਦੇ ਨੁਮਾਇੰਦੇ ਰੋਜ਼ਾਨਾ ਦੇ ਆਧਾਰ 'ਤੇ ਦੋਹਾਂ ਆਗੂਆਂ ਦੇ ਸੰਪਰਕ 'ਚ ਹਨ ਅਤੇ ਉਨ੍ਹਾਂ ਵੱਲੋਂ ਚੁੱਕੇ ਗਏ ਮੁੱਦਿਆਂ ਨੂੰ ਹੱਲ ਕੀਤਾ ਜਾਵੇਗਾ।

ਸੁਖਦੇਵ ਸਿੰਘ ਢੀਂਡਸਾ ਚਾਹੁੰਦੇ ਹਨ ਕਿ ਪਾਰਟੀ ਪ੍ਰਧਾਨ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਾਲ 2015 'ਚ ਵਾਪਰੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਲਈ ਮੁਆਫ਼ੀ ਮੰਗਣ, ਜਦੋਂ ਕਿ ਬੀਬੀ ਜਗੀਰ ਕੌਰ ਚਾਹੁੰਦੇ ਹਨ ਕਿ ਐੱਸ. ਜੀ. ਪੀ. ਪੀ. ਨੂੰ ਬਿਨਾਂ ਕਿਸੇ ਸਿਆਸੀ ਦਖ਼ਲ ਦੇ ਆਜ਼ਾਦ ਸੰਸਥਾ ਬਣਾਇਆ ਜਾਵੇ। ਹਾਲਾਂਕਿ ਪਾਰਟੀ ਨੂੰ ਉਮੀਦ ਹੈ ਕਿ ਦੋਵੇਂ ਆਗੂ 1 ਫਰਵਰੀ ਨੂੰ ਸ਼ੁਰੂ ਹੋਣ ਵਾਲੀ 'ਪੰਜਾਬ ਬਚਾਓ ਯਾਤਰਾ' ਤੋਂ ਪਹਿਲਾਂ ਅਕਾਲੀ ਦਲ 'ਚ ਵਾਪਸ ਆ ਜਾਣਗੇ। ਦੱਸਣਯੋਗ ਹੈ ਕਿ 40 ਦਿਨਾਂ ਦੀ ਉਕਤ ਯਾਤਰਾ ਦੌਰਾਨ ਅਕਾਲੀ ਦਲ ਨੇ 117 ਵਿਧਾਨ ਸਭਾ ਹਲਕਿਆਂ 'ਚੋਂ 40 ਹਲਕਿਆਂ ਨੂੰ ਕਵਰ ਕਰਨ ਦੀ ਯੋਜਨਾ ਬਣਾਈ ਹੈ।

# ਕਾਂਗਰਸ ਦੀ ਮੀਟਿੰਗ 'ਚ ਸੋਨੀ ਤੇ ਔਜਲਾ ਸਮਰਥਕਾਂ ਵਿਚਾਲੇ ਤਿੱਖੀ ਬਹਿਸ

## ਲੋਕ ਸਭਾ ਚੋਣਾਂ ਵਿੱਚ ਅੰਮ੍ਰਿਤਸਰ ਤੋਂ ਹਿੰਦੂ ਉਮੀਦਵਾਰ ਉਤਾਰਨ ਦੇ ਸੁਝਾਅ ਦਾ ਔਜਲਾ ਸਮਰਥਕਾਂ ਵੱਲੋਂ ਵਿਰੋਧ



ਅੰਮ੍ਰਿਤਸਰ : ਪੰਜਾਬ ਕਾਂਗਰਸ ਦੇ ਮਾਮਲਿਆਂ ਦੇ ਇੰਚਾਰਜ ਦੇਵਿੰਦਰ ਯਾਦਵ ਦੀ ਅਗਵਾਈ ਹੇਠ ਅੱਜ ਇੱਥੇ ਹੋਈ ਮੀਟਿੰਗ ਵਿੱਚ ਆਗਾਮੀ ਲੋਕ ਸਭਾ ਚੋਣਾਂ 'ਚ ਪਾਰਟੀ ਉਮੀਦਵਾਰ ਦੇ ਮਾਮਲੇ ਨੂੰ ਲੈ ਕੇ ਸਾਬਕਾ ਕਾਂਗਰਸੀ ਮੰਤਰੀ ਓਪੀ ਸੋਨੀ ਅਤੇ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਦੇ ਸਮਰਥਕਾਂ ਵਿਚਾਲੇ ਤਿੱਖੀ ਬਹਿਸ ਹੋਈ। ਇਸ ਦੌਰਾਨ ਜਦੋਂ ਕੌਂਸਲਰ ਪਰਮਜੀਤ ਸਿੰਘ ਚੋਪੜਾ ਨੇ ਅੰਮ੍ਰਿਤਸਰ ਤੋਂ ਕਿਸੇ ਹਿੰਦੂ ਆਗੂ ਨੂੰ ਉਮੀਦਵਾਰ ਬਣਾਉਣ ਦਾ ਸੁਝਾਅ ਦਿੱਤਾ ਤਾਂ ਸੋਨੀ ਤੇ ਔਜਲਾ ਦੇ ਸਮਰਥਕਾਂ ਵਿੱਚ ਤੂੰ-ਤੂੰ ਮੈਂ-ਮੈਂ ਸ਼ੁਰੂ ਹੋ ਗਈ। ਔਜਲਾ ਦੇ ਸਮਰਥਕਾਂ ਨੇ ਸੋਨੀ ਸਮਰਥਕ ਦੇ ਇਸ ਸੁਝਾਅ ਦਾ ਸਖ਼ਤ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਇਹ ਫਿਰਕੂ ਭਾਵਨਾਵਾਂ ਭੜਕਾਉਣ ਵਾਲਾ ਸੁਝਾਅ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸ਼ੁਰੂ ਤੋਂ ਹੀ ਧਰਮ ਨਿਰਪੱਖ ਪਾਰਟੀ ਹੈ। ਇਸ ਵਿੱਚ ਧਰਮ ਦੇ ਆਧਾਰ 'ਤੇ ਨਹੀਂ ਸਗੋਂ ਮੈਰਿਟ ਦੇ ਆਧਾਰ 'ਤੇ ਉਮੀਦਵਾਰਾਂ ਦੀ ਚੋਣ ਕੀਤੀ ਜਾਂਦੀ ਹੈ। ਇਸ ਬਹਿਸਬਾਜ਼ੀ ਕਾਰਨ ਮੀਟਿੰਗ ਦਾ ਮਾਹੌਲ ਪੂਰੀ ਤਰ੍ਹਾਂ ਵਿਗੜ ਗਿਆ। ਇਸ ਦੌਰਾਨ ਔਜਲਾ ਨੇ ਸਮਰਥਕਾਂ ਨੂੰ ਸ਼ਾਂਤ ਕੀਤਾ ਅਤੇ ਆਖਿਆ ਕਿ ਸਾਰਿਆਂ ਨੂੰ ਆਪਣੇ ਵਿਚਾਰ ਰੱਖਣ ਦਾ ਹੱਕ ਹੈ। ਪਾਰਟੀ ਵਿੱਚ ਫਿਰਕੂ ਮਾਹੌਲ ਨਾ ਪੈਦਾ ਕੀਤਾ ਜਾਵੇ। ਉਨ੍ਹਾਂ ਯਾਦਵ ਨੂੰ ਅਪੀਲ ਕੀਤੀ ਕਿ ਉਹ ਇਸ ਮਾਮਲੇ ਦੀ ਜਾਂਚ ਕਰਵਾਉਣ ਅਤੇ ਪਤਾ ਲਾਉਣ ਕਿ ਅੱਜ ਮੀਟਿੰਗ ਦੌਰਾਨ ਮਾਹੌਲ ਕਿਉਂ ਅਤੇ ਕਿਸ ਵੱਲੋਂ ਖਰਾਬ ਕੀਤਾ ਗਿਆ। ਉਨ੍ਹਾਂ ਦੋਸ਼ ਲਾਇਆ ਕਿ ਕੁਝ ਮਾੜੇ ਅਕਸ ਵਾਲੇ ਲੋਕ ਪਾਰਟੀ ਦਾ ਮਾਹੌਲ ਖਰਾਬ ਕਰਨਾ ਚਾਹੁੰਦੇ ਹਨ। ਦੂਜੇ ਪਾਸੇ ਓਪੀ ਸੋਨੀ ਦੇ ਹਵਾਲੇ ਨਾਲ ਉਨ੍ਹਾਂ ਦੇ ਭਤੀਜੇ ਵਿਕਾਸ ਸੋਨੀ ਨੇ ਕਿਹਾ ਕਿ ਅੱਜ ਦੀ ਮੀਟਿੰਗ ਸਾਰਿਆਂ ਦੇ ਵਿਚਾਰ ਲੈਣ ਲਈ ਸੱਦੀ ਗਈ ਸੀ। ਇਸ ਵਿੱਚ ਹਰ ਕਿਸੇ ਨੂੰ ਆਪਣੇ ਵਿਚਾਰ ਰੱਖਣ ਦਾ ਹੱਕ ਹੈ। ਉਨ੍ਹਾਂ ਕਿਹਾ ਕਿ ਕੁਝ ਸਮਰਥਕਾਂ ਵਿਚਾਲੇ ਆਪਸੀ ਤਕਰਾਰ ਹੋਈ ਹੈ ਪਰ ਜਲਦੀ ਹੀ ਮਾਮਲਾ ਸ਼ਾਂਤ ਕਰ ਲਿਆ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਯਾਦਵ ਨੇ ਦੱਸਿਆ ਕਿ ਅੱਜ ਦੀ ਮੀਟਿੰਗ ਦਾ ਮੁੱਖ ਮਕਸਦ ਪਾਰਟੀ ਨੂੰ ਇਕਜੁੱਟ ਕਰਨਾ, ਪਾਰਟੀ ਆਗੂਆਂ ਤੇ ਵਰਕਰਾਂ ਨਾਲ ਮਿਲਣਾ ਅਤੇ ਸਮੱਸਿਆਵਾਂ ਦਾ ਹੱਲ ਕਰਨਾ ਹੈ।

# ਸ਼੍ਰੋਮਣੀ ਕਮੇਟੀ ਚੋਣਾਂ ਲਈ ਹਰ ਸਿੱਖ ਵੋਟ ਬਣਾਉਣ ਦੀ ਆਪਣੀ ਜ਼ਿੰਮੇਵਾਰੀ ਸਮਝੇ : ਐਡਵੋਕੇਟ ਧਾਮੀ



ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਵੋਟਾਂ ਬਣਾਉਣ ਦੀ ਚੱਲ ਰਹੀ ਮੱਠੀ ਪ੍ਰਕਿਰਿਆ 'ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਆਖਿਆ ਹੈ ਕਿ ਸਾਡੇ ਵਡੇਰਿਆਂ ਦੀਆਂ ਕੁਰਬਾਨੀਆਂ ਨਾਲ ਹੋਂਦ ਵਿਚ ਆਈ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਮਰੱਥ ਸਿੱਖ ਸੰਸਥਾ ਵਜੋਂ ਕਾਇਮ ਰੱਖਣ ਅਤੇ ਦੇਸ਼ 'ਚ ਇਕ ਘੱਟ-ਗਿਣਤੀ ਕੌਮ ਵਜੋਂ ਸਿੱਖਾਂ ਦੇ ਸਰਬਪੱਖੀ ਹਿਤਾਂ ਦੀ ਸੁਰੱਖਿਆ ਲਈ ਹਰੇਕ ਸਿੱਖ ਨੂੰ ਗੁਰਦੁਆਰਾ ਚੋਣ ਲਈ ਆਪਣੀ ਵੋਟ ਜ਼ਰੂਰ ਬਣਾਉਣੀ ਚਾਹੀਦੀ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਸਰਕਾਰਾਂ ਦੀ ਮਨਸ਼ਤਾਂ ਪਹਿਲਾਂ ਹੀ ਇਹੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਿਸੇ ਨਾ ਕਿਸੇ ਰੂਪ ਵਿਚ ਕਮਜ਼ੋਰ ਕੀਤਾ ਜਾਵੇ, ਜਿਸ ਕਰਕੇ ਸ਼੍ਰੋਮਣੀ ਕਮੇਟੀ ਚੋਣਾਂ ਲਈ ਵੋਟਾਂ ਬਣਾਉਣ ਦੀ ਸਰਕਾਰੀ ਪ੍ਰਕਿਰਿਆ ਸਹੀ ਅਤੇ ਸਰਗਰਮ ਰੂਪ ਵਿਚ ਨਹੀਂ ਚਲਾਈ ਜਾ ਰਹੀ । ਉਨ੍ਹਾਂ ਕਿਹਾ ਕਿ ਪਹਿਲਾਂ ਸ਼੍ਰੋਮਣੀ ਕਮੇਟੀ ਵੋਟਾਂ ਬਣਾਉਣ ਦੇ ਫਾਰਮ ਵਿਚ ਸਿੱਖ ਦੀ ਪਰਿਭਾਸ਼ਾ ਵਿਚ ਗੜਬੜੀ ਕੀਤੀ ਗਈ ਸੀ , ਜਿਸ ਨੂੰ ਸਿੱਖ ਸੰਸਥਾਵਾਂ ਦੁਆਰਾ ਵਿਰੋਧ ਦਰਜ ਕਰਵਾਉਣ ਤੋਂ ਬਾਅਦ ਠੀਕ ਕੀਤਾ ਗਿਆ ਪਰ ਹੁਣ ਵੀ ਸੂਚਨਾਵਾਂ ਮਿਲ ਰਹੀਆਂ ਹਨ ਕਿ ਬਹੁਤ ਸਾਰੀਆਂ ਥਾਵਾਂ 'ਤੇ ਗੁਰਦੁਆਰਾ ਚੋਣਾਂ ਲਈ ਗੈਰ-ਸਿੱਖਾਂ ਦੀਆਂ ਵੋਟਾਂ ਬਣਾਈਆਂ ਜਾ ਰਹੀਆਂ ਹਨ। ਉਨ੍ਹਾਂ ਸਪੱਸ਼ਟ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਵੋਟਰ ਦੀ ਯੋਗਤਾ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਦੇ ਧਾਰਨੀ ਸਾਬਤ-ਸੂਰਤ 'ਸਿੱਖ' ਹੋਣਾ ਲਾਜ਼ਮੀ ਹੈ। ਜੇਕਰ ਗੁਰਦੁਆਰਾ ਚੋਣਾਂ ਲਈ ਗੈਰ-ਸਿੱਖਾਂ ਦੇ ਵੋਟਰ ਫਾਰਮ ਭਰੇ ਜਾਂਦੇ ਹਨ ਤਾਂ ਇਹ ਸਿੱਧੇ ਤੌਰ 'ਤੇ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਬਾਹਰੀ ਦਖ਼ਲ ਦੇ ਰਾਹ ਖੋਲ੍ਹਣ ਦਾ ਗੁੱਝਾ ਸਰਕਾਰੀ ਯਤਨ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੋਟਾਂ ਬਣਾਉਣ ਦੇ ਫਾਰਮ ਜਮ ?ਹਾਂ ਕਰਵਾਉਣ ਦੀ ਆਖ਼ਰੀ ਮਿਤੀ 29 ਫਰਵਰੀ ਹੈ ਪਰ ਅਜੇ ਤੱਕ ਵੋਟਾਂ ਬਣਾਉਣ ਦਾ ਰੁਝਾਨ ਨਿਰਾਸ਼ਾ ਜਨਕ ਹੈ। ਜੇਕਰ ਇਸ ਵਾਰ 2011 ਦੀਆਂ ਚੋਣਾਂ ਨਾਲੋਂ ਘੱਟ ਵੋਟਾਂ ਬਣੀਆਂ ਤਾਂ ਸਿੱਖਾਂ ਦੀ ਗਿਣਤੀ ਦੇ ਅਧਿਕਾਰਤ ਅੰਕੜਿਆਂ ਵਿਚ ਵੱਡੀ ਗੜਬੜੀ ਪੈਦਾ ਹੋਵੇਗੀ , ਜੋ ਭਾਰਤ ਅੰਦਰ ਇਕ ਘੱਟ-ਗਿਣਤੀ ਕੌਮ ਵਜੋਂ ਸਿੱਖਾਂ ਦੀ ਰਾਜਨੀਤਕ, ਸਮਾਜਿਕ ਅਤੇ ਭੂਗੋਲਿਕ ਦਸ਼ਾ ਤੇ ਦਿਸ਼ਾ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰੇਗੀ । ਇਸ ਕਰਕੇ ਹਰੇਕ ਸਾਬਤ-ਸੂਰਤ ਸਿੱਖ ਸ਼੍ਰੋਮਣੀ ਕਮੇਟੀ ਚੋਣਾਂ ਲਈ ਆਪਣੀ ਅਹਿਮ ਕੌਮੀ ਜ਼ਿੰਮੇਵਾਰੀ ਨੂੰ ਸਮਝਦਿਆਂ ਆਪਣੀ ਅਤੇ ਆਪਣੇ ਪਰਿਵਾਰ ਦੀ ਵੋਟ ਜ਼ਰੂਰ ਬਣਾਵੇ।

# ਸਰਕਾਰ ਦੀ ਨਾਲਾਇਕੀ ਨੇ ਰਾਸ਼ਨ ਤੋਂ ਵਾਂਝੇ ਕੀਤੇ ਲੋੜਵੰਦ: ਬਾਜਵਾ



ਕਾਹਨੂੰਵਾਨ : ਪੰਜਾਬ ਕੈਬਨਿਟ ਵੱਲੋਂ ਕੱਟੇ ਗਏ 10 ਲੱਖ 77 ਹਜ਼ਾਰ ਰਾਸ਼ਨ ਕਾਰਡ ਹੁਣ ਫਿਰ ਤੋਂ ਬਹਾਲ ਕਰਨ ਦੇ ਫ਼ੈਸਲੇ ਕਾਰਨ ਕਈ ਲੋੜਵੰਦਾਂ ਨੂੰ ਪਿਛਲੇ ਦੋ ਸਾਲ ਤੋਂ ਰਾਸ਼ਨ ਤੋਂ ਵਾਂਝਾ ਰਹਿਣਾ ਪਿਆ ਹੈ। ਇਹ ਪ੍ਰਗਟਾਵਾ ਕਰਦਿਆਂ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਕਿਹਾ ਕਿ ਪੰਜਾਬ ਸਰਕਾਰ ਬਹੁਤ ਸਾਰੇ ਫ਼ੈਸਲੇ ਕਾਹਲੀ ਵਿੱਚ ਲੈ ਲੈਂਦੀ ਹੈ ਮਗਰੋਂ ਕੁੱਝ ਦੇਰ ਬਾਅਦ ਗ਼ਲਤੀ ਦਾ ਅਹਿਸਾਸ ਹੋਣ 'ਤੇ ਪੰਜਾਬ ਕੈਬਨਿਟ ਨੂੰ ਇਹ ਫ਼ੈਸਲੇ ਵਾਪਸ ਲੈਣੇ ਪੈ ਰਹੇ ਹਨ। ਮਾਨ ਸਰਕਾਰ ਦੇ ਅਜਿਹੇ ਫ਼ੈਸਲਿਆਂ ਤੋਂ ਸਾਬਤ ਹੁੰਦਾ ਹੈ ਕਿ ਪੰਜਾਬ ਕੈਬਨਿਟ ਦੇ ਮੰਤਰੀ ਕੋਈ ਵੀ ਫ਼ੈਸਲਾ ਲੈਣ ਤੋਂ ਪਹਿਲਾਂ ਉਸ ਤੋਂ ਨਿਕਲਣ ਵਾਲੇ ਸਿੱਟਿਆਂ ਤੋਂ ਅਣਜਾਣ ਹੁੰਦੇ ਹਨ। ਇਸ ਕਾਰਨ ਉਨ੍ਹਾਂ ਨੂੰ ਅਜਿਹੇ ਫ਼ੈਸਲੇ ਵਾਰ-ਵਾਰ ਵਾਪਸ ਲੈਣੇ ਪੈ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਇਹ ਕਾਰਡ ਤਸਦੀਕ ਕਰਨ ਦੀ ਪ੍ਰਕਿਰਿਆ ਦੌਰਾਨ ਗ਼ਲਤ ਪਾਉਣ ਦੇ ਦਾਅਵੇ ਕਾਰਨ ਕੱਟੇ ਗਏ ਸਨ। ਉਨ੍ਹਾਂ ਕਿਹਾ ਕਿ ਲੋਕ ਹਿਤਾਂ ਵਿੱਚ ਕੰਮ ਕਰਨ ਦਾ ਤਜਰਬਾ ਰੱਖਣ ਵਾਲੀ ਉਨ੍ਹਾਂ ਦੀ ਧਿਰ ਵੱਲੋਂ ਪਾਏ ਗਏ ਦਬਾਅ ਕਾਰਨ ਹੀ ਸਰਕਾਰ ਨੂੰ ਆਪਣੇ ਗ਼ਲਤ ਫ਼ੈਸਲਿਆਂ ਨੂੰ ਵਾਪਸ ਲੈਣ ਲਈ ਮਜਬੂਰ ਹੋਣਾ ਪੈਂਦਾ ਹੈ। ਉਨ੍ਹਾਂ ਦੀ ਸਰਕਾਰ ਵੱਲੋਂ ਕੀਤੀ ਗਈ ਜ਼ਰੂਰੀ ਪ੍ਰਕਿਰਿਆ ਤੋਂ ਬਾਅਦ ਹੀ ਲੋੜਵੰਦਾਂ ਦੇ ਰਾਸ਼ਨ ਕਾਰਡ ਬਣਾਏ ਗਏ ਸਨ। ਸਰਕਾਰ ਦੇ ਇਸ ਫ਼ੈਸਲੇ ਕਾਰਨ ਪਿਛਲੇ ਦੋ ਸਾਲ ਤੋਂ ਉਨ੍ਹਾਂ ਲੋਕਾਂ ਨੂੰ ਕੋਈ ਰਾਸ਼ਨ ਨਹੀਂ ਮਿਲ ਸਕਿਆ ਜਿਨ੍ਹਾਂ ਦੇ ਕਾਰਡ ਕੱਟ ਦਿੱਤੇ ਗਏ ਸਨ।

# ਸਰਕਾਰ ਵੱਲੋਂ ਪਰਵਾਸੀ ਭਾਰਤੀਆਂ ਨਾਲ ਪਠਾਨਕੋਟ 'ਚ ਮਿਲਣੀ 3 ਫਰਵਰੀ ਨੂੰ



ਅੰਮ੍ਰਿਤਸਰ : ਸੂਬਾ ਸਰਕਾਰ ਵੱਲੋਂ ਪਰਵਾਸੀ ਪੰਜਾਬੀ ਭਾਰਤੀਆਂ ਨਾਲ ਰਾਜ ਭਰ ਵਿੱਚ 3 ਫਰਵਰੀ ਤੋਂ ਮਿਲਣੀਆਂ ਕੀਤੀਆਂ ਜਾਣਗੀਆਂ ਜਿਸ ਤਹਿਤ ਚਾਰ ਜ਼ਿਲ੍ਹਿਆਂ ਅੰਮ੍ਰਿਤਸਰ, ਗੁਰਦਾਸਪੁਰ, ਪਠਾਨਕੋਟ ਅਤੇ ਹੁਸ਼ਿਆਰਪੁਰ ਨਾਲ ਸਬੰਧਤ ਪਰਵਾਸੀ ਭਾਰਤੀਆਂ ਨਾਲ ਮਿਲਣੀ 3 ਫਰਵਰੀ ਨੂੰ ਸਵੇਰੇ 10 ਵਜੇ ਚਮਰੋੜ (ਮਿੰਨੀ ਗੋਆ), ਪਠਾਨਕੋਟ ਵਿਚ ਹੋਵੇਗੀ। ਇਹ ਜਾਣਕਾਰੀ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਐੱਨਆਰਆਈ ਮਿਲਣੀ ਦਾ ਉਦਘਾਟਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕਰਨਗੇ। ਇਨ੍ਹਾਂ ਮਿਲਣੀਆਂ ਦਾ ਮੰਤਵ ਪਰਵਾਸੀ ਪੰਜਾਬੀਆਂ ਦੇ ਮਸਲੇ ਹੱਲ ਕਰਨਾ ਹੈ। ਇਸ ਲਈ ਮੌਕੇ 'ਤੇ ਹੀ ਰਜਿਸਟਰੇਸ਼ਨ ਕਾਊਂਟਰ ਲਾਏ ਜਾਣਗੇ ਤੇ ਆਨਲਾਈਨ ਰਜਿਸਟਰੇਸ਼ਨ ਵੀ ਕਰਵਾਈ ਜਾ ਸਕਦੀ ਹੈ।

# ਅਕਾਲ ਤਖ਼ਤ ਦੇ ਜਥੇਦਾਰ ਨੇ ਮੁੜ ਚੁੱਕਿਆ ਬੰਦੀ ਸਿੰਘਾਂ ਦਾ ਮੁੱਦਾ

## ਬੰਦੀ ਸਿੰਘਾਂ ਨੂੰ ਪੈਰੋਲ ਨਾ ਦੇਣ ਦੀ ਕੀਤੀ ਆਲੋਚਨਾ; ਡੇਰਾ ਮੁਖੀ ਦੀ ਪੈਰੋਲ ਦੀ ਕੀਤੀ ਨਿੰਦਾ



ਲਾਲੜੂ : ਸ੍ਰੀ ਅਕਾਲ ਤਖ਼ਤ ਅੰਮ੍ਰਿਤਸਰ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਇਕ ਵਾਰ ਫਿਰ ਚੁੱਕਿਆ ਹੈ। ਉਨ੍ਹਾਂ ਅੱਜ ਇਥੇ ਇਕ ਧਾਰਮਿਕ ਸਮਾਗਮ 'ਚ ਸ਼ਾਮਲ ਹੁੰਦਿਆਂ ਕਿਹਾ ਕਿ ਬੰਦੀ ਸਿੰਘਾਂ ਦਾ ਮਸਲਾ ਸਰਕਾਰਾਂ ਨੂੰ ਛੇਤੀ ਨਿਪਟਾਉਣਾ ਚਾਹੀਦਾ ਹੈ ਤਾਂ ਜੋ ਸਿੱਖ ਕੌਮ 'ਚ ਬੇਗਾਨਗੀ ਦਾ ਅਹਿਸਾਸ ਨਾ ਹੋਵੇ। ਧਾਰਮਿਕ ਸਮਾਗਮ ਵਿਚ ਸ਼ਿਰਕਤ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਭਾਰਤੀ ਹਕੂਮਤ ਸਿੱਖਾਂ ਨੂੰ ਗੁਲਾਮੀ ਵਾਲਾ ਅਹਿਸਾਸ ਕਰਵਾ ਰਹੀ ਹੈ। ਉਨ੍ਹਾਂ ਕਿਹਾ ਕਿ ਬੰਦੀ ਸਿੰਘ ਆਪਣੀਆਂ ਸਜ਼ਾਵਾਂ ਵੀ ਪੂਰੀਆਂ ਕਰ ਚੁੱਕੇ ਹਨ ਪਰ ਉਨ੍ਹਾਂ ਨੂੰ ਰਿਹਾਅ ਤਾਂ ਕੀ ਕਰਨਾ ਸੀ ਉਨ੍ਹਾਂ ਨੂੰ ਪੈਰੋਲ ਤੱਕ ਵੀ ਨਹੀਂ ਦਿੱਤੀ ਜਾ ਰਹੀ। ਉੱਧਰ, ਦੂਜੇ ਪਾਸੇ ਡੇਰਾ ਸਿਰਸਾ ਦੇ ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ ਦਿੱਤੀ ਜਾ ਰਹੀ ਹੈ ਜਿਸ ਨਾਲ ਸਿੱਖਾਂ 'ਚ ਵਿਤਕਰੇ ਦੀ ਭਾਵਨਾ ਪੈਦਾ ਹੋ ਰਹੀ ਹੈ। ਉਹ ਪੰਥ ਦੇ ਪ੍ਰਸਿੱਧ ਢਾਡੀ ਮੋਹਨ ਸਿੰਘ ਬੜਾਣਾਂ ਵੱਲੋਂ ਕਰਵਾਏ ਧਾਰਮਿਕ ਸਮਾਗਮ ਵਿੱਚ ਸ਼ਿਰਕਤ ਕਰਨ ਲਈ ਆਏ ਸਨ।

ਇਸ ਮੌਕੇ ਉਨ੍ਹਾਂ ਦੇ ਨਾਲ ਤਖਤ ਸ੍ਰੀ ਦਮਦਮਾ ਸਹਿਬ ਤਲਵੰਡੀ ਸਾਬੋ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਗਿਆਨੀ ਜਗਤਾਰ ਸਿੰਘ, ਬਾਬਾ ਸੱਜਣ ਸਿੰਘ ਸਾਬਕਾ ਹਜ਼ੂਰੀ ਰਾਗੀ ਦਰਬਾਰ ਸਾਹਿਬ, ਡਾ. ਅਮਰੀਕ ਸਿੰਘ ਬੇਗੋਵਾਲ, ਗਿਆਨੀ ਸਾਹਿਬ ਸਿੰਘ ਪਾਣੀਪਤ ਹਾਜ਼ਰ ਸਨ।

# ਭਾਰਤ ਬੰਦ ਸਬੰਧੀ 32 ਕਿਸਾਨ ਜਥੇਬੰਦੀਆਂ ਵੱਲੋਂ ਲਾਮਬੰਦੀ



ਲੁਧਿਆਣਾ : ਇੱਥੇ ਸੰਯੁਕਤ ਕਿਸਾਨ ਮੋਰਚਾ ਨਾਲ ਸਬੰਧਤ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਦੀ ਮੀਟਿੰਗ ਹੋਈ। ਇਸ ਵਿੱਚ ਸੰਯੁਕਤ ਕਿਸਾਨ ਮੋਰਚਾ ਅਤੇ ਟਰੇਡ ਯੂਨੀਅਨਾਂ ਦੇ ਤਾਲਮੇਲ ਵੱਲੋਂ ਦਿੱਤੇ 16 ਫਰਵਰੀ ਦੇ ਭਾਰਤ ਬੰਦ ਦੇ ਸੱਦੇ ਨੂੰ ਸਫ਼ਲ ਬਣਾਉਣ ਲਈ ਤਿਆਰੀਆਂ ਵਿੱਢਣ ਖ਼ਾਤਰ ਵਿਚਾਰਾਂ ਹੋਈਆਂ। ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਹੋਈ ਮੀਟਿੰਗ ਦੀ ਪ੍ਰਧਾਨਗੀ ਬਲਬੀਰ ਸਿੰਘ ਰਾਜੇਵਾਲ, ਨਿਰਭੈ ਸਿੰਘ ਢੁੱਡੀਕੇ ਅਤੇ ਜੰਗਵੀਰ ਸਿੰਘ ਚੌਹਾਨ ਨੇ ਕੀਤੀ। ਇਸ ਦੌਰਾਨ 16 ਫਰਵਰੀ ਦੇ ਬੰਦ ਨੂੰ ਸਫ਼ਲ ਬਣਾਉਣ ਲਈ ਵੱਖ-ਵੱਖ ਪ੍ਰੋਗਰਾਮ ਉਲੀਕਦਿਆਂ ਕਿਸਾਨ ਆਗੂਆਂ ਦੀਆਂ ਜ਼ਿੰਮੇਵਾਰੀਆਂ ਲਗਾਈਆਂ ਗਈਆਂ। ਸਮਾਜ ਦੇ ਸਾਰੇ ਵਰਗਾਂ ਅਤੇ ਜਥੇਬੰਦੀਆਂ ਨਾਲ ਤਾਲਮੇਲ ਕਰਨ ਤੇ ਸਹਿਯੋਗ ਲੈਣ ਲਈ 31 ਜਨਵਰੀ ਨੂੰ ਲੁਧਿਆਣਾ ਵਿੱਚ ਮੀਟਿੰਗ ਕਰਨ ਦਾ ਫ਼ੈਸਲਾ ਕੀਤਾ ਗਿਆ। ਇਸ ਵਿੱਚ ਸ਼ਾਮਿਲ ਹੋਣ ਲਈ ਆੜ੍ਹਤੀ ਐਸੋਸੀਏਸ਼ਨਾਂ, ਟਰਾਂਸਪੋਰਟ ਜਥੇਬੰਦੀਆਂ, ਟਰੇਡ ਯੂਨੀਅਨਾਂ, ਵਿਦਿਆਰਥੀ, ਨੌਜਵਾਨ, ਔਰਤ ਅਤੇ ਮੁਲਾਜ਼ਮ ਜਥੇਬੰਦੀਆਂ ਨੂੰ ਸੱਦਾ ਭੇਜਿਆ ਗਿਆ। ਇਸੇ ਤਰ੍ਹਾਂ ਕਿਸਾਨਾਂ ਦੀ ਪਿੰਡ ਪੱਧਰ ਤੱਕ ਲਾਮਬੰਦੀ ਲਈ 9 ਫਰਵਰੀ ਨੂੰ ਤਹਿਸੀਲ ਪੱਧਰ 'ਤੇ ਰੋਸ ਮਾਰਚ ਕਰਨ ਦਾ ਫ਼ੈਸਲਾ ਵੀ ਕੀਤਾ ਗਿਆ ਹੈ। ਮੀਟਿੰਗ ਦੌਰਾਨ 32 ਕਿਸਾਨ ਜਥੇਬੰਦੀਆਂ ਨੇ ਬੰਦ ਨੂੰ ਸਫ਼ਲ ਕਰਨ ਲਈ 16 ਫਰਵਰੀ ਨੂੰ ਜ਼ਿਲ੍ਹਾ ਤੇ ਤਹਿਸੀਲ ਕੇਂਦਰਾਂ ਦੀਆਂ ਮੁੱਖ ਸੜਕਾਂ ਅਤੇ ਚੌਕਾਂ 'ਤੇ ਵੱਡੇ ਇਕੱਠ ਕਰਕੇ ਜਾਮ ਕਰਨ ਦਾ ਫ਼ੈਸਲਾ ਵੀ ਕੀਤਾ ਹੈ। ਇਸ ਮੌਕੇ ਸਰਬਸੰਮਤੀ ਨਾਲ ਫ਼ੈਸਲਾ ਕਰਕੇ ਐਲਾਨ ਕੀਤਾ ਕਿ ਪੰਜਾਬ ਦੇ ਪਾਣੀਆਂ ਅਤੇ ਵਾਤਾਵਰਨ ਨਾਲ ਸਬੰਧਤ ਮੁੱਦਿਆਂ, ਕਰਜ਼ਾ ਮੁਕਤੀ, ਸੰਘੀ ਢਾਂਚੇ ਉੱਪਰ ਹੋ ਰਹੇ ਹਮਲਿਆਂ ਕਾਰਨ ਸੂਬੇ ਦੇ ਅਧਿਕਾਰਾਂ 'ਤੇ ਵੱਜ ਰਹੀ ਸੱਟ ਅਤੇ ਐੱਮਐੱਸਪੀ ਦੇ ਸਵਾਲ 'ਤੇ ਭਵਿੱਖੀ ਸੰਘਰਸ਼ ਦੀ ਅਗਲੀ ਰਣਨੀਤੀ ਘੜਨ ਲਈ 18 ਫਰਵਰੀ ਨੂੰ ਚੰਡੀਗੜ੍ਹ ਵਿੱਖੇ ਮੀਟਿੰਗ ਕੀਤੀ ਜਾਵੇਗੀ। ਮੀਟਿੰਗ ਵਿੱਚ ਡਾ. ਦਰਸ਼ਨਪਾਲ, ਪਰਮਿੰਦਰ ਸਿੰਘ ਪਾਲ ਮਾਜਰਾ, ਬਲਦੇਵ ਸਿੰਘ ਨਿਹਾਲਗੜ੍ਹ, ਬੂਟਾ ਸਿੰਘ ਬੁਰਜਗਿੱਲ ਹਾਜ਼ਰ ਸਨ।

# ਸਿੱਖ ਆਗੂਆਂ ਨੂੰ ਹਿਰਾਸਤ 'ਚ ਲੈਣ ਖ਼ਿਲਾਫ਼ ਭੁੱਖ ਹੜਤਾਲ ਸ਼ੁਰੂ



ਸਮਾਣਾ : ਪੁਲੀਸ ਨੇ ਬਾਬਾ ਦੇਵਗਿਰੀ ਦੀ ਸਮਾਧ ਦੀ ਵਿਵਾਦਿਤ ਥਾਂ 'ਤੇ ਧਾਰਮਿਕ ਚਿੰਨ੍ਹ ਲਗਾਉਣ ਜਾ ਰਹੇ ਸਿੱਖ ਜਥੇਬੰਦੀਆਂ ਦੇ ਕੁਝ ਆਗੂਆਂ ਨੂੰ ਹਿਰਾਸਤ ਵਿੱਚ ਲੈ ਲਿਆ। ਇਸ ਦੌਰਾਨ ਹੋਈ ਝੜਪ ਦੌਰਾਨ ਇੱਕ ਪੁਲੀਸ ਮੁਲਾਜ਼ਮ ਵੀ ਜ਼ਖ਼ਮੀ ਹੋ ਗਿਆ। ਪੁਲਿਸ ਨੇ ਹਿਰਾਸਤ ਵਿੱਚ ਲਏ ਵਿਅਕਤੀਆਂ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਇਸ ਦੇ ਰੋਸ ਵਜੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਕੁਲਦੀਪ ਸਿੰਘ ਨੱਸੂਪੁਰ ਨੇ ਗੁਰਦੁਆਰਾ ਟਰੱਕ ਯੂਨੀਅਨ ਵਿੱਚ ਅਣਮਿਥੇ ਸਮੇਂ ਦੀ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ। ਜ਼ਿਕਰਯੋਗ ਹੈ ਕਿ ਬਾਬਾ ਦੇਵਗਿਰੀ ਦੇ ਪੈਰੋਕਾਰ ਉਕਤ ਵਿਵਾਦਿਤ ਜਗ੍ਹਾ 'ਤੇ ਆਪਣਾ ਹੱਕ ਸਮਝਦੇ ਹਨ ਜਦਕਿ ਸ੍ਰੀ ਗੁਰੂ ਸਿੰਘ ਸਭਾ ਸਮਾਣਾ ਦੇ ਲੋਕ ਉਸ ਜਗ੍ਹਾ ਨੂੰ ਆਪਣੀ ਮਲਕੀਅਤ ਦੱਸਦੇ ਹਨ। ਇਸ ਥਾਂ 'ਤੇ ਦੋਵਾਂ ਧਿਰਾਂ ਵੱਲੋਂ ਆਪਣਾ ਹੱਕ ਜਤਾਉਣ ਕਾਰਨ ਅਦਾਲਤ ਨੇ ਧਾਰਾ 145 ਲਗਾ ਕੇ ਇਸ ਸਾਈਟ ਨੂੰ ਪ੍ਰਸ਼ਾਸਨ ਅਧੀਨ ਕੀਤਾ ਹੋਇਆਂ ਹੈ ਕੁਝ ਮਹੀਨੇ ਪਹਿਲਾਂ ਗੁਰਦੁਆਰਾ ਸਿੰਘ ਸਭਾ ਦੇ ਆਗੂਆਂ ਨੇ ਅਦਾਲਤ ਦੇ ਫੈਸਲੇ ਤੋਂ ਬਿਨਾਂ ਵਿਵਾਦਿਤ ਜਗ੍ਹਾ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਸੀ ਜਿਸ 'ਤੇ ਪੁਲੀਸ ਪ੍ਰਸ਼ਾਸਨ ਨੇ ਤੁਰੰਤ ਕਾਰਵਾਈ ਕਰਦਿਆਂ ਵਿਵਾਦਿਤ ਜਗ ?ਹਾ ਦੇ ਦੁਆਲੇ ਕੰਡਿਆਲੀ ਤਾਰ ਲਗਾ ਕੇ ਦਿੱਤੀ ਸੀ। ਗੁਰਦੁਆਰਾ ਟੱਰਕ ਯੂਨੀਅਨ ਵਿੱਚ ਇਕੱਠੇ ਹੋਏ ਸਿੱਖ ਜਥੇਬੰਦੀਆਂ ਦੇ ਲੋਕ ਦੁਪਹਿਰ ਸਮੇਂ ਵਿਵਾਦਿਤ ਸਥਾਨ 'ਤੇ ਧਾਰਮਿਕ ਚਿੰਨ੍ਹ ਲਗਾਉਣ ਲਈ ਜਾ ਰਹੇ ਸਨ ਤਾਂ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਅੰਬੇਡਕਰ ਚੌਕ 'ਚ ਰੋਕ ਲਿਆ, ਜਿਸ ਤੋਂ ਬਾਅਦ ਉਨ੍ਹਾਂ ਨੇ ਸੜਕ 'ਤੇ ਧਰਨਾ ਲਗਾ ਦਿੱਤਾ ਅਤੇ ਸਰਕਾਰ ਖਿਲਾਫ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਪ੍ਰਸ਼ਾਸਨਿਕ ਤੇ ਪੁਲੀਸ ਅਧਿਕਾਰੀਆਂ ਨੇ ਵਾਰ-ਵਾਰ ਸਿੱਖ ਆਗੂਆਂ ਨੂੰ ਵਿਵਾਦਿਤ ਥਾਂ 'ਤੇ ਨਾ ਜਾਣ ਦੀ ਅਪੀਲ ਕੀਤੀ ਕਿਉਂਕਿ ਮਾਮਲਾ ਅਦਾਲਤ 'ਚ ਵਿਚਾਰ ਅਧੀਨ ਹੈ ਪਰ ਅੜੀਅਲ ਹੋਣ ਕਾਰਨ ਪੁਲੀਸ ਨੇ ਜਦੋਂ ਜਬਰੀ ਧਰਨਾ ਚੁੱਕਣ ਦੀ ਕੋਸ਼ਿਸ਼ ਕੀਤੀ ਤਾਂ ਇਸ ਦੌਰਾਨ ਸਿਟੀ ਟਰੈਫਿਕ ਇੰਚਾਰਜ ਸੁਖਵਿੰਦਰ ਸਿੰਘ ਜ਼ਖਮੀ ਹੋ ਗਿਆ। ਮਾਮਲਾ ਹੋਰ ਜ਼ਿਆਦਾ ਗੰਭੀਰ ਹੋਣ 'ਤੇ ਪੁਲਿਸ ਨੇ ਕੁਲਦੀਪ ਸਿੰਘ ਨੱਸੂਪੁਰ, ਰਾਜਿੰਦਰ ਸਿੰਘ ਛੰਨਾ, ਸਤਪਾਲ ਸਵੀਟੀ, ਸਵਰੂਪ ਸਿੰਘ ਸੰਦਾਂ ਸਮੇਤ ਡੇਢ ਦਰਜਨ ਵਿਅਕਤੀਆਂ ਨੂੰ ਹਿਰਾਸਤ 'ਚ ਲੈ ਲਿਆ। ਇਸ ਸਬੰਧੀ ਜਥੇਦਾਰ ਕੁਲਦੀਪ ਸਿੰਘ ਨੱਸੂਪੁਰ ਨੇ ਦੱਸਿਆ ਕਿ ਉਨ੍ਹਾਂ ਦੇ ਸੱਤ ਵਿਅਕਤੀ ਜੋ ਹਾਲੇ ਵੀ ਹਿਰਾਸਤ ਵਿੱਚ ਹਨ, ਉਨ੍ਹਾਂ ਨੂੰ ਛਡਾਉਣ ਲਈ ਤੇ ਉਨ੍ਹਾਂ ਦੀ ਜਗ੍ਹਾ ਤੇ ਪ੍ਰਸ਼ਾਸਨ ਵੱਲੋਂ ਜੋ ਧੱਕਾ ਕੀਤਾ ਜਾ ਰਿਹਾ ਹੈ ਉਸ ਖਿਲਾਫ ਉਹਨਾਂ ਨੇ ਭੁੱਖ ਹੜਤਾਲ ਸ਼ੁਰੂ ਕੀਤੀ ਹੈ ਜੋ ਉਨ੍ਹਾਂ ਦੀ ਮੰਗ ਪੂਰੀ ਹੋਣ ਤੱਕ ਜਾਰੀ ਰਹੇਗੀ।

# ਸੁਖਬੀਰ ਵਲੋਂ 1 ਫਰਵਰੀ ਤੋਂ ਸ਼ੁਰੂ ਹੋ ਰਹੀ ਪੰਜਾਬ ਬਚਾਓ ਯਾਤਰਾ ਦਾ ਕੈਲੰਡਰ ਰਿਲੀਜ਼



ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ 1 ਫਰਵਰੀ ਤੋਂ ਸ਼ੁਰੂ ਹੋ ਰਹੀ ਪਾਰਟੀ ਦੀ 'ਪੰਜਾਬ ਬਚਾਓ ਯਾਤਰਾ' ਦਾ ਕੈਲੰਡਰ ਅਤੇ ਨਾਲ ਇਕ ਪਰਚਾ ਜਾਰੀ ਕੀਤਾ, ਜਿਸ ਵਿਚ ਅਕਾਲੀ ਦਲ ਸਰਕਾਰਾਂ ਦੀਆਂ ਪ੍ਰਾਪਤੀਆਂ ਦੇ ਨਾਲ-ਨਾਲ ਆਮ ਆਦਮੀ ਪਾਰਟੀ (ਆਪ) ਸਰਕਾਰ ਦੇ ਹਰ ਮੁਹਾਜ਼ 'ਤੇ ਅਸਫਲ ਹੋਣ ਦੀਆਂ ਤਸਵੀਰਾਂ ਸ਼ਾਮਿਲ ਕੀਤੀਆਂ ਗਈਆਂ ਹਨ। ਪਿਛਲੀ ਅਕਾਲੀ ਦਲ ਦੀ ਸਰਕਾਰ ਦੀਆਂ ਪ੍ਰਾਪਤੀਆਂ ਉਜਾਗਰ ਕਰਦੇ ਪਰਚੇ (ਪੈਂਫਲੈਟ) ਵਿਚ ਦੱਸਿਆ ਗਿਆ ਹੈ ਕਿ ਕਿਵੇਂ ਅਕਾਲੀ ਦਲ ਨੇ ਨਾ ਸਿਰਫ਼ ਕਿਸਾਨਾਂ ਨੂੰ ਮੁਫ਼ਤ ਬਿਜਲੀ ਦਿੱਤੀ, ਬਲਕਿ 3.81 ਲੱਖ ਟਿਊਬਵੈਲ ਕੁਨੈਕਸ਼ਨ ਵੀ ਪ੍ਰਦਾਨ ਕੀਤੇ। ਇਹ ਵੀ ਦੱਸਿਆ ਗਿਆ ਹੈ ਕਿ ਕਿਵੇਂ ਅਕਾਲੀ ਦਲ ਦੀ ਸਰਕਾਰ ਵੇਲੇ ਸੜਕ ਨੈਟਵਰਕ ਸਿਸਟਮ ਨੂੰ ਪੂਰੀ ਤਰ੍ਹਾਂ ਨਵੇਂ ਸਿਰੇ ਤੋਂ ਬਣਾਇਆ ਗਿਆ ਤੇ 40 ਹਜ਼ਾਰ ਕਰੋੜ ਰੁਪਏ ਦੀ ਲਾਗਤ ਨਾਲ ਚਹੁੰ ਮਾਰਗੀ ਹਾਈਵੇ ਬਣਾਏ ਗਏ। ਇਹ ਵੀ ਦੱਸਿਆ ਗਿਆ ਕਿ ਸੂਬੇ ਦੇ ਛੇ ਵਿਚੋਂ ਪੰਜ ਥਰਮਲ ਪਲਾਂਟ ਅਕਾਲੀ ਦਲ ਦੀਆਂ ਸਰਕਾਰਾਂ ਵੇਲੇ ਲੱਗੇ ਅਤੇ ਅੰਮ੍ਰਿਤਸਰ, ਮੁਹਾਲੀ, ਬਠਿੰਡਾ, ਸਾਹਨੇਵਾਲ, ਆਦਮਪੁਰ ਤੇ ਪਠਾਨਕੋਟ ਹਵਾਈ ਅੱਡੇ ਇਸ ਦੀਆਂ ਸਰਕਾਰਾਂ ਵੇਲੇ ਬਣਾਏ ਗਏ। ਅਕਾਲੀ ਸਰਕਾਰ ਨੇ 3.5 ਲੱਖ ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਅਤੇ ਏਮਜ਼ ਬਠਿੰਡਾ, ਕੈਂਸਰ ਹਸਪਤਾਲ ਬਠਿੰਡਾ, ਹੋਮੀ ਭਾਬਾ ਇੰਸਟੀਚਿਊਟ, ਆਈ. ਆਈ. ਐਮ. ਅਤੇ ਆਈ. ਆਈ. ਟੀ. ਸਮੇਤ ਹੋਰ ਪ੍ਰਤੀਸ਼ਠਤ ਸੰਸਥਾਵਾਂ ਸਥਾਪਿਤ ਕੀਤੀਆਂ ਗਈਆਂ। ਇਨ੍ਹਾਂ ਪਰਚਿਆਂ ਵਿਚ ਦੱਸਿਆ ਗਿਆ ਕਿ ਦੂਜੇ ਪਾਸੇ ਭਗਵੰਤ ਮਾਨ ਸਰਕਾਰ ਪੰਜਾਬ ਨੂੰ ਤਬਾਹ ਕਰਨ 'ਤੇ ਤੁਲੀ ਹੈ। 'ਆਪ' ਸਰਕਾਰ ਨੇ 20 ਮਹੀਨਿਆਂ ਵਿਚ 60 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਲੈ ਲਿਆ, ਪਰ ਇਸ ਕੋਲ ਵਿਕਾਸ ਜਾਂ ਬੁਨਿਆਦੀ ਢਾਂਚੇ ਦੇ ਨਾਂਅ 'ਤੇ ਵਿਖਾਉਣ ਲਈ ਕੁਝ ਵੀ ਨਹੀਂ। ਇਸ ਤੋਂ ਇਲਾਵਾ 1500 ਕਰੋੜ ਰੁਪਏ ਇਸ਼ਤਿਹਾਰਬਾਜ਼ੀ 'ਤੇ ਆਪਣੀ ਪਬਲੀਸਿਟੀ 'ਤੇ ਬਰਬਾਦ ਕੀਤੇ ਜਾ ਰਹੇ ਹਨ ਅਤੇ ਸੈਂਕੜੇ ਕਰੋੜ ਰੁਪਏ 'ਆਪ' ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਹਵਾਈ ਸਫਰ ਤੇ ਚੋਣ ਮੁਹਿੰਮ ਪ੍ਰੋਗਰਾਮਾਂ 'ਤੇ ਖ਼ਰਚ ਕੀਤੇ ਜਾ ਰਹੇ ਹਨ। ਦੇਸ਼ ਭਰ ਵਿਚ ਹੋ ਰਹੇ ਇਨ੍ਹਾਂ ਸਾਰੇ ਪ੍ਰੋਗਰਾਮਾਂ ਦਾ ਖਰਚਾ ਪੰਜਾਬ ਦੇ ਸਰਕਾਰੀ ਖਜ਼ਾਨੇ ਵਿਚੋਂ ਕੀਤਾ ਜਾ ਰਿਹਾ ਹੈ। ਇਹ ਵੀ ਦੱਸਿਆ ਗਿਆ ਕਿ ਕਿਵੇਂ ਪੰਜਾਬ ਵਿਚੋਂ ਉਦਯੋਗ ਉੱਤਰ ਪ੍ਰਦੇਸ਼ ਤੇ ਹੋਰ ਰਾਜਾਂ ਵਿਚ ਜਾ ਰਹੇ ਹਨ, ਕਿਉਂਕਿ 'ਆਪ' ਸਰਕਾਰ ਕਾਨੂੰਨ ਵਿਵਸਥਾ ਬਣਾਈ ਰੱਖਣ ਵਿਚ ਬੁਰੀ ਤਰ੍ਹਾਂ ਅਸਫਲ ਰਹੀ ਹੈ।

# ਭਾਜਪਾ ਮਹਿਲਾ ਮੋਰਚਾ ਵਲੋਂ ਭਗਵੰਤ ਮਾਨ ਸਰਕਾਰ ਖ਼ਿਲਾਫ਼ ਅਰਥੀ ਫੂਕ ਮੁਜ਼ਾਹਰਾ

## ਇਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਨਾ ਦੇਣ ਤੇ ਨੀਲੇ ਕਾਰਡ ਕੱਟੇ ਜਾਣ ਕਾਰਨ ਫ਼ੁੱਟਿਆ ਔਰਤਾਂ ਦਾ ਗ਼ੁੱਸਾ



ਪਟਿਆਲਾ : ਵਿਧਾਨ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਵਲੋਂ ਸੱਤਾ ਵਿਚ ਆਉਣ ਲਈ ਪੰਜਾਬ ਦੀਆਂ ਔਰਤਾਂ ਨੂੰ ਸਰਕਾਰ ਬਣਨ 'ਤੇ ਇਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਦਾ ਕੀਤਾ ਗਿਆ ਵਾਅਦਾ ਸਰਕਾਰ ਦੇ ਦੋ ਸਾਲਾਂ ਦੇ ਕਾਰਜਕਾਲ ਦੌਰਾਨ ਵੀ ਵਫ਼ਾ ਨਾ ਹੋਣ ਕਾਰਨ ਔਰਤਾਂ ਵਿਚ ਸਰਕਾਰ ਪ੍ਰਤੀ ਰੋਸ ਵਧਣਾ ਸ਼ੁਰੂ ਹੋ ਗਿਆ ਹੈ, ਜਿਸ ਦੇ ਚਲਦਿਆਂ ਭਾਜਪਾ ਮਹਿਲਾ ਮੋਰਚਾ ਦੀ ਸੂਬਾ ਪ੍ਰਧਾਨ ਬੀਬਾ ਜੈਇੰਦਰ ਕੌਰ ਦੀ ਅਗਵਾਈ ਹੇਠ ਸੈਂਕੜੇ ਔਰਤਾਂ ਵਲੋਂ ਪਟਿਆਲਾ ਦੇ ਫੁਹਾਰਾ ਚੌਕ ਵਿਖੇ ਇਕੱਤਰ ਹੋ ਕੇ ਜਿਥੇ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ, ਉਥੇ ਹੀ ਇਨ੍ਹਾਂ ਔਰਤਾਂ ਵਲੋਂ ਮੁੱਖ ਮੰਤਰੀ ਭਗਵੰਤ ਮਾਨ ਦਾ ਚੌਕ ਵਿਚ ਪੁਤਲਾ ਵੀ ਫੂਕਿਆ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜੈਇੰਦਰ ਕੌਰ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਜਿਥੇ ਲੋਕਾਂ ਨਾਲ ਕੀਤੇ ਹਰ ਵਾਅਦੇ ਤੋਂ ਮੁਨਕਰ ਹੋ ਰਹੀ ਹੈ, ਉਥੇ ਹੀ ਔਰਤਾਂ ਨਾਲ ਇਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਦੇ ਕੀਤੇ ਆਪਣੇ ਵਾਅਦੇ ਤੋਂ ਵੀ ਭੱਜ ਚੁੱਕੀ ਹੈ। ਉਨ੍ਹਾਂ ਕਿਹਾ ਕਿ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਨੇ ਵਾਅਦਾ ਕੀਤਾ ਸੀ ਕਿ ਪੰਜਾਬ 'ਚ ਸਰਕਾਰ ਬਣਨ 'ਤੇ 18 ਸਾਲ ਜਾਂ ਉਸ ਤੋਂ ਵੱਧ ਉਮਰ ਦੀ ਹਰੇਕ ਵਰਗ ਦੀ ਔਰਤ ਨੂੰ 1 ਹਜ਼ਾਰ ਰੁਪਏ ਪ੍ਰਤੀ ਮਹੀਨਾ ਦਿੱਤਾ ਜਾਵੇਗਾ ਪਰ ਸਰਕਾਰ ਨੇ 1 ਹਜ਼ਾਰ ਰੁਪਏ ਪ੍ਰਤੀ ਮਹੀਨਾ ਤਾਂ ਕੀ ਦੇਣਾ ਸੀ, ਸਗੋਂ ਪੰਜਾਬ ਦੇ ਕਰੀਬ 11 ਲੱਖ ਲੋੜਵੰਦ ਪਰਿਵਾਰਾਂ ਦੇ ਨੀਲੇ ਕਾਰਡ ਵੀ ਕੱਟ ਦਿੱਤੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਪਹਿਲਾਂ ਇਹ ਕਹਿ ਕੇ ਨੀਲੇ ਕਾਰਡ ਕੱਟ ਦਿੱਤੇ ਗਏ ਸਨ ਕਿ ਇਨ੍ਹਾਂ ਕਾਰਡਾਂ ਦੀ ਮੁੜ ਤੋਂ ਪੜਤਾਲ ਹੋਵੇਗੀ ਅਤੇ ਹੁਣ ਪੰਜਾਬ ਸਰਕਾਰ ਨੇ ਇਨ੍ਹਾਂ ਸਾਰੇ ਕਾਰਡਾਂ ਨੂੰ ਦੁਬਾਰਾ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ ਹੈ ਪਰ ਜਦੋਂ ਤੱਕ ਇਸ ਸੰਬੰਧੀ ਕੋਈ ਨੋਟੀਫ਼ ?ਕੇਸ਼ਨ ਜਾਰੀ ਨਹੀਂ ਕੀਤਾ ਜਾਂਦਾ, ਉਦੋਂ ਤੱਕ ਸਰਕਾਰ ਦੇ ਇਸ ਐਲਾਨ 'ਤੇ ਯਕੀਨ ਨਹੀਂ ਕੀਤਾ ਜਾ ਸਕਦਾ। ਜੈਇੰਦਰ ਕੌਰ ਨੇ ਕਿਹਾ ਕਿ ਝੂਠ ਅਤੇ ਚੁਟਕਲਿਆਂ ਦੀ ਬੁਨਿਆਦ 'ਤੇ ਬਣੀ ਇਸ ਪੰਜਾਬ ਸਰਕਾਰ ਨੂੰ ਮਹਿਲਾਵਾਂ ਨਾਲ ਕੀਤਾ ਵਾਅਦਾ ਹਰ ਹੀਲੇ ਪੂਰਾ ਕਰਨਾ ਪਵੇਗਾ ਅਤੇ ਜੇਕਰ ਆਉਂਦੇ ਦਿਨਾਂ ਵਿਚ ਸਰਕਾਰ ਨੇ ਆਪਣੇ ਇਸ ਵਾਅਦੇ ਨੂੰ ਲਾਗੂ ਨਾ ਕੀਤਾ ਤਾਂ ਭਾਰਤੀ ਜਨਤਾ ਪਾਰਟੀ ਦੇ ਮਹਿਲਾ ਮੋਰਚਾ ਦੀ ਸਾਰੀ ਟੀਮ ਪੰਜਾਬ ਦੀਆਂ ਔਰਤਾਂ ਨੂੰ ਨਾਲ ਲੈ ਕੇ ਸਰਕਾਰ ਦੇ ਨੱਕ ਵਿਚ ਦਮ ਕਰ ਦੇਵੇਗੀ। ਉਨ੍ਹਾਂ ਕਿਹਾ ਕਿ ਆਉਂਦੇ ਦਿਨਾਂ 'ਚ ਭਾਜਪਾ ਮਹਿਲਾ ਮੋਰਚਾ ਵਲੋਂ ਪੰਜਾਬ ਸਰਕਾਰ ਖ਼ਿਲਾਫ਼ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ ਅਤੇ ਹਰ ਪਲੇਟਫ਼ਾਰਮ 'ਤੇ ਮਹਿਲਾ ਮੋਰਚਾ ਦੀਆਂ ਆਗੂ ਤੇ ਵਰਕਰ ਸਰਕਾਰ ਦੇ ਨੁਮਾਇੰਦਿਆਂ ਨੂੰ ਘੇਰਨਗੀਆਂ।

# 1986 ਸਾਕਾ ਨਕੋਦਰ ਦੇ ਸ਼ਹੀਦਾਂ ਦਾ 38ਵਾਂ ਸ਼ਹੀਦੀ ਦਿਹਾੜਾ ਦੇਸ਼ਾਂ ਵਿਦੇਸ਼ਾਂ 'ਚ ਮਨਾਇਆ ਜਾਵੇਗਾ




ਕੈਲੀਫੋਰਨੀਆ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਲਈ ਨਕੋਦਰ ਵਿਖੇ 4 ਫਰਵਰੀ 1986 ਨੂੰ ਸ਼ਹਾਦਤਾਂ ਦੀ ਦਾਤ ਪ੍ਰਾਪਤ ਕਰਨ ਵਾਲੇ ਸਾਕਾ ਨਕੋਦਰ ਦੇ ਸ਼ਹੀਦ ਸਿੰਘਾਂ - ਸ਼ਹੀਦ ਭਾਈ ਰਵਿੰਦਰ ਸਿੰਘ, ਸ਼ਹੀਦ ਭਾਈ ਹਰਮਿੰਦਰ ਸਿੰਘ, ਸ਼ਹੀਦ ਭਾਈ ਬਲਧੀਰ ਸਿੰਘ ਅਤੇ ਸ਼ਹੀਦ ਭਾਈ ਝਲਮਣ ਸਿੰਘ ਦੇ 38ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ, 2 ਫ਼ਰਵਰੀ ਦਿਨ ਸ਼ੁੱਕਰਵਾਰ ਸਵੇਰ 9:30 ਵਜੇ ਗੁਰਦਵਾਰਾ ਸਾਹਿਬ ਫਰੀਮੌਂਟ, ਕੈਲੀਫ਼ੋਰਨੀਆ ਵਿਖੇ ਅਰੰਭ ਹੋਣਗੇ ਤੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ, ਅਰਦਾਸ ਅਤੇ ਸ਼ਹੀਦੀ ਸਮਾਗਮ 4 ਫ਼ਰਵਰੀ ਦਿਨ ਐਤਵਾਰ ਹੋਣਗੇ। ਸਮੂਹ ਮਾਈ ਭਾਈ ਨੂੰ ਬੇਨਤੀ ਹੈ ਕਿ ਪੰਥ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਨ ਲਈ ਇਨ੍ਹਾਂ ਸਮਾਗਮਾਂ ਵਿੱਚ ਸ਼ਾਮਿਲ ਹੋਕੇ ਗੁਰੂ ਮਹਾਰਾਜ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ

ਭਾਈ ਰਵਿੰਦਰ ਸਿੰਘ ਜੀ ਲਿੱਤਰਾਂ, ਭਾਈ ਹਰਮਿੰਦਰ ਸਿੰਘ ਜੀ ਚਲੂਪੁਰ, ਭਾਈ ਝਿਲਮਣ ਸਿੰਘ ਜੀ ਗੋਰਸੀਆਂ ਅਤੇ ਭਾਈ ਬਲਧੀਰ ਸਿੰਘ ਜੀ ਰਾਮਗੜ੍ਹ ਦੇ 38ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ਼ਹੀਦੀ ਦਿਹਾੜੇ ਦੀਆਂ ਸੰਗਤਾਂ ਨੂੰ ਸਤਿਕਾਰ ਸਹਿਤ ਸੱਦਾ ਦਿੰਦੇ ਹਾਂ। ਇਨ੍ਹਾਂ ਬਹਾਦਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਇਨ੍ਹਾਂ ਬਹਾਦਰ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਅਤੇ ਯਾਦ ਕਰਨ ਲਈ ਆਪਣੇ ਪਰਿਵਾਰ ਸਮੇਤ ਹਾਜ਼ਰ ਹੋਵੋ।





ਸਾਕਾ ਨਕੋਦਰ ਦੇ ਸ਼ਹੀਦਾਂ




ਦੇ 38ਵੇਂ ਸ਼ਹੀਦੀ ਦਿਹਾੜੇ ਤੇ ਮਹਾਨ ਸ਼ਹੀਦੀ ਸਮਾ.ਗਮ

4 .ਫਰਵਰੀ 2024, ਦਿਨ ਐਤਵਾਰ ਨੂੰ


ਗੁਰਦਵਾਰਾ ਸਾਹਿਬ ਫਰੀਮੌਂਟ, ਕੈਲੀ.ਫੋਰਨੀਆ ਵਿਖੇ
ਪੂਰਨ ਸ਼ਰਧਾ ਅਤੇ ਸਤਿਕਾਰ ਸਹਿਤ ਮਨਾਇਆ ਜਾਵੇਗਾ।

ਪ੍ਰੋਗਰਾਮ

10 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ
ਉਪਰੰਤ ਕੀਰਤਨ ਸਮਾਗਮ ਅਤੇ ਕਥਾ ਵਿਚਾਰ
12 ਤੋਂ 1 ਵਜੇ ਤੱਕ ਸ਼ਹੀਦ ਸਿੰਘਾਂ ਜੀ ਦੇ ਜੀਵਨ
ਅਤੇ ਸ਼ੰਘਰਸ਼ ਸਬੰਧੀ ਵਿਸ਼ੇਸ਼ ਵਿਚਾਰਾਂ ਉਪਰੰਤ ਅਰਦਾਸ ਅਤੇ ਸਮਾਪਤੀ

Address: 300 Gurdwara Road, Fremont CA 94536
Phone: (510) 790-0177

# ਭਾਰਤ ਦੇ ਤਿੰਨ ਸੂਬਿਆਂ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਨੇ ਸਹੁੰ ਚੁੱਕੀ, ਹੇਮੰਤ ਸੋਰੇਨ ਗ੍ਰਿਫ਼ਤਾਰ ਅਤੇ ਅਰਵਿੰਦ ਕੇਜਰੀਵਾਲ ਨੂੰ ਸੰਮਨ







## ਭਾਜਪਾ ਨਾਲ ਯਾਰੀ- ਨਿਤਿਸ਼ ਦੀ ਨਵੀਂ ਪਾਰੀ

ਪਟਨਾ : ਜਨਤਾ ਦਲ-ਯੂ ਦੇ ਪ੍ਰਧਾਨ ਨਿਤਿਸ਼ ਕੁਮਾਰ ਨੇ ਐਤਵਾਰ ਨੂੰ ਰਿਕਾਰਡ 9ਵੀਂ ਵਾਰ ਬਿਹਾਰ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ, ਰਾਜਪਾਲ ਰਾਜੇਂਦਰ ਅਰਲੇਕਰ ਨੇ ਰਾਜ ਭਵਨ 'ਚ ਹੋਏ ਸਮਾਗਮ 'ਚ ਉਨ੍ਹਾਂ ਨੂੰ ਅਹੁਦੇ ਤੇ ਭੇਤ ਗੁਪਤ ਰੱਖਣ ਦੀ ਸਹੁੰ ਚੁਕਾਈ। ਨਿਤਿਸ਼ ਕੁਮਾਰ ਮਹਾਂਗੱਠਜੋੜ ਅਤੇ 'ਇੰਡੀਆ' ਧੜੇ ਨੂੰ ਛੱਡ ਕੇ ਮੁੜ ਐਨ.ਡੀ.ਏ. 'ਚ ਸ਼ਾਮਿਲ ਹੋ ਗਏ ਹਨ। ਬਿਹਾਰ 'ਚ ਸਾਰਾ ਦਿਨ ਚੱਲੇ ਸਿਆਸੀ ਡਰਾਮੇ ਦੌਰਾਨ ਨਿਤਿਸ਼ ਕੁਮਾਰ ਨੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਦੇ ਕੁਝ ਘੰਟਿਆਂ ਬਾਅਦ ਮੁੜ ਸੂਬੇ ਦੇ ਮੁੱਖ ਮੰਤਰੀ ਵਜੋਂ ਹਲਫ਼ ਲਿਆ। ਨਿਤਿਸ਼ ਕੁਮਾਰ ਦੀ ਨਵੀਂ ਸਰਕਾਰ 'ਚ ਭਾਜਪਾ ਆਗੂ ਵਿਜੇ ਕੁਮਾਰ ਸਿਨਹਾ ਤੇ ਸਮਰਾਟ ਚੌਧਰੀ ਨੂੰ (ਉਪ ਮੁੱਖ ਮੰਤਰੀ) ਤੇ ਪ੍ਰੇਮ ਕੁਮਾਰ ਨੇ ਮੰਤਰੀ ਵਜੋਂ ਸਹੁੰ ਚੁਕਾਈ ਗਈ ਹੈ। ਇਸ ਮੌਕੇ ਜਨਤਾ ਦਲ-ਯੂ ਦੇ ਵਿਜੇ ਕੁਮਾਰ ਚੌਧਰੀ, ਵਿਜੇਂਦਰ ਯਾਦਵ ਤੇ ਸ਼ਰਵਨ ਕੁਮਾਰ ਤੋਂ ਇਲਾਵਾ ਸੂਬੇ ਦੇ ਸਾਬਕਾ ਮੁੱਖ ਮੰਤਰੀ ਜੀਤਨ ਰਾਮ ਮਾਂਝੀ ਦੀ ਅਗਵਾਈ ਵਾਲੇ 'ਹਿਦੁਸਤਾਨ ਅਵਾਮ ਮੋਰਚਾ' ਦੇ ਸੰਤੋਸ਼ ਕੁਮਾਰ ਸੁਮਨ ਤੇ ਇਕ ਆਜ਼ਾਦ ਵਿਧਾਇਕ ਸੁਮੀਤ ਸਿੰਘ ਨੂੰ ਵੀ ਮੰਤਰੀ ਅਹੁਦੇ ਦੀ ਸਹੁੰ ਚੁਕਾਈ ਗਈ ਹੈ। ਸੂਤਰਾਂ ਅਨੁਸਾਰ ਮੰਤਰੀ-ਮੰਡਲ 'ਚ ਸ਼ਾਮਿਲ ਕੀਤੇ ਜਾਣ ਵਾਲੇ ਹੋਰ ਮੰਤਰੀਆਂ ਬਾਰੇ 1-2 ਦਿਨਾਂ 'ਚ ਫ਼ੈਸਲਾ ਕੀਤਾ ਜਾਵੇਗਾ। ਇਸ ਸਹੁੰ ਚੁੱਕ ਸਮਾਗਮ ਮੌਕੇ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਜੇ.ਪੀ. ਨੱਢਾ ਤੇ ਪਾਰਟੀ ਦੇ ਕਈ ਹੋਰ ਸੀਨੀਅਰ ਆਗੂ ਹਾਜ਼ਰ ਸਨ। ਇਸ ਸਹੁੰ ਚੁੱਕ ਸਮਾਗਮ ਦਾ ਵਿਰੋਧੀ ਧਿਰ ਮਹਾਂਗਠਬੰਧਨ 'ਚ ਸ਼ਾਮਿਲ ਪਾਰਟੀਆਂ-ਰਾਸ਼ਟਰੀ ਜਨਤਾ ਦਲ (ਆਰ.ਜੇ.ਡੀ.) ਤੇ ਕਾਂਗਰਸ ਨੇ ਬਾਈਕਾਟ ਕੀਤਾ। ਦੱਸਣਯੋਗ ਹੈ ਕਿ ਨਿਤਿਸ਼ ਕੁਮਾਰ ਨੇ ਐਤਵਾਰ ਸਵੇਰੇ ਮੁੱਖ ਮੰਤਰੀ ਵਜੋਂ ਇਹ ਆਖਦਿਆਂ ਅਸਤੀਫ਼ਾ ਦੇ ਦਿੱਤਾ ਸੀ ਕਿ 'ਮਹਾਂਗਠਬੰਧਨ' ਤੇ ਵਿਰੋਧੀ ਧਿਰਾਂ ਦੇ ਗੱਠਜੋੜ 'ਇੰਡੀਆ' 'ਚ ਉਸ ਲਈ ਸਭ ਚੀਜ਼ਾਂ ਠੀਕ ਨਹੀਂ ਚੱਲ ਰਹੀਆਂ ਤੇ ਇਸ ਦੇ ਨਾਲ ਹੀ ਉਨ੍ਹਾਂ ਵਲੋਂ ਭਾਜਪਾ ਦੇ ਸਮਰਥਨ ਨਾਲ ਨਵੀਂ ਸਰਕਾਰ ਦੇ ਬਣਾਉਣ ਦਾ ਦਾਅਵਾ ਪੇਸ਼ ਕਰਨ ਨਾਲ 18 ਮਹੀਨੇ ਪੁਰਾਣੀ 'ਮਹਾਂਗਠਬੰਧਨ' ਸਰਕਾਰ ਟੁੱਟ ਗਈ ਸੀ। ਜ਼ਿਕਰਯੋਗ ਹੈ ਕਿ ਬਿਹਾਰ ਦੀ 243 ਮੈਂਬਰੀ ਵਿਧਾਨ ਸਭਾ 'ਚ ਬਹੁਮਤ ਲਈ 122 ਵਿਧਾਇਕਾਂ ਦਾ ਸਮਰਥਨ ਜ਼ਰੂਰੀ ਹੈ, ਜਦਕਿ ਨਵੀਂ ਸਰਕਾਰ ਬਣਾਉਣ ਵਾਲੇ ਨਿਤਿਸ਼ ਕੁਮਾਰ ਨੂੰ ਜਨਤਾ ਦਲ-ਯੂ ਦੇ 44, ਭਾਜਪਾ ਦੇ 78, ਹਿੰਦੁਸਤਾਨ ਅਵਾਮ ਮੋਰਚਾ ਦੇ 4 ਤੇ ਇਕ ਆਜ਼ਾਦ ਵਿਧਾਇਕ ਸਮੇਤ 127 ਵਿਧਾਇਕਾਂ ਦਾ ਸਮਰਥਨ ਹਾਸਿਲ ਹੈ, ਜਦਕਿ ਵਿਰੋਧੀ ਧਿਰ ਆਰ.ਜੇ.ਡੀ. ਦੇ 79 ਕਾਂਗਰਸ ਦੇ 19 ਤੇ ਕਮਿਊਨਿਸਟ ਪਾਰਟੀਆਂ ਦੇ 16 ਵਿਧਾਇਕਾਂ ਸਮੇਤ ਕੁੱਲ 114 ਵਿਧਾਇਕ ਹਨ, ਜੋ ਬਹੁਮਤ ਤੋਂ 8 ਘੱਟ ਹਨ।

## ਅਸਤੀਫ਼ਾ ਦੇਣ ਬਾਅਦ ਹੇਮੰਤ ਸੋਰੇਨ ਈ.ਡੀ. ਵਲੋਂ ਗ੍ਰਿਫ਼ਤਾਰ

ਰਾਂਚੀ : ਝਾਰਖੰਡ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਤੋਂ ਬਾਅਦ ਜੇ.ਐਮ.ਐਮ. ਆਗੂ ਹੇਮੰਤ ਸੋਰੇਨ ਨੂੰ ਬੁੱਧਵਾਰ ਰਾਤ ਨੂੰ ਹਵਾਲਾ ਮਾਮਲੇ 'ਚ ਈ. ਡੀ. ਵਲੋਂ ਗ੍ਰਿਫ਼ਤਾਰ ਕਰ ਲਿਆ ਗਿਆ, ਜਦੋਂ ਕਿ ਸ਼ਿਬੂ ਸੋਰੇਨ ਦੇ ਵਫ਼ਾਦਾਰ ਤੇ ਰਾਜ ਦੇ ਟਰਾਂਸਪੋਰਟ ਮੰਤਰੀ ਚੰਪਈ ਸੋਰੇਨ ਦਾ ਨਾਂਅ ਮੁੱਖ ਮੰਤਰੀ ਵਜੋਂ ਪ੍ਰਸਤਾਵਿਤ ਕੀਤਾ ਗਿਆ। ਹੇਮੰਤ ਸੋਰੇਨ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਹਵਾਲਾ ਮਾਮਲੇ 'ਚ ਸੱਤ ਘੰਟੇ ਤੋਂ ਵੱਧ ਸਮਾਂ ਪੁੱਛਗਿੱਛ ਕਰਨ ਬਾਅਦ ਗ੍ਰਿਫ਼ਤਾਰ ਕਰ ਲਿਆ। ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਈ.ਡੀ. ਦਫ਼ਤਰ ਲਿਜਾਇਆ ਗਿਆ, ਜਿਥੇ ਉਨ੍ਹਾਂ ਦੀ ਡਾਕਟਰੀ ਜਾਂਚ ਕੀਤੀ ਗਈ। ਗ੍ਰਿਫ਼ਤਾਰੀ ਤੋਂ ਪਹਿਲਾਂ ਸੋਰੇਨ ਨੇ ਗੱਠਜੋੜ ਦੇ ਵਿਧਾਇਕਾਂ ਨਾਲ ਜਾ ਕੇ ਰਾਜ ਭਵਨ 'ਚ ਰਾਜਪਾਲ ਸੀ.ਪੀ. ਰਾਧਾਕ੍ਰਿਸ਼ਨਨ ਨੂੰ ਆਪਣਾ ਅਸਤੀਫ਼ਾ ਸੌਂਪਿਆ। ਸੂਬਾ ਕਾਂਗਰਸ ਪ੍ਰਧਾਨ ਰਾਜੇਸ਼ ਠਾਕੁਰ ਨੇ ਕਿਹਾ ਕਿ ਹੇਮੰਤ ਸੋਰੇਨ ਨੇ ਝਾਰਖੰਡ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਸੱਤਾਧਾਰੀ ਜੇ.ਐਮ.ਐਮ.-ਕਾਂਗਰਸ-ਆਰ.ਜੇ.ਡੀ. ਗੱਠਜੋੜ ਨੇ ਨਵੇਂ ਮੁੱਖ ਮੰਤਰੀ ਵਜੋਂ ਜੇ.ਐਮ.ਐਮ. ਦੇ ਸੀਨੀਅਰ ਨੇਤਾ ਚੰਪਈ ਸੋਰੇਨ ਦੇ ਨਾਂਅ ਦਾ ਪ੍ਰਸਤਾਵ ਕੀਤਾ। ਜੇ.ਐਮ.ਐਮ. ਵਿਧਾਇਕ ਦਲ ਦੇ ਨੇਤਾ ਚੰਪਈ ਸੋਰੇਨ ਨੇ ਪੱਤਰਕਾਰਾਂ ਨੂੰ ਕਿਹਾ ਕਿ ਉਨ੍ਹਾਂ ਨੇ 47 ਵਿਧਾਇਕਾਂ ਦੇ ਸਮਰਥਨ ਨਾਲ ਨਵੀਂ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕੀਤਾ। ਇਸ ਤੋਂ ਪਹਿਲਾਂ ਹੇਮੰਤ ਸੋਰੇਨ ਦੀ ਰਿਹਾਇਸ਼ 'ਤੇ ਇਕੱਠੇ ਹੋਏ ਵਿਧਾਇਕਾਂ ਨੇ ਟਰਾਂਸਪੋਰਟ ਮੰਤਰੀ ਚੰਪਈ ਸੋਰੇਨ ਨੂੰ ਜੇ.ਐਮ.ਐਮ. ਵਿਧਾਇਕ ਦਲ ਦਾ ਨੇਤਾ ਚੁਣਿਆ ਤੇ ਪਾਰਟੀ ਬੁਲਾਰੇ ਵਿਨੋਦ ਪਾਂਡੇ ਨੇ ਕਿਹਾ ਕਿ ਉਨ੍ਹਾਂ ਦੇ ਨਾਂਅ 'ਤੇ ਸਹਿਮਤੀ ਬਣੀ। 1991 ਤੋਂ ਹੁਣ ਤੱਕ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਸੇਰੀਕੇਲਾ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਚੰਪਈ ਸੋਰੇਨ ਨੂੰ ਜੇ.ਐਮ.ਐਮ. ਮੁਖੀ ਸ਼ਿਬੂ ਸੋਰੇਨ ਦੇ ਵਫ਼ਾਦਾਰ ਵਜੋਂ ਜਾਣਿਆ ਜਾਂਦਾ ਹੈ। ਝਾਰਖੰਡ ਦੇ ਸਰਾਏਕੇਲਾ-ਖਰਸਾਵਨ ਜ਼ਿਲ੍ਹੇ ਦੇ ਜਿਲਿੰਗਗੋਰਾ ਪਿੰਡ 'ਚ ਨਵੰਬਰ 1956 ਵਿੱਚ ਜਨਮੇ, ਚੰਪਈ ਸੋਰੇਨ ਮੈਟ੍ਰਿਕ ਪਾਸ ਹਨ। ਉਹ ਇਕ ਕਿਸਾਨ ਦੇ ਪੁੱਤਰ ਹਨ ਅਤੇ ਹੇਮੰਤ ਸੋਰੇਨ ਦੇ ਪਰਿਵਾਰ ਨਾਲ ਸੰਬੰਧਿਤ ਨਹੀਂ ਹਨ। ਸੂਤਰਾਂ ਨੇ ਦਾਅਵਾ ਕੀਤਾ ਕਿ 48 ਸਾਲਾ ਹੇਮੰਤ ਸੋਰੇਨ ਨੇ ਈ.ਡੀ. ਦੀ ਪੁੱਛਗਿੱਛ ਦੌਰਾਨ ਗੋਲਮੋਲ ਜਵਾਬ ਦਿੱਤੇ ਅਤੇ ਇਸ ਲਈ ਉਨ੍ਹਾਂ ਨੂੰ ਹਵਾਲਾ ਰੋਕੂ ਕਾਨੂੰਨ ਤਹਿਤ ਹਿਰਾਸਤ 'ਚ ਲਿਆ ਗਿਆ ਸੀ। ਸੂਤਰਾਂ ਨੇ ਦੱਸਿਆ ਕਿ ਈ.ਡੀ. ਵਲੋਂ ਸੋਰੇਨ ਨੂੰ ਇਥੇ ਇਕ ਵਿਸ਼ੇਸ਼ ਪੀ.ਐਮ.ਐਲ.ਏ. ਅਦਾਲਤ 'ਚ ਪੇਸ਼ ਕਰਨ ਦੀ ਉਮੀਦ ਹੈ। ਸੂਤਰਾਂ ਨੇ ਕਿਹਾ ਕਿ ਏਜੰਸੀ ਨੇ ਮਾਮਲੇ 'ਚ ਦੂਜੇ ਦੌਰ ਦੀ ਪੁੱਛਗਿੱਛ ਦੌਰਾਨ ਸੋਰੇਨ ਨੂੰ 15 ਸਵਾਲ ਪੁੱਛੇ। ਉਨ੍ਹਾਂ ਤੋਂ ਪਹਿਲੀ ਵਾਰ 20 ਜਨਵਰੀ ਨੂੰ ਪੁੱਛਗਿੱਛ ਕੀਤੀ ਗਈ। ਝਾਰਖੰਡ ਮੁਕਤੀ ਮੋਰਚਾ ਨੇਤਾ ਖ਼ਿਲਾਫ਼ ਹਵਾਲਾ ਦੇ ਦੋਸ਼ ਭੂ-ਮਾਫੀਆ ਦੇ ਮੈਂਬਰਾਂ ਨਾਲ ਉਨ੍ਹਾਂ ਦੇ ਕਥਿਤ ਸੰਬੰਧਾਂ ਤੋਂ ਇਲਾਵਾ ਕੁਝ ਅਚੱਲ ਸੰਪਤੀਆਂ ਦੇ ਕਥਿਤ ਨਾਜਾਇਜ਼ ਕਬਜ਼ੇ ਨਾਲ ਸੰਬੰਧਿਤ ਹਨ। ਕੇਂਦਰੀ ਜਾਂਚ ਏਜੰਸੀ ਅਨੁਸਾਰ ਜਾਂਚ ਝਾਰਖੰਡ 'ਚ ਮਾਫੀਆ ਦੁਆਰਾ ਜ਼ਮੀਨ ਦੀ ਮਾਲਕੀ ਦੀ ਗੈਰ-ਕਾਨੂੰਨੀ ਤਬਦੀਲੀ ਦੇ ਇਕ ਵੱਡੇ ਘਪਲੇ ਨਾਲ ਜੁੜੀ ਹੋਈ ਹੈ। ਈ.ਡੀ. ਦੀ ਟੀਮ ਨੇ ਸੋਮਵਾਰ ਨੂੰ ਸੋਰੇਨ ਦੇ ਦਿੱਲੀ ਸਥਿਤ ਘਰ ਦੀ ਤਲਾਸ਼ੀ ਲਈ ਤੇ ਝਾਰਖੰਡ 'ਚ ਜ਼ਮੀਨੀ ਸੌਦੇ ਨਾਲ ਜੁੜੇ ਹਵਾਲਾ ਮਾਮਲੇ 'ਚ ਉਨ੍ਹਾਂ ਤੋਂ ਪੁੱਛਗਿੱਛ ਕਰਨ ਲਈ ਲਗਭਗ 13 ਘੰਟਿਆਂ ਤੱਕ ਉੱਥੇ ਬੈਠੀ ਰਹੀ। ਏਜੰਸੀ ਨੇ ਤਲਾਸ਼ੀ ਦੌਰਾਨ 36 ਲੱਖ ਰੁਪਏ, ਇਕ ਐਸ.ਯੂ.ਵੀ. ਅਤੇ ਕੁਝ ਦਸਤਾਵੇਜ਼ ਜ਼ਬਤ ਕਰਨ ਦਾ ਦਾਅਵਾ ਕੀਤਾ ਸੀ। ਮੁੱਖ ਮੰਤਰੀ ਨੇ ਇਹ ਵੀ ਦਾਅਵਾ ਕੀਤਾ ਕਿ ਉਹ ਜ਼ਬਤ ਕੀਤੀ ਗਈ ਕਾਰ ਦੇ ਮਾਲਕ ਨਹੀਂ ਹਨ ਅਤੇ ਬਰਾਮਦ ਕੀਤੀ ਗਈ ਨਕਦੀ ਵੀ ਉਨ੍ਹਾਂ ਦੀ ਨਹੀਂ ਹੈ। ਪੁੱਛਗਿੱਛ ਤੋਂ ਪਹਿਲਾਂ ਸੱਤਾਧਾਰੀ ਝਾਰਖੰਡ ਮੁਕਤੀ ਮੋਰਚਾ ਦੀ ਅਗਵਾਈ ਵਾਲੇ ਗੱਠਜੋੜ ਦੇ ਵੱਡੀ ਗਿਣਤੀ ਵਿਧਾਇਕ ਉਨ੍ਹਾਂ ਨਾਲ ਇਕਜੁੱਟਤਾ ਪ੍ਰਗਟ ਕਰਨ ਲਈ ਉਨ੍ਹਾਂ ਦੀ ਰਿਹਾਇਸ਼ 'ਤੇ ਇਕੱਠੇ ਹੋਏ। ਜੇ.ਐਮ.ਐਮ. ਦੇ ਸਮਰਥਕਾਂ ਵਲੋਂ ਈ.ਡੀ. ਦੀ ਪੁੱਛਗਿੱਛ ਦਾ ਵਿਰੋਧ ਕਰਦਿਆਂ ਮੋਰਾਬਾਈ ਮੈਦਾਨ ਤੇ ਕਈ ਹੋਰ ਸਥਾਨਾਂ 'ਤੇ ਨਾਅਰੇਬਾਜ਼ੀ ਕੀਤੀ ਗਈ। ਈ.ਡੀ. ਵਲੋਂ ਗ੍ਰਿਫ਼ਤਾਰ ਕੀਤੇ ਗਏ ਸਾਬਕਾ ਮੁੱਖ ਮੰਤਰੀ ਹੇਮੰਤ ਸੋਰੇਨ ਨੇ ਰਾਤ ਨੂੰ ਝਾਰਖੰਡ ਹਾਈ ਕੋਰਟ ਦਾ ਰੁਖ ਕੀਤਾ। ਸੋਰੇਨ ਦੀ ਪਟੀਸ਼ਨ 'ਤੇ ਕਾਰਜਕਾਰੀ ਚੀਫ਼ ਜਸਟਿਸ ਚੰਦਰਸ਼ੇਖਰ ਤੇ ਜਸਟਿਸ ਅਨੁਭਾ ਰਾਵਤ ਚੌਧਰੀ ਦੀ ਬੈਂਚ ਵੀਰਵਾਰ ਨੂੰ ਸਵੇਰੇ 10.30 ਵਜੇ ਸੁਣਵਾਈ ਕਰੇਗੀ।

## ਈਡੀ ਨੇ ਕੇਜਰੀਵਾਲ ਨੂੰ 5ਵਾਂ ਸੰਮਨ ਭੇਜਿਆ

ਨਵੀਂ ਦਿੱਲੀ : ਐਨਫੋਰਸਮੈਂਟ ਡਾਇਰੈਕਟੋਰੇਟ ਨੇ ਦਿੱਲੀ ਆਬਕਾਰੀ ਨੀਤੀ ਨਾਲ ਸਬੰਧਤ ਮਨੀ ਲਾਂਡਰਿੰਗ ਮਾਮਲੇ ਵਿੱਚ ਪੁੱਛ ਪੜਤਾਲ ਲਈ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਪੰਜਵਾਂ ਸੰਮਨ ਜਾਰੀ ਕੀਤਾ ਹੈ। ਕੇਜਰੀਵਾਲ ਪਹਿਲਾਂ ਹੀ ਇਨ੍ਹਾਂ ਸੰਮਨ ਨੂੰ ਗੈਰਕਾਨੂੰਨੀ ਤੇ ਗਲਤ ਕਰਾਰ ਦੇ ਚੁੱਕੇ ਹਨ।ਕੇਜਰੀਵਾਲ, ਜੋ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਵੀ ਹਨ, ਨੇ ਸੰਘੀ ਏਜੰਸੀ ਦੁਆਰਾ 18 ਜਨਵਰੀ ਅਤੇ 3 ਜਨਵਰੀ ਅਤੇ 2 ਨਵੰਬਰ ਅਤੇ 21 ਦਸੰਬਰ ਲਈ ਜਾਰੀ ਕੀਤੇ ਗਏ ਚਾਰ ਸੰਮਨਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਸੀ। ਤਾਜ਼ਾ ਸੰਮਨ 2 ਫਰਵਰੀ ਨੂੰ ਪੇਸ਼ ਹੋਣ ਲਈ ਹਨ।

## ਜੇਕਰ ਕੋਈ ਅਮਰੀਕਾ ਦੇ ਸ਼ਹਿਰੀ ਦੀ ਮੁਖਬਰੀ ਕਰਦਾ, ਤੁਹਾਨੂੰ ਜਾਂ ਪ੍ਰਵਾਰ ਨੂੰ ਧਮਕੀ ਦਿੰਦਾ ਤਾਂ Federal Bureau of Investigation (FBI) ਨਾਲ ਸਪੰਰਕ ਕਰੋ

ਲਿਵਰਮੋਰ/ ਕੈਲੀਫੋਰਨੀਆ:- ਤੁਹਾਨੂੰ ਧਮਕਾਉਂਦਾ ਲਈ ਸਾਡੇ ਦੇਸ਼ ਅਮਰੀਕਾ ਵਿਚ ਬਾਹਰਲੇ ਦੇਸ਼ਾਂ ਦੀਆਂ ਸਰਕਾਰਾਂ ਵੱਲੋਂ ਅੰਤਰਰਾਸ਼ਟਰੀ ਦਬਾਅ ਪਾਇਆ ਜਾ ਰਿਹਾ ਹੈ। ਇਸ ਨੂੰ ਰੋਕਣ ਲਈ ਐਫ ਬੀ ਆਈ ਨੂੰ ਤੁਹਾਡੇ ਸਹਿਯੋਗ ਦੀ ਲੋੜ ਹੈ।

ਵਿਦੇਸ਼ੀ ਸਰਕਾਰਾਂ ਜਾਂ ਉਹਨਾਂ ਦੇ ਮੁਲਾਜ਼ਮਾਂ ਜਾਂ ਮੁਖਬਰਾਂ ਵਲੋਂ ਅਮਰੀਕਾ ਵਿਚ ਵਸਦੇ ਕਿਸੇ ਵੀ ਇਨਸਾਨ ਨਾਲ ਕੀਤੇ ਜਾ ਰਹੇ ਅੰਤਰਰਾਸ਼ਟਰੀ ਦਬਾਅ ਦੀਆਂ ਕੁਝ ਕਿਸਮਾਂ ਇਸ ਤਰ੍ਹਾਂ ਹਨ। ਨਿਗਰਾਨੀ ਰੱਖਣੀ, ਪਿੱਛਾ ਕਰਨਾ, ਤੰਗ ਪਰੇਸ਼ਾਨ ਕਰਨਾ, ਅਗਵਾ ਕਰਨ ਦੀ ਕੋਸ਼ਿਸ਼ ਜਾਂ ਉਸ 'ਤੇ ਸਰੀਰਕ ਹਮਲਾ ਕਰਨਾ ਅਤੇ ਧਮਕੀਆਂ ਤੇ ਡਰਾਵੇ ਰਾਹੀਂ ਜ਼ਬਰਦਸਤੀ ਕਿਸੇ ਭਾਈਚਾਰੇ ਜਾਂ ਵਿਅਕਤੀਆਂ ਬਾਰੇ ਜਾਣਕਾਰੀ ਇਕੱਠੀ ਕਰਨ ਦੀ ਕੋਸ਼ਿਸ਼ ਕਰਨੀ। ਕਿਸੇ ਨੂੰ ਉਸ ਦੇ ਮੂਲ ਦੇਸ਼ ਨੂੰ ਮੁੜਨ ਲਈ ਮਜਬੂਰ ਕਰਨਾ ਜਾਂ ਮੂਲ ਦੇਸ਼ ਵਿੱਚ ਵਸਦੇ ਉਸਦੇ ਰਿਸ਼ਤੇਦਾਰਾਂ ਨੂੰ ਡਰਾਉਣਾ ਜਾਂ ਹਿਰਾਸਤ ਵਿਚ ਲੈਣਾ। ਕਿਸੇ ਦੇ ਕੰਪਿਊਟਰ ਜਾਂ ਫੋਨ ਨੂੰ ਹੈਕ ਕਰਕੇ ਉਸ ਦੀ ਨਿੱਜਤਾ 'ਤੇ ਹਮਲਾ ਕਰਨਾ ਜਾਂ ਉਸ ਬਾਰੇ ਇੰਟਰਨੈਟ 'ਤੇ ਕੂੜ ਪ੍ਰਚਾਰ ਕਰਨਾ। ਕਿਸੇ ਦੀਆਂ ਵਿੱਤੀ ਜਾਇਦਾਦਾਂ ਨੂੰ ਜ਼ਬਤ ਕਰਨਾ। ਤਾਂ Federal Bureau of Investigation (FBI) ਨਾਲ ਸਪੰਰਕ ਕਰੋ।

## ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ



ਨਵੀਂ ਦਿੱਲੀ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਤਿਹਾਸਕ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ। ਇਸ ਮੌਕੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਦਸਤਾਰ ਵਾਸਤੇ ਸਾਡੀ ਕੌਮ ਨੇ ਬਹੁਤ ਵੱਡੀਆਂ ਘਾਲਣਾ ਘੱਲੀਆਂ ਤੇ ਸ਼ਹਾਦਤਾਂ ਦਿੱਤੀਆਂ ਹਨ। ਉਹਨਾਂ ਕਿਹਾ ਕਿ ਅੱਜ ਸਾਰੀ ਜ਼ਿੰਮੇਵਾਰੀ ਬਣਦੀ ਹੈ ਕਿ ਦਸਤਾਰ 'ਤੇ ਕੋਈ ਦਾਗ ਨਾ ਲੱਗਣ ਦੇਈਏ। ਉਹਨਾਂ ਕਿਹਾ ਕਿ ਦਸਤਾਰ ਸਾਡੇ ਪੁਰਖ਼ਿਆਂ ਦਾ ਕਿਰਦਾਰ ਵੀ ਦੱਸਦੀ ਹੈ ਜਿਹਨਾਂ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਵੱਲੋਂ ਬਖਸ਼ੀ ਦਸਤਾਰ ਨੂੰ ਸੰਭਾਲ ਕੇ ਰੱਖਿਆ। ਉਹਨਾਂ ਕਿਹਾ ਕਿ ਛੋਟੇ ਸਾਹਿਬਜ਼ਾਦਿਆਂ ਸਮੇਤ ਸਾਡੀ ਕੌਮ ਵੱਲੋਂ ਦਸਤਾਰਾਂ ਦੀ ਸੰਭਾਲ ਲਈ ਵੱਡੀਆਂ ਕੁਰਬਾਨੀਆਂ ਦਿੱਤੀਆਂ ਗਈਆਂ। ਉਹਨਾਂ ਕਿਹਾ ਕਿ ਕਿਸੇ ਸਮੇਂ ਵਿਚ ਇਹ ਵੀ ਕਿਹਾ ਜਾਂਦਾ ਸੀ ਕਿ ਜੇਕਰ ਕਿਸੇ ਬੱਸ ਵਿਚ ਜਾਂ ਰੇਲ ਗੱਡੀ ਦੇ ਡੱਬੇ ਵਿਚ ਇਕ ਦਸਤਾਰਧਾਰੀ ਸਿੱਖ ਬੈਠਾ ਹੈ ਤਾਂ ਉਸ ਵਿਚ ਸਫਰ ਕਰ ਰਹੀਆਂ ਬੀਬੀਆਂ ਸੁਰੱਖਿਅਤ ਹਨ। ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਕਿਹਾ ਕਿ ਕਮੇਟੀਆਂ ਹਮੇਸ਼ਾ ਸਿੱਖੀ ਵਾਸਤੇ ਕੰਮ ਕਰਦੀਆਂ ਹਨ ਪਰ ਸਭ ਤੋਂ ਜ਼ਿਆਦਾ ਜ਼ਿੰਮੇਵਾਰੀ ਮਾਪਿਆਂ ਦੀ ਬਣਦੀ ਹੈ। ਉਹਨਾਂ ਕਿਹਾ ਕਿ ਜੇਕਰ ਮਾਪੇ ਆਪਣੇ ਬੱਚਿਆਂ ਦੇ ਸਿਰ 'ਤੇ ਜੂੜਾ ਅਤੇ ਮੂੰਹ ਵਿਚ ਓ ਸ਼ਬਦ ਯਕੀਨੀ ਬਣਾਉਣਗੇ ਤਾਂ ਸਾਡੀ ਕੌਮ ਤੇ ਸਾਡਾ ਅਮੀਰ ਵਿਰਸਾ ਸੰਭਾਲਿਆ ਰਹੇਗਾ। ਉਹਨਾਂ ਕਿਹਾ ਕਿ ਇਸ ਦਸਤਾਰ ਸਜਾਉਣ ਦੇ ਮੁਕਾਬਲੇ ਵਿਚ ਕੋਈ ਪਹਿਲੇ, ਦੂਜੇ ਜਾਂ ਤੀਜੇ ਸਥਾਨ 'ਤੇ ਨਹੀਂ ਆਇਆ ਬਲਕਿ ਜਿਹਨਾਂ ਨੇ ਸਾਰਿਆਂ ਨੇ ਦਸਤਾਰ ਸਜਾਉਣ ਦੇ ਮੁਕਾਬਲੇ ਵਿਚ ਹਿੱਸਾ ਲਿਆ, ਉਹ ਸਾਰੇ ਹੀ ਜੇਤੂ ਹਨ।

# ਸਨਫਰਾਂਸਿਸਕੋ ਵਿਚ ਕਰਵਾਏ ਗਏ ਖਾਲਿਸਤਾਨ ਰੈਫਰੈਂਡਮ ਪ੍ਰਤੀ ਵੋਟਾਂ ਉਪਰ ਦੋ ਲੱਖ ਤੋਂ ਵੱਧ ਇਕੱਠ

## ਇਕ ਲੱਖ 27 ਹਜ਼ਾਰ ਵੋਟਾਂ ਹੋਈਆਂ ਪੋਲ, ਮੀਲਾਂ 'ਚ ਲੱਗੀਆਂ ਲਾਈਆਂ ਲਾਈਨਾਂ















ਸਨਫਰਾਂਸਿਸਕੋ/ਕੈਲੀਫੋਰਨੀਆ : ਅਮਰੀਕਨ ਬੇਸ ਜਥੇਬੰਦੀ ਸਿੱਖ ਫਾਰ ਜਸਟਿਸ ਵਲੋਂ ਜਨਵਰੀ 28 ਦਿਨ ਐਤਵਾਰ ਨੂੰ ਸਨਫਰਾਂਸਿਸਕੋ ਵਿਚ ਕਰਵਾਈਆਂ ਗਈਆਂ ਵੋਟਾਂ 'ਚ ਸਿੱਖਾਂ ਦਾ 2 ਲੱਖ ਤੋਂ ਵੱਧ ਇਕੱਠ ਹੋਇਆ ਅਤੇ ਸ਼ਾਮ ਦੇ 5 ਵਜੇ ਤੱਕ 1 ਲੱਖ 27 ਹਜ਼ਾਰ ਤੋਂ ਵੱਧ ਵੋਟਾਂ ਪਈਆਂ। ਇਥੇ ਇਹ ਜ਼ਿਕਰਯੋਗ ਹੈ ਕਿ ਲੋਕ ਸਵੇਰੇ 5 ਵਜੇ ਹੀ ਲਾਈਨਾਂ 'ਚ ਲੱਗ ਗਏ ਅਤੇ ਵੋਟਾਂ ਸਵੇਰੇ 9 ਵਜੇ ਪੈਣੀਆਂ ਸ਼ੁਰੂ ਹੋਈਆਂ ਸ਼ਾਮ 5 ਵਜੇ ਵੋਟਾਂ ਖਤਮ ਹੋਣ ਤੱਕ ਲੋਕ ਉਸੇ ਤਰ੍ਹਾਂ ਹੀ ਲਾਈਨਾਂ 'ਚ ਲੱਗੇ ਹੋਏ ਸਨ। ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਯੂਬਾ ਸਿਟੀ ਦਾ ਨਗਰ ਕੀਰਤਨ ਹੋਵੇ। ਵੋਟਾਂ ਦੀ ਗਿਣਤੀ ਹਰ ਘੰਟੇ ਬਾਅਦ ਸੰਗਤਾਂ ਨੂੰ ਦੱਸੀ ਜਾ ਰਹੀ ਸੀ। ਗੁਰੂ ਕੇ ਲੰਗਰਾਂ ਦੇ ਅਥਾਹ ਪ੍ਰਬੰਧ ਸਨ। ਚਾਰੇ ਪਾਸੇ ਢੋਲ ਵੱਜ ਰਹੇ ਸਨ। ਅਤੇ ਨੌਜਵਾਨ ਗਾ ਰਹੇ ਸਨ ਜੈਕਾਰੇ ਲਾ ਰਹੇ ਸਨ ਅਤੇ ਕਹਿ ਰਹੇ ਸਨ ਕੀ ਅਸੀਂ ਕੀ ਲੈਣਾ ਖਾਲਿਸਤਾਨ, ਤੁਸੀਂ ਕੀ ਲੈਣਾ ਖਾਲਿਸਤਾਨ, ਹਿੰਦੂ ਲੈ ਗਏ ਗਏ ਹਿੰਦੋਸਤਾਨ ਮੁਸਲਿਮ ਲੈ ਗਏ ਪਾਕਿਸਤਾਨ ਤੁਸੀਂ ਕੀ ਲੈਣਾ ਖਾਲਿਸਤਾਨ ਇਹ ਨਾਅਰੇ ਜੈਕਾਰੇ ਸਮਾਪਤੀ ਤੱਕ ਗੂੰਜਦੇ ਰਹੇ।

ਲੋਕਾਂ ਨੇ ਲਾਈਨਾਂ 'ਚ 7-7 ਘੰਟੇ ਇੰਤਜ਼ਾਰ ਕੀਤਾ। ਬਜ਼ੁਰਗਾਂ ਤੋਂ ਲੈ ਕੇ ਨੌਜਵਾਨਾਂ ਤੱਕ ਲੋਕ ਲਾਈਨਾਂ 'ਚ ਲੱਗੇ ਹੋਏ ਸਨ। ਲੋਕਾਂ ਦਾ ਉਤਸ਼ਾਹ ਅਤੇ ਲੋਕਾਂ ਨਾਲ ਗੱਲਬਾਤ ਕਰਕੇ ਇਸ ਤਰ੍ਹਾਂ ਲੱਗਦਾ ਸੀ ਕਿ ਸਿੱਖਾਂ ਦੇ ਕਤਲੇਆਮ ਤੋਂ ਬਾਅਦ, ਸਿੱਖਾਂ ਨੂੰ ਇਨਸਾਫ਼ ਨਾ ਮਿਲਣ ਕਾਰਨ ਸਿੱਖ ਨੌਜਵਾਨਾਂ ਨੂੰ ਜੇਲ੍ਹਾਂ ਵਿਚੋਂ ਨਾ ਛੱਡਣ ਕਾਰਨ ਸਿੱਖਾਂ ਨਾਲ ਲਗਾਤਾਰ ਹੋ ਰਹੇ ਧੱਕੇ ਕਾਰਨ ਸਿੱਖਾਂ ਦਾ ਭਾਰਤੀ ਕਾਨੂੰਨ ਤੋਂ ਵਿਸ਼ਵਾਸ ਉਠ ਚੁੱਕਾ ਹੈ ਅਤੇ ਸਿੱਖਾਂ ਦਾ ਭਾਰਤ ਨਾਲੋਂ ਨਾਤਾ ਟੁੱਟ ਚੁੱਕਾ ਹੈ। 'ਸਾਡੇ ਲੋਕ' ਅਖ਼ਬਾਰ ਵਲੋਂ ਤਕਰੀਬਨ 50 ਲੋਕਾਂ ਨਾਲ ਗੱਲਬਾਤ ਕੀਤੀ ਗਈ। ਕਈਆਂ ਨੇ ਆਪਣਾ ਨਾਮ ਨਹੀਂ ਦੱਸਿਆ, ਕਈਆਂ ਨੇ ਖੁੱਲ੍ਹ ਕੇ ਕਿਹਾ ਕਿ ਭਾਰਤ ਨੇ ਅਜ਼ਾਦੀ ਬਾਅਦ ਸਿੱਖਾਂ ਨਾਲ





# ਸਨਫਰਾਂਸਿਸਕੋ ਵਿਚ ਕਰਵਾਏ ਗਏ ਖਾਲਿਸਤਾਨ ਰੈਫਰੈਂਡਮ ਪ੍ਰਤੀ ਵੋਟਾਂ ਉਪਰ ਦੋ ਲੱਖ ਤੋਂ ਵੱਧ ਇਕੱਠ

## ਇਕ ਲੱਖ 27 ਹਜ਼ਾਰ ਵੋਟਾਂ ਹੋਈਆਂ ਪੋਲ, ਮੀਲਾਂ 'ਚ ਲੱਗੀਆਂ ਲਾਈਆਂ ਲਾਈਨਾਂ














ਹਮੇਸ਼ਾ ਧੱਕਾ ਕੀਤਾ ਅਤੇ ਕਦੇ ਇਨਸਾਫ਼ ਨਹੀਂ ਕੀਤਾ ਸਿੱਖਾਂ ਕੋਲ ਸਿੱਖਾਂ ਦੇ ਇਸ ਵੋਟਿੰਗ 'ਚ ਹਰ ਪਾਰਟੀ ਦੇ ਲੋਕ ਅਤੇ ਤਕਰੀਬਨ ਸਾਰੇ ਗੁਰਦੁਆਰਾ ਸਾਹਿਬਾਨ ਤੋਂ ਬੱਸਾਂ ਲੈ ਕੇ ਸੰਗਤਾਂ ਆਈਆਂ ਹੋਈਆਂ ਸਨ। ਅਕਾਲੀ ਦਲ ਅੰਮ੍ਰਿਤਸਰ, ਅਕਾਲੀ ਦਲ ਬਾਦਲ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਇਨਫਰਮੇਸ਼ਨ ਸੈਂਟਰ, ਗਤਕਾ ਦਲ, ਸਿੱਖ ਯੂਥ ਆਫ਼ ਅਮਰੀਕਾ, ਤਕਰੀਬਨ ਸਾਰੀਆਂ ਜਥੇਬੰਦੀਆਂ ਦੇ ਆਗੂ ਹਾਜ਼ਰ ਸਨ। ਅਮਰੀਕਾ ਕੈਨੇਡਾ ਯੂਰਪ ਦੇ ਵੱਡੇ ਆਗੂ ਹਾਜ਼ਰ ਸਨ। ਸਿੱਖ ਸਿਰਮੌਰ ਆਗੂਆਂ ਵਿਚੋਂ 'ਸਾਡੇ ਲੋਕ' ਅਖ਼ਬਾਰ ਨਾਲ ਗੱਲਬਾਤ ਕਰਦਿਆਂ ਸ੍ਰ. ਮਨਜੀਤ ਸਿੰਘ ਉਪਲ, ਸ੍ਰ. ਭਜਨ ਸਿੰਘ ਭਿੰਡਰ, ਡਾ. ਪ੍ਰਿਤਪਾਲ ਸਿੰਘ, ਡਾ. ਅਮਰਜੀਤ ਸਿੰਘ, ਸ੍ਰ. ਕੁਲਜੀਤ ਸਿੰਘ ਝਿੱਜਰ, ਸ੍ਰ. ਹਿੰਮਤ ਸਿੰਘ ਨਿਊਯਾਰਕ, ਸ੍ਰ. ਚਰਨਜੀਤ ਸਿੰਘ ਸਮਰਾ, ਸ੍ਰ. ਪ੍ਰੀਤਮ ਸਿੰਘ ਜੋਗਾ ਨੰਗਲ, ਸ੍ਰ. ਗੁਰਚਰਨ ਸਿੰਘ ਮਾਨ, ਸ੍ਰ. ਗੁਰਮੇਲ ਸਿੰਘ ਢੇਸੀ ਟੈਕਸਾਸ, ਸ੍ਰ. ਸਰਬਜੀਤ ਸਿੰਘ ਦਿੱਲੀ, ਸ੍ਰ. ਸਰਵਣ ਸਿੰਘ ਮਨਟੀਕਾ ਅਤੇ ਅਨੇਕਾਂ ਨੌਜਵਾਨ ਸ਼ਾਮਲ ਸਨ। ਇਹ ਇਕੱਠ ਧੜੇਬੰਦੀਆਂ, ਜਥੇਬੰਦੀਆਂ, ਗਰੁੱਪਾਂ ਅਤੇ ਗੁਰਦੁਆਰਿਆਂ ਦੀ ਸਿਆਸਤ ਤੋਂ ਉਪਰ ਉਠ ਕੇ ਹੋਇਆ। ਇਥੇ ਇਸ ਸਮੇਂ ਅਮਰੀਕਾ ਦੀਆਂ ਵੱਖ ਵੱਖ ਏਜੰਸੀਆਂ ਨੇੜਿਓਂ ਕੰਮ ਕਰ ਰਹੀਆਂ ਸਨ। ਪੰਜਾਬੀ ਮੀਡੀਆ ਤੋਂ ਵਗੈਰ ਦੁਨੀਆ ਭਰਦਾ ਅੰਤਰਰਾਸ਼ਟਰੀ ਮੀਡੀਆ ਅਤੇ ਭਾਰਤੀ ਮੀਡੀਆ ਵੀ ਕਵਰ ਕਰ ਰਿਹਾ ਸੀ ਬਹੁਤ ਲੋਕ ਆਪਣੀ ਵੋਟ ਪਾਉਣ ਤੋਂ ਵਾਂਝੇ ਰਹਿ ਗਏ ਇਸ ਕਾਰਨ ਪ੍ਰਬੰਧਕਾਂ ਵਲੋਂ ਅਗਲੀ ਤਰੀਕ 31 ਮਾਰਚ ਦਾ ਐਲਾਨ ਕਰ ਦਿੱਤਾ ਗਿਆ ਜੋ ਕੀ ਸੈਕਰਾਮੈਂਟੋ ਵਿਖੇ ਪੈਣਗੀਆ ਅਤੇ ਸੰਗਤਾ ਦੀ ਜਾਣਕਾਰੀ ਲਈ ਸੈਂਟਰ ਦਾ ਐਲਾਨ ਕਰ ਦਿੱਤਾ ਜਾਵੇਗਾ।






# ਸਨਫਰਾਂਸਿਸਕੋ ਵਿਚ ਕਰਵਾਏ ਗਏ ਖਾਲਿਸਤਾਨ ਰੈਫਰੈਂਡਮ ਪ੍ਰਤੀ ਵੋਟਾਂ ਉਪਰ ਦੋ ਲੱਖ ਤੋਂ ਵੱਧ ਇਕੱਠ

## ਇਕ ਲੱਖ 27 ਹਜ਼ਾਰ ਵੋਟਾਂ ਹੋਈਆਂ ਪੋਲ, ਮੀਲਾਂ ’ਚ ਲੱਗੀਆਂ ਲਾਈਆਂ ਲਾਈਨਾਂ















# ਸਨਫਰਾਂਸਿਸਕੋ ਵਿਚ ਕਰਵਾਏ ਗਏ ਖਾਲਿਸਤਾਨ ਰੈਫਰੈਂਡਮ ਪ੍ਰਤੀ ਵੋਟਾਂ ਉਪਰ ਦੋ ਲੱਖ ਤੋਂ ਵੱਧ ਇਕੱਠ

## ਇਕ ਲੱਖ 27 ਹਜ਼ਾਰ ਵੋਟਾਂ ਹੋਈਆਂ ਪੋਲ, ਮੀਲਾਂ 'ਚ ਲੱਗੀਆਂ ਲਾਈਆਂ ਲਾਈਨਾਂ






























# ਪ੍ਰਵਾਸੀ ਭਾਰਤੀਆਂ ਵਲੋਂ 'ਸਫਲ ਕਿਸਾਨ ਸਨਮਾਨ ਸਮਾਗਮ' ਦੌਰਾਨ ਵਾਤਾਵਰਣ ਪੱਖੀ ਕਿਸਾਨ ਸਨਮਾਨਤ

## ਸੰਸਥਾ ਵਲੋਂ ਹੁਣ ਤੱਕ 450 ਤੋਂ ਜ਼ਿਆਦਾ ਵਾਤਾਵਰਣ ਪੱਖੀ ਕਿਸਾਨਾਂ ਦਾ ਸਨਮਾਨ ਕੀਤਾ : ਸ੍ਰ. ਲਾਲ ਸਿੰਘ ਸ਼ਿਕਾਗੋ






ਸ਼ਿਕਾਗੋ/ ਇਲਾਨੋਇਸ : ਮਨੁੱਖਤਾ ਦੀ ਭਲਾਈ ਵਾਲੇ ਸੇਵਾ ਕਾਰਜਾਂ 'ਚ ਯਤਨਸ਼ੀਲ ਰਹਿਣ ਵਾਲੀ ਪ੍ਰਵਾਸੀ ਭਾਰਤੀਆਂ ਦੀ ਸੰਸਥਾ 'ਪਗੜੀ' ਵੱਲੋਂ 'ਸਫਲ ਕਿਸਾਨ ਸਨਮਾਨ ਸਮਾਗਮ' ਦੌਰਾਨ ਪਿਛਲੇ ਸਮੇਂ ਤੋਂ ਸ਼ੁਰੂ ਕੀਤੇ ਪ੍ਰੋਜੈਕਟ ਜੈਵਿਕ ਘਰੇਲੂ ਬਗੀਚੀ ਅਤੇ ਮੁਰਗੀ ਪਾਲਣ 'ਚ ਸਫਲਤਾ ਹਾਸਲ ਕਰਨ ਵਾਲੇ ਕਿਸਾਨਾਂ ਦਾ ਅੱਜ ਉਚੇਚੇ ਤੌਰ 'ਤੇ ਸਨਮਾਨ ਕੀਤਾ ਗਿਆ। ਸਥਾਨਕ ਕੋਠੇ ਗੱਜਣ ਸਿੰਘ ਵਾਲਾ ਵਿਖੇ ਹੋਏ ਉਕਤ ਸਮਾਗਮ ਵਿੱਚ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਮਾਗਮ ਦੀ ਪ੍ਰਧਾਨਗੀ ਪਗੜੀ ਸੰਸਥਾ ਦੇ ਮੁੱਖ ਸੇਵਾਦਾਰ ਲਾਲ ਸਿੰਘ ਸ਼ਿਕਾਗੋ ਵਲੋਂ ਕੀਤੀ ਗਈ।

ਸਪੀਕਰ ਸੰਧਵਾਂ ਨੇ ਪਗੜੀ ਸੰਸਥਾ ਵਲੋਂ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਸੰਸਥਾ ਵਲੋਂ ਛੋਟੇ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਦੇਖਦਿਆਂ ਕਿਸਾਨਾਂ ਦੀ ਮੱਦਦ ਕਰਨ ਲਈ 40 ਕਿਸਾਨਾਂ ਨੂੰ ਪੋਲਟਰੀ ਦਾ ਕੰਮ ਸ਼ੁਰੂ ਕਰਵਾ ਕੇ ਦਿੱਤਾ ਗਿਆ ਹੈ। ਇਸ ਤੋਂ ਇਲਾਵਾ 450 ਘਰੇਲੂ ਬਗੀਚੀਆਂ ਲਵਾਈਆਂ, ਕੁਦਰਤੀ ਖੇਤੀ ਲਈ ਕਿਸਾਨਾ ਨੂੰ ਵੀ ਉਤਸ਼ਾਹਿਤ ਕੀਤਾ ਹੈ। ਇਸ ਤੋਂ ਇਲਾਵਾ ਮਨੁੱਖਤਾ ਦੀ ਭਲਾਈ ਵਾਲੇ ਸੇਵਾ ਕਾਰਜਾਂ 'ਚ ਲੋੜ ਅਨੁਸਾਰ ਹਰ ਸੰਭਵ ਮੱਦਦ ਕੀਤੀ ਜਾ ਰਹੀ ਹੈ। ਉਨਾਂ ਕਿਹਾ ਕਿ ਖੇਤੀਬਾੜੀ ਬਹੁਤ ਲਾਹੇਵੰਦ ਧੰਦਾ ਹੈ ਅਤੇ ਪੁਰਾਣੀ ਕਹਾਵਤ ਉਤਮ ਖੇਤੀ, ਮੱਧਮ ਵਪਾਰ, ਨਖਿੱਧ ਚਾਕਰੀ ਅਨੁਸਾਰ ਅੱਜ ਵੀ ਖੇਤੀ ਦਾ ਧੰਦਾ ਹਰ ਪੱਖੋਂ ਉਤਮ ਹੈ। ਸੰਸਥਾ ਦੇ ਪ੍ਰੈਸ ਸਕੱਤਰ ਗੁਰਿੰਦਰ ਸਿੰਘ ਮਹਿੰਦੀਰੱਤਾ ਮੁਤਾਬਿਕ ਸਪੀਕਰ ਸੰਧਵਾਂ ਨੇ ਆਖਿਆ ਕਿ ਅਜਿਹੀਆਂ ਵਾਤਾਵਰਣ ਪੱਖੀ ਸੰਸਥਾਵਾਂ ਅਤੇ ਜਥੇਬੰਦੀਆਂ ਦੇ ਸਹਿਯੋਗ ਲਈ ਸਰਕਾਰ ਹਰ ਸਮੇਂ ਤਿਆਰ ਹੈ ਤੇ ਉਹ ਇਸ ਬਾਰੇ ਗੁਰਮੀਤ ਸਿੰਘ ਖੁੱਡੀਆਂ ਖੇਤੀਬਾੜੀ ਮੰਤਰੀ ਪੰਜਾਬ ਨਾਲ ਵੀ ਗੱਲਬਾਤ ਕਰਨਗੇ। ਸੰਸਥਾ ਦੇ ਸੰਸਥਾਪਕ ਅਤੇ ਸਮਾਗਮ ਦੀ ਪ੍ਰਧਾਨਗੀ ਕਰ ਰਹੇ ਸ੍ਰ. ਲਾਲ ਸਿੰਘ ਸ਼ਿਕਾਗੋ ਨੇ ਆਖਿਆ ਕਿ ਸੰਸਥਾ ਵਲੋਂ ਹੁਣ ਤੱਕ 450 ਤੋਂ ਜਿਆਦਾ ਵਾਤਾਵਰਣ ਪੱਖੀ ਕਿਸਾਨਾ ਦਾ ਸਨਮਾਨ ਕੀਤਾ ਜਾ ਚੁੱਕਾ ਹੈ ਤੇ ਅੱਜ 40 ਪੋਲਟਰੀ ਫਾਰਮ ਦਾ ਧੰਦਾ ਕਰਨ ਵਾਲੇ ਅਤੇ 55 ਘਰੇਲੂ ਬਗੀਚੀਆਂ ਵਾਲੇ ਵਾਤਾਵਰਣ ਪੱਖੀ ਕਿਸਾਨਾ ਦਾ ਸਨਮਾਨ ਮਾਨਯੋਗ ਸਪੀਕਰ ਕੁਲਤਾਰ ਸਿੰਘ ਸੰਧਵਾਂ ਤੋਂ ਕਰਵਾਇਆ ਗਿਆ। ਇਸ ਮੌਕੇ ਉਪਰੋਕਤ ਤੋਂ ਇਲਾਵਾ ਡਾ ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫਸਰ, ਗੁਰਪ੍ਰੀਤ ਸਿੰਘ ਬਲਾਕ ਅਫਸਰ ਸਮੇਤ ਹਰਵਿੰਦਰ ਸਿੰਘ ਮਰਵਾਹਾ, ਦਲੇਰ ਸਿੰਘ, ਅਮਰਜੀਤ ਸਿੰਘ ਢਿੱਲੋਂ, ਦਲੀਪ ਸਿੰਘ, ਮਾ. ਜਸਪਾਲ ਸਿੰਘ ਮੜਾਕ, ਡਾ. ਮਨਜੀਤ ਸਿੰਘ ਲਾਲੇਆਣਾ ਅਤੇ ਪਰਮਜੀਤ ਸਿੰਘ ਮਾਨ ਆਦਿ ਨੇ ਵੀ ਸੰਬੋਧਨ ਕੀਤਾ।

ਉਹਨਾਂ ਦੱਸਿਆ ਕਿ ਪਗੜੀ ਸੰਸਥਾ ਸ਼ਿਕਾਗੋ (ਅਮਰੀਕਾ) ਕਿਸਾਨੀ ਮੋਰਚੇ ਤੋਂ ਬਾਅਦ ਹੋਂਦ ਵਿੱਚ ਆਈ ਅਤੇ ਪ੍ਰਵਾਸੀ ਭਾਰਤੀ ਵੀਰਾਂ ਨੇ ਛੋਟੇ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਦੇਖਦਿਆਂ ਸੋਚਿਆ ਕਿ ਕਿਸਾਨਾਂ ਦੀ ਮੱਦਦ ਕੀਤੀ ਜਾਣੀ ਚਾਹੀਦੀ ਹੈ। ਉਕਤ ਸੰਸਥਾ ਨੇ



ਲਾਲ ਸਿੰਘ (ਮੁੱਖ ਸੇਵਾਦਾਰ) ਸ਼ਿਕਾਗੋ, ਕੁਲਦੀਪ ਸਿੰਘ ਸਰਾਂ, ਡਾ. ਹਰਿੰਦਰ ਸਿੰਘ ਲਾਂਬਾ ਦੀ ਅਗਵਾਈ ਵਿੱਚ ਫਰੀਦਕੋਟ ਤੋਂ ਸੇਵਾ ਕਾਰਜ ਸ਼ੁਰੂ ਕੀਤਾ। ਹਰਵਿੰਦਰ ਸਿੰਘ (ਕੋਆਰਡੀਨੇਟਰ) ਨੇ ਦੱਸਿਆ ਕਿ ਫਰੀਦਕੋਟ ਦੇ ਪਿੰਡਾਂ ਖਾਰਾ, ਵਾੜਾਦਰਾਕਾ, ਬਾਹਮਣਵਾਲਾ, ਢਾਬ ਗੁਰੂ ਕੀ, ਢੈਪਈ, ਰੋਮਾਣਾ ਅਲਬੇਲ ਸਿੰਘ, ਡੇਲਿਆਂਵਾਲੀ, ਕੋਠੇ ਰਾਮਸਰ, ਹਜ਼ੂਰਾ ਸਿੰਘ ਵਾਲਾ, ਲਾਲੇਆਣਾ ਆਦਿ ਦੇ 30 ਕਿਸਾਨਾਂ ਨੂੰ ਪੋਲਟਰੀ ਦਾ ਕੰਮ ਸ਼ੁਰੂ ਕਰਕੇ ਦਿੱਤਾ, 419 ਘਰੇਲੂ ਬਗੀਚੀਆਂ ਲਵਾਈਆਂ, ਕੁਦਰਤੀ ਖੇਤੀ ਲਈ ਕਿਸਾਨਾ ਨੂੰ ਉਤਸ਼ਾਹਿਤ ਕੀਤਾ, ਇਸ ਤੋਂ ਇਲਾਵਾ ਮਨੁੱਖਤਾ ਦੀ ਭਲਾਈ ਵਾਲੇ ਸੇਵਾ ਕਾਰਜਾਂ 'ਚ ਲੋੜ ਅਨੁਸਾਰ ਮੱਦਦ ਕੀਤੀ ਜਾ ਰਹੀ ਹੈ। ਇਸ ਮੌਕੇ ਉਪਰਕੋਤ ਤੋਂ ਇਲਾਵਾ ਮਨਪ੍ਰੀਤ ਸਿੰਘ ਮਨੀ ਧਾਲੀਵਾਲ, ਮਨਦੀਪ ਸਿੰਘ ਮੌਂਗਾ, ਜਗਤਾਰ ਸਿੰਘ ਨੰਗਲ, ਜੋਰਾਵਰ ਸਿੰਘ ਚਹਿਲ, ਜਸਵੰਤ ਸਿੰਘ ਢਿੱਲੋਂ, ਜਸਵਿੰਦਰ ਸਿੰਘ ਢਿੱਲੋਂ ਆਦਿ ਵੀ ਹਾਜਰ ਸਨ।

# ਸਤਨਾਮ ਸੰਧੂ ਸਣੇ ਤਿੰਨ ਨੇ ਰਾਜ ਸਭਾ ਮੈਂਬਰਾਂ ਵਜੋਂ ਸਹੁੰ ਚੁੱਕੀ

ਨਵੀਂ ਦਿੱਲੀ : ਤਿੰਨ ਨਵੇਂ ਮੈਂਬਰਾਂ- ਸਤਨਾਮ ਸਿੰਘ ਸੰਧੂ, ਨਰੈਣ ਦਾਸ ਗੁਪਤਾ ਤੇ ਸਵਾਤੀ ਮਾਲੀਵਾਲ ਨੇ ਅੱਜ ਰਾਜ ਸਭਾ ਮੈਂਬਰਾਂ ਵਜੋਂ ਸਹੁੰ ਚੁੱਕੀ। ਹਲਫ਼ ਲੈਣ ਮਗਰੋਂ ਚੇਅਰਮੈਨ ਜਗਦੀਪ ਧਨਖੜ ਨੇ ਨਵੇਂ ਮੈਂਬਰਾਂ ਦਾ ਸਵਾਗਤ ਕੀਤਾ। ਸੰਧੂ, ਜੋ ਨਾਮਜ਼ਦ ਮੈਂਬਰ ਹਨ, ਨੇ ਸਭ ਤੋਂ ਪਹਿਲਾਂ ਹਲਫ਼ ਲਿਆ। ਚੇਅਰਮੈਨ ਨੇ ਸੰਧੂ ਨੂੰ ਕਿਹਾ, "ਤੁਸੀਂ ਇਤਿਹਾਸ ਸਿਰਜ ਦਿੱਤਾ ਹੈ। ਤੁਸੀਂ ਨਵੀਂ ਸੰਸਦੀ ਇਮਾਰਤ ਵਿੱਚ ਸਹੁੰ ਚੁੱਕਣ ਵਾਲੇ ਪਹਿਲੇ ਵਿਅਕਤੀ ਹੋ।" ਮਾਲੀਵਾਲ ਨੂੰ ਅੱਜ ਮੁੜ ਸਹੁੰ ਚੁੱਕਣੀ ਪਈ ਕਿਉਂਕਿ ਉਨ੍ਹਾਂ ਦੇ ਪਹਿਲੇ ਹਲਫ਼ ਨੂੰ ਚੇਅਰਮੈਨ ਨੇ ਨਹੀਂ ਮੰਨਿਆ। ਚੇਅਰਮੈਨ ਨੇ ਮੁੜ ਉਨ੍ਹਾਂ ਦਾ ਨਾਮ ਸੱਦਿਆ ਕਿਉਂਕਿ ਮਾਲੀਵਾਲ ਨੇ ਸਹੁੰ ਚੁੱਕਣ ਮੌਕੇ ਕੁਝ ਸ਼ਬਦ ਵਰਤੇ ਜੋ ਹਲਫ਼ ਦਾ ਹਿੱਸਾ ਨਹੀਂ ਸਨ। ਸੰਧੂ ਜਿੱਥੇ ਨਾਮਜ਼ਦ ਮੈਂਬਰ ਹਨ, ਉਥੇ ਗੁਪਤਾ ਤੇ ਮਾਲੀਵਾਲ ਦਿੱਲੀ ਤੋਂ ਨਿਰਵਿਰੋਧ ਚੁਣੇ ਗਏ ਹਨ। ਗੁਪਤਾ ਨੂੰ ਜਿੱਥੇ ਮੁੜ ਨਾਮਜ਼ਦ ਕੀਤਾ ਗਿਆ ਹੈ, ਉਥੇ 'ਆਪ' ਨੇ ਮਾਲੀਵਾਲ ਨੂੰ ਸੁਸ਼ੀਲ ਗੁਪਤਾ ਦੀ ਥਾਂ ਨਾਮਜ਼ਦ ਕੀਤਾ ਹੈ। ਸੰਧੂ ਚੰਡੀਗੜ੍ਹ ਯੂਨੀਵਰਸਿਟੀ ਦੇ ਬਾਨੀ ਚਾਂਸਲਰ ਹਨ ਤੇ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਲੰਘੇ ਦਿਨ ਉਨ੍ਹਾਂ ਨੂੰ ਰਾਜ ਸਭਾ ਲਈ ਨਾਮਜ਼ਦ ਕੀਤਾ ਸੀ।





# ਆਈਏਐਸ ਰਾਧਾ ਰਤੂਰੀ ਉੱਤਰਾਖੰਡ ਦੀ ਪਹਿਲੀ ਮਹਿਲਾ ਮੁੱਖ ਸਕੱਤਰ ਬਣੀ

ਦੇਹਰਾਦੂਨ : ਉੱਤਰਾਖੰਡ ਨੂੰ ਅੱਜ ਪਹਿਲੀ ਮਹਿਲਾ ਮੁੱਖ ਸਕੱਤਰ ਮਿਲ ਗਈ ਹੈ। ਸਰਕਾਰ ਨੇ ਆਈਏਐਸ ਰਾਧਾ ਰਤੂਰੀ ਨੂੰ ਸੂਬੇ ਦਾ ਨਵਾਂ ਮੁੱਖ ਸਕੱਤਰ ਬਣਾਇਆ ਹੈ। ਇਸ ਦੇ ਹੁਕਮ ਬੁੱਧਵਾਰ ਸਵੇਰੇ ਜਾਰੀ ਕੀਤੇ ਗਏ ਹਨ। 1988 ਬੈਚ ਦੇ ਆਈਏਐਸ ਅਧਿਕਾਰੀ ਮੁੱਖ ਸਕੱਤਰ ਡਾ.ਐਸ.ਐਸ.ਸੰਧੂ ਦਾ ਕਾਰਜਕਾਲ ਅੱਜ ਖ਼ਤਮ ਹੋ ਗਿਆ ਹੈ। ਉਨ੍ਹਾਂ ਨੂੰ ਸੇਵਾਮੁਕਤੀ ਤੋਂ ਬਾਅਦ ਛੇ ਮਹੀਨੇ ਦਾ ਵਾਧਾ ਦਿੱਤਾ ਗਿਆ ਸੀ, ਜੋ ਅੱਜ ਪੂਰਾ ਹੋ ਗਿਆ।

ਇਸ ਦੇ ਨਾਲ ਹੀ ਰਤੂਰੀ ਦੇ ਨਵੇਂ ਮੁੱਖ ਸਕੱਤਰ ਨੇ ਵੀ ਅਹੁਦਾ ਸੰਭਾਲ ਲਿਆ ਹੈ। ਉਨ੍ਹਾਂ ਮੀਡੀਆ ਨਾਲ ਗੱਲਬਾਤ ਕਰਦਿਆਂ ਆਪਣੀਆਂ ਤਰਜੀਹਾਂ ਦਾ ਪ੍ਰਗਟਾਵਾ ਕੀਤਾ। ਉਸਨੇ ਕਿਹਾ ਕਿ 'ਇਸ ਸਮੇਂ ਸਰਕਾਰ ਦੀ ਤਰਜੀਹ ਯੂ.ਸੀ.ਸੀ. ਨੂੰ ਲਾਗੂ ਕਰਨਾ ਹੈ। ਸਾਡਾ ਪੂਰਾ ਧਿਆਨ ਇਸ 'ਤੇ ਹੋਵੇਗਾ।" ਯੂ.ਸੀ.ਸੀ. ਲਈ ਗਠਿਤ ਮਾਹਿਰ ਕਮੇਟੀ ਆਪਣੀ ਰਿਪੋਰਟ 2 ਫਰਵਰੀ ਨੂੰ ਮੁੱਖ ਮੰਤਰੀ ਨੂੰ ਸੌਂਪੇਗੀ।ਇਹ ਰਿਪੋਰਟ 3 ਫਰਵਰੀ ਨੂੰ ਮੰਤਰੀ ਮੰਡਲ ਦੇ ਸਾਹਮਣੇ ਰੱਖੀ ਜਾਵੇਗੀ। 5 ਤੋਂ 8 ਫਰਵਰੀ ਤੱਕ ਰਾਜ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਹੋਵੇਗਾ, ਜਿੱਥੇ ਯੂ.ਸੀ.ਸੀ. ਪਾਸ ਕੀਤਾ ਜਾਵੇ।





# 26 ਜਨਵਰੀ ਦੀਆਂ ਰੌਣਕਾਂ ਗਣਤੰਤਰ ਦਿਵਸ ਭਾਰੀ ਉਤਸ਼ਾਹ ਨਾਲ ਮਨਾਇਆ

## ਇਸ ਇਤਿਹਾਸਕ ਸਮੇਂ ਦੀਆਂ ਵੱਖ ਵੱਖ ਝਲਕੀਆਂ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਵੀਂ ਦਿੱਲੀ ਦੇ ਨੈਸ਼ਨਲ ਵਾਰ ਮੈਮੋਰੀਅਲ ਵਿਖੇ 75ਵੇਂ ਗਣਤੰਤਰ ਦਿਵਸ ਸਮਾਰੋਹ ਲਈ ਪਹੁੰਚੇ। ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਹੋਰ ਪਤਵੰਤੇ ਵੀ ਨਜ਼ਰ ਆਏ



ਰਾਸ਼ਟਰਪਤੀ ਦ੍ਰੋਪਦੀ ਮੁਰਮੂ ਲੋਕ ਸਭਾ ਅਤੇ ਰਾਜ ਸਭਾ ਦੀ ਸਾਂਝੀ ਬੈਠਕ ਨੂੰ ਸੰਬੋਧਨ ਕਰਨ ਪਹੁੰਚੀ



ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਗਣਤੰਤਰ ਦਿਵਸ ਪਰੇਡ 2024 ਦੇ ਭਾਗੀਦਾਰਾਂ ਨਾਲ ਮੁਲਾਕਾਤ ਕੀਤੀ



ਵਿਜੇ ਚੌਂਕ ਵਿਖੇ ਬੀਟਿੰਗ ਰੀਟਰੀਟ ਰਿਹਰਸਲ ਦੇ ਗਵਾਹ ਲੋਕਾਂ ਦੀ ਵੱਡੀ ਭੀੜ





ਖਾਲਸੇ ਦੀ ਟੁਕੜੀ ਨੇ ਕਾਰਤਵਯ ਮਾਰਗ ਰਾਹੀਂ ਮਾਰਚ ਪਾਸਟ ਕੀਤਾ



ਭਾਰਤੀ ਫੌਜ ਦੀ ਸਿੱਖ ਰੈਜੀਮੈਂਟ ਗਣਤੰਤਰ ਦਿਵਸ ਪਰੇਡ 2024 ਵਿੱਚ ਹਿੱਸਾ ਲੈ ਰਹੀ ਹੈ



ਬੀਟਿੰਗ ਰੀਟਰੀਟ ਸਮਾਰੋਹ ਦੌਰਾਨ ਬੀਐਸਐਫ ਦੇ ਜਵਾਨ ਅਤੇ ਪਾਕਿਸਤਾਨ ਰੇਂਜਰਸ



ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਟਰਾਈ-ਸਰਵਿਸ ਬੈਂਡ ਦੀ ਟੁਕੜੀ ਨਾਲ ਮੁਲਾਕਾਤ ਕੀਤੀ

# ਕੀ ਅਖੰਡ ਪਾਠ ਜਾਂ ਸਧਾਰਣ ਪਾਠ ਕੀਤਾ ਜਾ ਸਕਦਾ ਹੈ ?

ਇਤਹਾਸ ਦੇ ਪੰਨੇ ਫਰੋਲਿਆਂ ਪਤਾ ਚੱਲਦਾ ਹੈ ਕਿ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਕਿਸੇ ਵੀ ਗੁਰੂ ਵਿਆਕਤੀ ਨੇ ਕਿਸੇ ਵੀ ਖ਼ੁਸ਼ੀ ਜਾਂ ਗਮੀ ਵੇਲੇ ਅਖੰਡ ਪਾਠ ਜਾਂ ਸਾਧਾਰਣ ਪਾਠ ਨਹੀਂ ਕਰਵਾਇਆ ਤੇ ਨਾ ਹੀ ਕਿਧਰੇ ਇਤਹਾਸ ਦੇ ਕਿਸੇ ਪੰਨੇ ਤੋਂ ਇਹ ਹਵਾਲਾ ਮਿਲਦਾ ਹੈ ਕਿ ਕਿਸੇ ਗੁਰੂ ਵਿਆਕਤੀ ਨੇ ਸਿੱਖਾਂ ਨੂੰ ਇਸ ਤਰ੍ਹਾਂ ਦੇ ਪਾਠ ਕਰਵਾਉਣ ਦਾ ਉਪਦੇਸ਼ ਹੀ ਕੀਤਾ ਹੋਵੇ। ਗੁਰੂ ਅਰਜਨ ਪਾਤਸ਼ਾਹ ਦੇ ਅਕਾਲ ਚਲਾਣੇ ਸਮੇਂ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਤਿਆਰ ਹੈ ਪਰ ਛੇਵੇਂ ਪਾਤਸ਼ਾਹ ਨੇ ਕੋਈ ਅਖੰਡ ਪਾਠ ਜਾਂ ਸਾਧਾਰਣ ਪਾਠ ਨਹੀਂ ਕਰਵਾਇਆ ਤੇ ਨਾ ਹੀ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਹੀਦੀ ਸਮੇਂ ਕੋਈ ਇਸ ਤਰ੍ਹਾਂ ਦੀ ਰੀਤ ਕੀਤੀ ਜਾਂ ਕਰਵਾਈ ਗਈ।

ਪੁਆੜੇ ਦੀ ਜੜ੍ਹ ਹੈ ਕਿਤਾਬ ਗੁਰਬਿਲਾਸ ਪਾਤਸ਼ਾਹੀ ਛੇਵੀਂ ਜਿਹੜੀ ਭਾਈ ਕਾਹਨ ਸਿੰਘ ਨਾਭਾ ਦੇ ਗੁਰਮਤਿ ਸੁਧਾਕਰ ਦੇ ਪੰਨਾ 353 ਮੁਤਾਬਕ, ਭਾਈ ਗੁਰਮੁਖ ਸਿੰਘ ਅਕਾਲਬੁੰਗੀਏ ਅਤੇ ਭਾਈ ਦਰਬਾਰਾ ਸਿੰਘ ਚੌਂਕੀ ਵਾਲੇ ਅੰਮ੍ਰਿਤਸਰ ਨਿਵਾਸੀ, ਲਿਖਾਰੀ ਹਨ। ਇਨ੍ਹਾਂ ਨੇ ਇਹ ਗ੍ਰੰਥ 1890ਬਿਕਰਮੀ ਵਿਚ ਅਰੰਭ ਕਰਕੇ 1900 ਬਿ. (1843 ਈ:) ਵਿਚ ਸੰਪੂਰਨ ਕੀਤਾ। ਏਹੀ ਸਮਾਂ ਹੈ ਜਦੋਂ ਗੁਰ ਪ੍ਰਤਾਪ ਸੂਰਜ, ਦਸਮ ਗ੍ਰੰਥ, ਭਾਈ ਮਨੀ ਸਿੰਘ ਵਾਲੀ ਸੌ ਸਾਖੀ ਆਦਿ ਲਿਖੇ ਗਏ, ਅੰਗਰੇਜੀ ਰਾਜ ਸਮੇਂ। ਇਕ ਖੋਜ ਮੁਤਾਬਕ ਇਸ ਗ੍ਰੰਥ ਦਾ ਲਿਖਾਰੀ ਕਵੀ ਸੋਹਨ ਵੀ ਮੰਨਿਆ ਜਾਂਦਾ ਹੈ। ਇਹ ਕਿਤਾਬ ਗੁੰਮ ਨਾਮ ਲਿਖਾਰੀ ਹੋਣ ਕਰਕੇ ਸ਼ੱਕ ਦੇ ਘੇਰੇ ਵਿਚ ਆ ਜਾਂਦੀ ਹੈ, ਜਿਸ ਦੇ ਲਿਖਾਰੀ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਕੋਲੋਂ ਗੁਰੂ ਅਰਜਨ ਪਾਤਸ਼ਾਹ ਨਮਿਤ ਪਾਠ ਕਰਵਾ ਦਿੱਤਾ ਤੇ ਸਾਰੇ ਸਿੱਖ ਜਗਤ ਨੂੰ ਗੁੰਮਰਾਹ ਕਰਨ ਲਈ ਦਮਦਮੀ ਟਕਸਾਲ ਨੇ ਇਸ ਕਿਤਾਬ ਦੇ ਅਧਾਰ ਤੇ ਮਰਨੇ-ਪਰਨੇ ਪਾਠ ਕਰਾਉਣ ਦਾ ਪ੍ਰਚਾਰ ਕੀਤਾ ਅਤੇ 1962 ਵਿਚ ਪ੍ਰਲੋ ਆਉਣ ਦਾ ਬਹਾਨਾ ਕਰਕੇ ਇਕੋਤ੍ਰੀਆਂ ਵੀ ਇਨ੍ਹਾਂ ਹੀ ਚਲਾਈਆਂ। ਇਸ ਤਰ੍ਹਾਂ ਕਰਕੇ ਹੁਣ ਤਕ ਸਾਰਾ ਸਿੱਖ ਜਗਤ ਇਸ ਵਹਿਮ ਦਾ ਸ਼ਿਕਾਰ ਹੋ ਕੇ ਲੁਟੀਂਦਾ ਜਾ ਰਿਹਾ ਹੈ।

ਹਿੰਦੂ ਵੀਰ ਮਰਨੇ-ਪਰਨੇ ਗਰੁੜ ਪਰਾਣ ਦਾ ਪਾਠ ਕਰਵਾਉਂਦੇ ਹਨ ਤੇ ਸਿੱਖ ਜਗਤ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਵਾ ਕਰਵਾ ਕੇ ਥੱਕ ਚੁਕਿਆ ਹੈ, ਪਰ ਅੱਜ ਤਕ ਕਿਸੇ ਵੀ ਮਰੇ ਵਿਆਕਤੀ ਦੀ ਗਤ ਨਹੀਂ ਹੋਈ। ਵੀਹਵੀਂ ਸਦੀ ਵਿਚ ਸਿੱਖ ਜਗਤ ਨੇ 40 ਕਰੋੜ ਅਖੰਡਪਾਠ ਕਰਵਾਏ ਹਨ। ਪਤਾ ਨਹੀਂ ਕਿਤਨਾ ਕੁ ਸਰਮਾਇਆ ਘਰ ਵਾਲਿਆਂ ਖਰਾਬ ਕੀਤਾ ਤੇ ਕਿਤਨਾ ਕੁ ਪੈਸਾ ਇਸ ਪਾਠ ਤੇ ਦਰਸ਼ਨ ਦੇਣ ਵਾਲਿਆਂ ਨੇ ਆਉਣ-ਜਾਣ ਲਈ ਕਰਚ ਕੀਤਾ। ਗਿਣਤੀ ਮਿਣਤੀ ਕਰਨੀ ਮੁਸ਼ਕਲ ਹੀ ਹੈ। ਪਰ ਇਕ ਗੱਲ ਜ਼ਰੂਰ ਹੈ ਕਿ ਇਨ੍ਹਾਂ ਕਰਵਾਏ ਗਏ ਪਾਠਾਂ ਤੋਂ ਸਿੱਖ ਜਗਤ ਨੂੰ ਸਿਧਾਂਤਕ ਤੌਰ ਤੇ ਕੋਈ ਫਾਇਦਾ ਹੋਇਆ ਜਾਂ ਨਹੀਂ, ਇਹ ਇਕ ਵੱਖਰਾ ਮਜ਼ਬੂਨ ਹੈ, ਪਰ ਪੁਜਾਰੀਆਂ ਨੂੰ ਜਿਨ੍ਹਾਂ ਨੇ ਵੱਡੇ ਵੱਡੇ ਢਿੱਡ ਭਰੇ, ਕੋਠੀਆਂ ਬਣਾਈਆਂ ਅਤੇ ਰੰਗੀਲੇ ਵਰਗਿਆਂ ਨੇ ਅਕੈਡਮੀਆਂ ਖੋਲ੍ਹ ਕੇ ਗਰੀਬ ਪ੍ਰੀਵਾਰਾਂ ਦੀਆਂ ਕੁੜੀਆਂ ਦੇ ਵਿਆਹ ਦਾ ਬਹਾਨਾ ਲਾ ਕੇ ਆਪਣੇ ਮੋਕਲੇ ਢਿੱਡ ਹੋਰ ਭਰੇ ਤੇ ਇਸੇ ਕੰਮ ਦੀ ਨਕਲ ਅੱਜ ਸੰਤ ? ਰਣਜੀਤ ਸਿੰਘ ਢੱਢਰੀਆਂ ਵਾਲਾ ਵੀ ਕਰ ਰਿਹਾ ਹੈ। ਸਿੱਖ ਜਗਤ ਵਿੱਚ ਸੰਤ ਪੈਦਾ ਹੀ ਨਹੀਂ ਸੀ ਹੋਣੇ ਜੇ ਕਿਤੇ ਸਿੱਖੀ ਦਾ ਅਸਲੀ ਪ੍ਰਚਾਰ ਹੋਇਆ ਹੁੰਦਾ ਤਾਂ। ਸਿੱਖ ਕੌਮ ਅੱਜ ਇਸ ਮੁਹਾਵਰੇ ਦੀ ਸ਼ਕਲ ਅਖਤਿਆਰ ਕਰ ਚੁਕੀ ਹੈ,"ਤਾਏ ਦੀ ਕੁੜੀ ਚੱਲੀ ਤੇ ਮੈਂ ਕਿਉਂ ਰਹਾਂ ਇਕੱਲੀ। ਇਸ ਗੱਲ ਨੂੰ ਭਗਤ ਕਬੀਰ ਜੀ ਆਪਣੇ ਸਲੋਕ ਵਿਚ ਇਉਂ ਬਿਆਨ ਕਰਦੇ ਹਨ:-

ਕਬੀਰ ਜਿਹ ਮਾਰਗਿ ਪੰਡਿਤ ਗਏ, ਪਾਛੈ ਪਰੀ ਬਹੀਰ॥ ਇਕ ਅਵਘਟ ਘਾਟੀ ਰਾਮ ਕੀ, ਤਿਹ ਚੜਿ ਰਹਿਓ ਕਬੀਰ ॥165॥ (ਪੰਨਾ 1373)।

ਅਸੀਂ ਵਿਚਾਰ ਹੁਣ ਇਹ ਕਰਣੀ ਹੈ ਕਿ ਕੀ ਗੁਰੁ ਗ੍ਰੰਥ ਸਾਹਿਬ ਸਾਨੂੰ ਅਖੰਡ ਪਾਠ/ਸਾਧਾਰਣ ਪਾਠ ਕਰਨ/ਕਰਾਉਣ ਦੀ ਇਜ਼ਾਜਤ ਦਿੰਦੇ ਹਨ ? ਗੁਰੁ ਗ੍ਰੰਥ ਸਾਹਿਬ ਜੀ ਵਿਚ 2685 ਵਾਰੀ "ਰਹਾਉ" ਦਾ ਸਬਦ ਆਉਂਦਾ ਹੈ ਤੇ "ਰਹਾਉ" ਦਾ ਮਤਲਬ ਹੈ "ਠਹਿਰੋ। ਜਿਸ ਪਾਠ ਕਰਨ ਵਾਲੇ ਨੂੰ "ਰਹਾਉ" ਦੇ ਮਤਲਬ ਦਾ ਪਤਾ ਹੈ, ਉਹ ਗੁਰੂ ਦੇ ਇਸ ਹੁਕਮ ਦੀ ਉਲੰਙਣਾ ਵੀ ਕਰਦਾ ਹੈ ਤੇ ਫਿਰ ਵੀ ਪਾਠ ਕਰੀ ਜਾ ਰਿਹਾ ਹੈ, ਕੀ ਉਹ ਇਸ ਤਰ੍ਹਾਂ ਕਰਕੇ ਗੁਰੂ ਦੀ ਖ਼ੁਸ਼ੀ ਪ੍ਰਾਪਤ ਕਰਨ ਦਾ ਹੱਕਦਾਰ ਬਣਦਾ ਹੈ ਜਾਂ ਸਜਾ ਦਾ ਭਾਗੀਦਾਰ ਅੱਜ ਅਸੀਂ ਸਾਧਾਂ ਦੇ ਕਹੇ ਅਖੰਡ ਪਾਠ, ਸਧਾਰਣ ਪਾਠ, ਸੰਪਟ ਪਾਠ, ਦੋਹਰੇ ਸੰਪਟ ਪਾਠ, ਚੁੱਪ ਗੜੁੱਪ ਪਾਠ, ਭਰਿੰਡ ਪਾਠ ਤੇ ਹੋਰ ਪਤਾ ਨਹੀਂ ਕਿਤਨੇ ਕਿਸਮਾਂ ਦੇ ਪਾਠ ਕਰਾਈ ਜਾਂਦੇ ਹਾਂ, ਤੇ ਨਾਲੋ ਨਾਲ ਸਿੱਖ ਕੌਮ ਦਾ ਬੇੜਾ ਵੀ ਗਰਕ ਕਰੀ ਜਾ ਰਹੇ ਹਾਂ। ਜੋ ਨਿਘਾਰ ਸਿੱਖੀ ਵਿਚ ਅੱਜ ਵੇਖਣ ਨੂੰ ਮਿਲਦਾ ਹੈ ਕਿਤੇ ਇਸੇ ਕੰਮ ਦੀ ਬਦੌਲਤ ਤਾਂ ਨਹੀਂ ?

ਹੁਣ ਅਸੀਂ ਸੋਚਣਾ ਇਹ ਹੈ ਕਿ ਕੀ ਅਸੀਂ ਪਾਠ ਕਰਦੇ ਸਮੇਂ ਗੁਰੂ ਜੀ ਦੇ ਹੁਕਮ ਦੀ ਪਾਲਣਾ ਕਰ ਰਹੇ ਹਾਂ ਜਾਂ ਅਵੱਗਿਆ। ਗੁਰੂ ਦਾ ਹੁਕਮ ਹੈ, ਐ ਬੰਦੇ ! ਰੁਕ। ਪਹਿਲੀਆਂ ਆ ਚੁਕੀਆਂ ਪੰਗਤੀਆਂ ਦੀ ਵਿਚਾਰ ਕਰ। ਗੁਰਬਾਣੀ ਦਾ ਫੁਰਮਾਣ ਹੈ:

ਗਣਿ ਗਣਿ ਜੋਤਕੁ ਕਾਂਡੀ ਕੀਨੀ॥ ਪੜੈ ਸੁਣਾਵੈ ਤਤੁ ਨ ਚੀਨੀ॥ ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥ ਹੋਰ ਕਥਨੀ ਬਦਉ ਨ, ਸਗਲੀ ਛਾਰੁ ॥2॥ ਨਾਵਹਿ ਧੋਵਹਿ ਪੂਜਹਿ ਸੈਲਾ ॥ ਬਿਨੁ ਹਰਿ ਰਾਤੇ ਮੈਲੋ ਮੈਲਾ॥ ਗਰਬੁ ਨਿਵਾਰਿ ਮਿਲੈ ਪ੍ਰਭੁ ਸਾਰਥਿ॥ ਮੁਕਤਿ ਪ੍ਰਾਨ ਜਪਿ ਹਰਿ ਕਿਰਤਾਰਥਿ॥3॥

(ਪੰਡਿਤ) ਜੋਤਸ਼ (ਦੇ ਲੇਖੇ) ਗਿਣ ਗਿਣ ਕੇ (ਕਿਸੇ ਜਜਮਾਨ ਦੇ ਪੁੱਤਰ ਦੀ) ਜਨਮ ਪੱਤ੍ਰੀ ਬਣਾਂਦਾ ਹੈ, (ਜੋਤਸ਼ ਦਾ ਹਿਸਾਬ ਆਪ) ਪੜ੍ਹਦਾ ਹੈ ਤੇ (ਜਜਮਾਨ ਨੂੰ) ਸੁਣਾਂਦਾ ਹੈ ਪਰ ਅਸਲੀਅਤ ਨੂੰ ਨਹੀਂ ਪਛਾਣਦਾ। (ਸ਼ੁਭ ਮੁਹੂਰਤ ਆਦਿਕ ਦੀਆਂ) ਸਾਰੀਆਂ ਵਿਚਾਰਾਂ ਤੋਂ ਸ੍ਰੇਸ਼ਟ ਵਿਚਾਰ ਇਹ ਹੈ ਕਿ ਮਨੁੱਖ ਗੁਰੂ ਦੇ ਸ਼ਬਦ ਨੂੰ ਮਨ ਵਿਚ ਵਸਾਏ। ਮੈਂ (ਗੁਰ-ਸ਼ਬਦ ਦੇ ਟਾਕਰੇ ਤੇ ਸ਼ੁਭ ਮੁਹੂਰਤ ਤੇ ਜਨਮ-ਪੱਤ੍ਰੀ ਆਦਿਕ ਦੀ ਕਿਸੇ) ਹੋਰ ਗੱਲ ਦੀ ਪਰਵਾਹ ਨਹੀਂ ਕਰਦਾ, ਹੋਰ ਸਾਰੀਆਂ ਵਿਚਾਰਾਂ ਵਿਅਰਥ ਹਨ।

ਪੰਡਿਤ ਜੀ ਨਾਹ ਧੋ ਕੇ, ਸਵੱਸ਼ ਬਸਤਰ ਪਹਿਨ ਕੇ ਪੱਥਰਾਂ ਦੀ ਪੂਜਾ ਤਾਂ ਕਰਦਾ ਹੈ ਪਰ ਪਰਮਾਤਮਾ ਦੇ ਰੰਗ ਵਿਚ ਆਪਣੇ ਆਪ ਨੂੰ ਨਹੀਂ ਰੰਗਦਾ। ਜਿਤਨਾ ਚਿਰ ਉਹ ਆਪਣੇ ਆਪ ਨੂੰ ਪਰਮਾਤਮਾ ਦੇ ਰੰਗ ਵਿਚ ਨਹੀਂ ਰੰਗਦਾ ਸਮਝੋ, ਜਿਹੜਾ ਵੀ ਕੋਈ ਪੱਥਰ ਪੂਜਦਾ ਹੈ, ਮੈਲਾ ਹੀ ਮੈਲਾ ਹੈ। ਭਾਵ ਕਰਮ ਕਾਂਢ ਦਾ ਕੋਈ ਫਾਇਦਾ ਨਹੀਂ।

ਗੱਲ ਤਾਂ ਬਾਣੀ ਨੂੰ ਸਮਝ ਕੇ ਆਪਣੇ ਜੀਵਨ ਵਿਚ ਲਾਗੂ ਕਰਨ ਦੀ ਸੀ, ਪਰ ਸਾਧਾਂ ਸੰਤਾਂ ਦੇ ਲਾਣੇ ਨੇ ਇਸਦੇ ਤਵੀਜ਼ ਬਣਾ ਕੇ ਲੋਕਾਂ ਦੇ ਘਰਾਂ ਵਿਚ ਮਸੀਬਤਾਂ ਨੂੰ ਕੱਟਣ ਲਈ ਟੰਗ ਦਿੱਤੇ। ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ ਨੂੰ ਸਮਝਣ ਸਮਝਾਉਣ ਦੀ ਥਾਂਵੇ ਖੱਟੀ ਕਰਨ ਲਈ ਪਾਠਾਂ ਦੀਆਂ ਇਕੋਤ੍ਰੀਆਂ ਚਲਾ ਦਿੱਤੀਆਂ, ਲੜੀਆਂ ਚਲਾ ਦਿੱਤੀਆ ਤੇ ਲੋਕਾਂ ਨੇ ਸਾਧਾਂ ਦੇ ਕਹੇ ਮਾਇਆ ਦੀਆਂ ਝੜੀਆਂ ਲਾ ਦਿਤੀਆਂ। 1990-91 ਵਿਚ ਸੱਤੋ ਦੀ ਗਲੀ ਵਾਲੇ ਸੰਤ ? ਮੱਖਣ ਸਿੰਘ ਨਾਲ ਮੇਰੀ ਮੁਲਾਕਾਤ ਹੋਈ। ਮੈਂ ਕਿਹਾ ਜੀ ਤੁਸੀਂ ਤਾਂ ਮਾਇਆ ਨੂੰ ਨਿੰਦ ਰਹੇ ਸੀ ਪਰ ਤੁਸੀਂ


ਗੁਰਚਰਨ ਸਿੰਘ ਜਿਉਣ ਵਾਲਾ
+647 966 3132




ਆਪ ਚੜ੍ਹਾਵੇ ਦੀ ਮਾਇਆ ਆਪਣੇ ਖੀਸੇ ਵਿਚ ਪਾ ਲਈ। ਜੇ ਮਾਇਆ ਨਾਗਣੀ ਹੈ ਤਾਂ ਤੁਹਾਡੇ ਲਈ ਵੀ ਨਾਗਣੀ ਹੋਣੀ ਚਾਹੀਦੀ ਹੈ। ਪਰ ਗੁਰੁ ਜੀ ਦਾ ਫੁਰਮਾਣ ਤਾਂ ਇਉਂ ਹੈ:

ਮਾਇਆ ਮਮਤਾ ਕਰਤੈ ਲਾਈ॥ ਏਹੁ ਹੁਕਮੁ ਕਰਿ ਸ੍ਰਿਸਟਿ ਉਪਾਈ॥ ਗੁਰ ਪਰਸਾਦੀ ਬੂਝਹੁ ਭਾਈ॥ ਸਦਾ ਰਹਹੁ ਹਰਿ ਕੀ ਸਰਣਾਈ॥2॥ (ਪੰਨਾ 1261)

ਮਾਇਆ ਦਾ ਮੋਹ ਅਸੀਂ ਆਪ ਨਹੀਂ ਪੈਦਾ ਕੀਤਾ। ਕਰਤੇ ਦੇ ਹੁਕਮ ਅਨੁਸਾਰ ਹੀ ਇਸ ਮਨੁੱਖ ਨੂੰ ਮਇਆ ਦਾ ਮੋਹ ਲੱਗਾ ਹੈ ਤੇ ਕਰਤੇ ਦੇ ਹੁਕਮ ਵਿਚ ਹੀ ਇਹ ਸਾਰੀ ਕਇਨਾਤ ਪੈਦਾ ਹੋਈ ਹੈ। ਹੁਣ ਮਨੁੱਖ ਨੇ ਕਰਨਾ ਕੀ ਹੈ ? ਗੁਰੁ ਦੀ ਮੱਤ ਲੈ ਕੇ ਸੱਚੇ ਗਿਆਨ ਅਨੁਸਾਰ ਜਿੰਦਗੀ ਜਿਉਣ ਨੂੰ ਹੀ ਗੁਰੁ ਦੀ ਬਖਸ਼ਿਸ਼ ਕਿਹਾ ਗਿਆ ਹੈ। ਗੁਰੁ ਦੇ ਉਪਦੇਸ ਮੁਤਾਬਕ ਜਿੰਦਗੀ ਜਿਉਣਾ ਹੀ ਗੁਰੁ ਦੀ ਸ਼ਰਨ ਵਿਚ ਰਹਿਣਾ ਹੈ। ਸੰਤ ? ਮੱਖਣ ਸਿੰਘ ਕਹਿਣ ਲੱਗੇ ਇਹ ਗੁਰਬਾਣੀ ਦੀ ਪੰਗਤੀ ਹੈ ? ਮੈਂ ਕਿਹਾ ਜੀ ਇਹ ਇਕ ਹੀ ਪੰਗਤੀ ਨਹੀਂ ਸਗੋਂ ਐਸੀਆਂ ਹੋਰ ਬਹੁਤ ਪੰਗਤੀਆਂ ਹਨ। ਪੈਸਾ ਕਮਾਉਣਾ ਮਾੜਾ ਕੰਮ ਨਹੀਂ। ਗੁਰੂ ਜੀ ਆਪਣੇ ਸਿੱਖਾਂ ਨੂੰ ਘੋੜਿਆਂ ਦੇ ਵਪਾਰ ਵਿਚ ਆਪ ਪਾਉਂਦੇ ਹਨ। ਇਤਹਾਸ ਇਸ ਗੱਲ ਦਾ ਗਵਾਹ ਹੈ। ਗੁਰੂ ਜੀ ਦਾ ਸਿੱਖ ਭੁੱਖਾ ਕਿਉਂ ਮਰੇ ? ਭੁੱਖੇ ਮਰਨਾ ਕੀ ਸਿੱਖਾਂ ਦੇ ਹਿਸੇ ਆਇਆ ਹੈ ? ਨਹੀਂ। ਗੁਰਬਾਣੀ ਤਾਂ ਸਿੱਖਾਂ ਦੇ ਮਹਿਲ-ਮਾੜੀਆਂ ਵੇਖਣਾ ਚਾਹੁੰਦੀ ਹੈ।

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥ ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥1॥ ਹਰਿ ਬਿਨੁ ਜੀਉ ਜਲਿ ਬਲਿ ਜਾਉ॥ ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥1॥ ਰਹਾਉ ॥ ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥ ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥(ਪੰਨਾ14)।

ਗੁਰੁ ਪਾਤਸ਼ਾਹ ਫੁਰਮਾਉਂਦੇ ਹਨ ਕਿ ਐ ਸਿੱਖ ! ਭਾਂਵੇ ਤੇਰੇ ਮਹਿਲ ਕੀਮਤੀ ਤੋਂ ਕੀਮਤੀ ਵੀ ਕਿਉਂ ਨਾ ਹੋਣ, ਪਲੰਘ ਵੀ ਹੀਰਿਆਂ ਨਾਲ ਜੜੇ ਕਿਉਂ ਨਾ ਹੋਣ, ਕਸਤੂਰੀ ਤੇ ਚੰਦਨ ਦੀ ਸੁਗੰਧੀ ਵੀ ਕਿਉਂ ਨਾ ਆਉਂਦੀ ਹੋਵੇ, ਹੋਰ ਬਹੁਤ ਕੁੱਝ ਹੋਵੇ ਪਰ ਅਸਲ ਗੱਲ ਇਹ ਹੈ ਕਿ ਤੇਰੀ ਯਾਦ ਸ਼ਕਤੀ ਵਿਚੋਂ 'ਸੱਚ' ਨਿਕਲਣਾ ਨਹੀਂ ਚਾਹੀਦਾ, ਤੂੰ ਆਪਣੇ ਮਾਲਕ ਨੂੰ ਨਾ ਭੁੱਲ ਜਾਈਂ। ਅਸਲ ਗੱਲ ਸੀ ਗੁਰਬਾਣੀ ਨੂੰ ਪੜ੍ਹ ਕੇ ਆਪਣੇ ਜੀਵਨ ਵਿੱਚ ਲਾਗੂ ਕਰਨਾ। ਇਕ ਐਸਾ ਸੁਚੱਜਾ ਜੀਵਨ ਤਿਆਰ ਕਰਨਾ। ਜਿਸ ਨੂੰ ਵੇਖ ਕੇ ਆਲਾ ਦੁਆਲਾ ਇਕ ਸਵਾਲ ਕਰਦਾ ਕਿ ਇਹ ਕਿਸ ਕੌਮ ਦਾ ਬੰਦਾ ਹੈ ? ਮੈਂ ਵੀ ਐਸਾ ਜੀਵਨ ਬਤੀਤ ਕਰਨਾ ਚਾਹੁੰਦਾ ਹਾਂ। 2012 ਦੀ ਗੱਲ ਹੈ ਕਿ ਪੈਰਸ ਵਿਚ ਕੋਈ ਸਿੱਖ ਬੱਸ ਵਿਚ ਸਫਰ ਕਰ ਰਿਹਾ ਸੀ ਤੇ ਇਕ ਫਰਾਂਸੀਸੀ 10-12 ਸਾਲਾਂ ਦਾ ਲੜਕਾ ਆਪਣੀ ਮਾਂ ਨਾਲ ਉਸੇ ਬੱਸ ਵਿਚ ਸਫਰ ਕਰ ਰਿਹਾ ਸੀ। ਉਹ ਲੜਕਾ ਆਪਣੀ ਮਾਂ ਨੂੰ ਪੁੱਛਣ ਲੱਗਾ, ਮਾਂ ਇਹ ਆਦਮੀ ਸਿਰਗਟ ਕਿਵੇਂ ਪੀਂਦਾ ਹੋਊਗਾ ? ਇਸ ਦੇ ਮੂੰਹ ਤੇ ਮੁੱਛਾਂ ਤੇ ਦਾਹੜੀ ਇਤਨੀ ਕੁ ਹੈ ਕਿ ਸਿਗਰਟ ਪੀਣ ਸਮੇਂ ਇਸ ਨੂੰ ਅੱਗ ਲੱਗ ਸਕਦੀ ਹੈ ? ਉਸ ਬੱਚੇ ਦੀ ਮਾਂ ਨੇ ਉਸ ਨੂੰ ਸਮਝਾਇਆ ਕਿ ਇਹ ਲੋਕ ਸਿਗਰਟ ਨਹੀਂ ਪੀਂਦੇ। ਬੱਚੇ ਨੇ ਪੁਛਿਆ, ਮਾਂ ਕਿਉਂ ? ਮਾਂ ਨੇ ਉਤਰ ਦਿੱਤਾ ਕਿ ਮੇਰੇ ਪੁੱਤਰ ਜੀ ਇਨ੍ਹਾ ਦਾ ਧਰਮ ਹਰ ਕਿਸਮ ਦੇ ਨਸ਼ੇ ਦੀ ਵਰਤੋਂ ਦੀ ਮਨਾਹੀ ਕਰਦਾ ਹੈ। ਬੱਚੇ ਨੇ ਉਸੇ ਵਕਤ ਮਾਂ ਨੂੰ ਉਤਰ ਦਿੱਤਾ ਕਿ ਮਾਂ ਮੈਨੂੰ ਹੁਣ ਤੋਂ ਹੀ ਸਿੱਖ ਧਰਮ ਬਾਰੇ ਜਾਣਕਾਰੀ ਹਾਸਲ ਕਰਨ ਲਈ ਕਿਤਾਬਾਂ ਲੈ ਦਿਓ ਮੈਂ ਸਿੱਖ ਬਣਨਾ ਚਾਹੁੰਦਾ ਹਾਂ।

ਸਲੋਕੁ ॥ ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥ ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥ ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥ ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥ ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥ ਪੰਨਾ 467

ਜੇ ਇਤਨੀਆਂ ਪੋਥੀਆਂ ਪੜ੍ਹ ਲਈਏ, ਜਿਨ੍ਹਾਂ ਨਾਲ ਕਈ ਗੱਡੀਆਂ ਭਰ ਲਈਆਂ ਜਾ ਸਕਣ, ਜਿਨ੍ਹਾਂ ਦੇ ਢੇਰਾਂ ਦੇ ਢੇਰ ਲਗਾਏ ਜਾ ਸਕਣ; ਜੇ ਇਤਨੀਆਂ ਪੁਸਤਕਾਂ ਪੜ੍ਹ ਲਈਏ, ਜਿਨ੍ਹਾਂ ਨਾਲ ਇਕ ਬੇੜੀ ਭਰੀ ਜਾ ਸਕੇ, ਕਈ ਖਾਤੇ ਪੂਰੇ ਜਾ ਸਕਣ, ਜੇ ਪੜ੍ਹ ਪੜ੍ਹ ਕੇ ਸਾਲਾਂ ਦੇ ਸਾਲ ਗੁਜ਼ਾਰੇ ਜਾਣ, ਜੇ ਪੁਸਤਕਾਂ ਪੜ੍ਹ ਪੜ੍ਹ ਕੇ ਸਾਰੀ ਉਮਰ ਗੁਜ਼ਾਰ ਦਿੱਤੀ ਜਾਏ, ਜੇ ਪੜ੍ਹ ਪੜ੍ਹ ਕੇ ਉਮਰ ਦੇ ਸਾਰੇ ਸੁਆਸ ਬਿਤਾਏ ਜਾਣ ਤਾਂ ਭੀ ਰੱਬ ਦੀ ਦਰਗਾਹ ਵਿਚ ਇਸ ਵਿਚੋਂ ਕੁਝ ਭੀ ਪਰਵਾਨ ਨਹੀਂ ਹੁੰਦਾ।

ਹੇ ਨਾਨਕ ! ਪ੍ਰਭੂ ਦੀ ਦਰਗਾਹ ਵਿਚ ਕੇਵਲ ਪ੍ਰਭੂ ਦੀ ਸਿਫ਼ਤਿ-ਸਾਲਾਹ ਕਬੂਲ ਪੈਂਦੀ ਹੈ, ਚੰਗੇ ਕੰਮ ਕਰਨ ਤੋਂ ਬਿਨਾ ਕੋਈ ਹੋਰ ਉੱਦਮ ਕਰਨਾ, ਆਪਣੀ ਹਉਮੈ ਦੇ ਵਿਚ ਹੀ ਭਟਕਦੇ ਫਿਰਨਾ ਹੈ।

ਆਚਾਰੀ ਨਹੀ ਜੀਤਿਆ ਜਾਇ॥ ਪਾਠ ਪੜੈ ਨਹੀ ਕੀਮਤਿ ਪਾਇ॥ ਅਸਟ ਦਸੀ ਚਹੁ ਭੇਦੁ ਨ ਪਾਇਆ॥ ਨਾਨਕ ਸਤਿਗੁਰਿ ਬ੍ਰਹਮੁ ਦਿਖਾਇਆ ਪੰਨਾ 355

(ਹੇ ਪਾਂਡੇ !) ਪਰਮਾਤਮਾ ਨਿਰੀਆਂ ਧਾਰਮਿਕ ਰਸਮਾਂ ਨਾਲ ਵੱਸ ਵਿਚ ਨਹੀਂ ਕੀਤਾ ਜਾ ਸਕਦਾ, ਵੇਦ ਆਦਿਕ ਪੁਸਤਕਾਂ ਦੇ ਪਾਠ ਪੜਿਆਂ ਭੀ ਉਸ ਦੀ ਕਦਰ ਨਹੀਂ ਪੈ ਸਕਦੀ । ਜਿਸ ਪ੍ਰਮਾਤਮਾ ਦਾ ਭੇਦ ਅਠਾਰਾਂ ਪੁਰਾਣਾਂ ਤੇ ਚਾਰ ਵੇਦਾਂ ਨੇ ਨਾਹ ਲੱਭਾ, ਹੇ ਨਾਨਕ ! ਸਤਿਗੁਰੂ ਨੇ (ਸਾਨੂੰ) ਉਹ (ਅੰਦਰ ਬਾਹਰ ਹਰ ਥਾਂ) ਵਿਖਾ ਦਿੱਤਾ ਹੈ।

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥ ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ॥ ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥ ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥ ਪੰਨਾ 641-642

ਪਾਠ ਪੜ੍ਹਨ ਨਾਲ, ਵੇਦਾਂ ਦਾ ਅਭਿਆਸ ਕਰਨ ਨਾਲ, ਜੋਗੀਆਂ ਵਾਲੇ ਆਸਣ ਕਰਨ ਨਾਲ, ਨੰਗੇ ਫਿਰਨ ਨਾਲ, ਚੁੱਪ ਕਰਨ ਨਾਲ ਜਾਂ ਹੋਰ ਕਿਸੇ ਵੀ ਤਰੀਕੇ ਨਾਲ ਪੰਜਾਂ ਵਿਕਾਰਾਂ ਤੋਂ ਛੁਟਕਾਰਾ ਨਹੀਂ ਮਿਲਦਾ। ਇਸ ਕਰਕੇ ਗੁਰੂ ਜੀ ਪਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਮੈਨੂੰ ਬਬੇਕ ਬੁੱਧੀ ਦੀ ਬਖਸ਼ਿਸ਼ ਕਰੋ। ਅਸਲ ਵਿੱਚ ਇਹ ਮੰਗ ਸਾਡੇ ਵਾਸਤੇ ਹੈ। ਜੇਕਰ ਪਾਠ ਕਰਨ ਨਾਲ ਕੁੱਝ ਸੰਵਰ ਸਕਦਾ ਹੁੰਦਾ ਤਾਂ ਗੁਰਬਾਣੀ ਵਿਚ ਅਨੇਕਾਂ ਵਾਰ ਪਾਠ ਕਰਨ ਜਾ ਕਰਵਾਉਣ ਦਾ ਖੰਡਣ ਨਾ ਕੀਤਾ ਹੁੰਦਾ।

ਗੁਰੁ ਪਿਆਰਿਓ ! ਆਓ ਇਸ ਬਿਮਾਰੀ ਦਾ ਹੱਲ ਲੱਭਣ ਦੀ ਕੋਸ਼ਿਸ਼ ਕਰੀਏ। ਆਪਣੇ ਆਪਣੇ ਗੁਆਂਡੀਆਂ ਨਾਲ ਗੱਲਬਾਤ ਦੇ ਜ਼ਰੀਏ ਕੁੱਝ ਸਮਝਣ ਸਮਝਾਉਣ ਦੀ ਗੱਲ ਤੋਰੀਏ। 2013 ਦੇ ਮਾਰਚ ਮਹੀਨੇ ਮੇਰੀ ਮੁਲਾਕਾਤ ਇਕ ਐਸੇ ਸਿੱਖ ਨਾਲ ਹੋਈ ਜਿਹੜਾ ਕਿੱਤੇ ਦੇ ਤੌਰ ਤੇ ਸਿੱਖ ਧਰਮ ਬਾਰੇ ਯੂਨੀਵਰਸਿਟੀ ਦੇ ਲੈਵਲ ਤੇ ਬੋਲਣ ਜਾਂਦਾ ਹੈ। ਉਸ ਦੀ ਗਿਣਤੀ ਮੁਤਾਬਕ ਸਿੱਖ ਜਗਤ ਵਿੱਚ ਅਖੰਡ ਪਾਠਾਂ ਦਾ ਇੱਕ ਸਾਲ ਦਾ ਵਪਾਰ 400 ਕਰੋੜ ਰੁਪੈ ਦਾ ਹੈ। ਇਸ ਵਪਾਰ/ ਇੰਡਸਟਰੀ ਵਿੱਚ 20,000 ਵਿਆਕਤੀ ਕੰਮ ਕਰ ਰਹੇ ਹਨ। ਇਹ ਗੱਲ ਜਰੂਰ ਹੈ ਕਿ 20,000 ਪਰੀਵਾਰਾਂ ਦਾ ਢਿੱਡ ਤਾਂ ਜ਼ਰੂਰ ਇਸ ਕਿੱਤੇ ਵਿੱਚੋਂ ਭਰਦਾ ਹੈ ਪਰ ਨਾਲ ਦੀ ਨਾਲ ਸਿੱਖ ਕੌਮ ਦੀ ਤਬਾਹੀ ਵੀ ਇਸ ਕਿੱਤੇ ਨੇ ਕਰ ਦਿੱਤੀ ਹੈ। ਆਓ ਸਾਰੇ ਰਲ ਕੇ ਬਾਕੀ ਬਚੀ ਰਹਿੰਦ-ਖੂੰਦ ਸਿੱਖੀ ਨੂੰ ਬਚਾਉਣ ਦਾ ਕੋਈ ਹੱਲ ਲੱਭੀਏ ?

# 'ਮਰਾਠਾ ਰਾਖਵਾਂਕਰਨ ਅੰਦੋਲਨ ਅਜੇ ਖਤਮ ਨਹੀਂ' ਫਿਰ 'ਭੜਕ ਸਕਦੀ ਹੈ ਬੇਚੈਨੀ ਦੀ ਅੱਗ'

ਲੰਮੇ ਸਮੇਂ ਤੋਂ ਲਟਕਦੇ ਆ ਰਹੇ ਮਰਾਠਾ ਰਾਖਵਾਂਕਰਨ ਦਾ ਮੁੱਦਾ 23 ਜੁਲਾਈ, 2023 ਨੂੰ ਔਰੰਗਾਬਾਦ 'ਚ ਇਕ ਨੌਜਵਾਨ ਵਲੋਂ ਆਤਮਹੱਤਿਆ ਪਿੱਛੋਂ ਅਚਾਨਕ 'ਮਨੋਜ ਜਰਾਂਗੇ' ਦੀ ਅਗਵਾਈ 'ਚ ਭੜਕ ਉੱਠਿਆ, ਜੋ ਛੇਤੀ ਹੀ ਸਮੁੱਚੇ ਸੂਬੇ 'ਚ ਫੈਲ ਗਿਆ ਅਤੇ ਹਿੰਸਕ ਵਿਖਾਵਿਆਂ 'ਚ ਕਈ ਪੁਲਿਸ ਮੁਲਾਜ਼ਮਾਂ ਸਮੇਤ ਅਨੇਕਾਂ ਲੋਕਾਂ ਦੀ ਮੌਤ ਹੋ ਗਈ।

ਛਿੰਦੇ ਸਰਕਾਰ ਵਲੋਂ 2 ਨਵੰਬਰ, 2023 ਨੂੰ ਮਰਾਠਾ ਮੰਗਾਂ 'ਤੇ ਹਮਦਰਦੀ ਨਾਲ ਵਿਚਾਰ ਕਰਨ ਦਾ ਭਰੋਸਾ ਦੇਣ ਪਿੱਛੋਂ 'ਮਨੋਜ ਜਰਾਂਗੇ' ਨੇ ਆਪਣੀ 9 ਦਿਨਾਂ ਤੋਂ ਜਾਰੀ ਅਣਮਿੱਥੇ ਸਮੇਂ ਦੀ ਭੁੱਖ ਹੜਤਾਲ ਇਸ ਚਿਤਾਵਨੀ ਨਾਲ ਖਤਮ ਕਰ ਦਿੱਤੀ ਕਿ ਜੇ 24 ਦਸੰਬਰ, 2023 ਤੱਕ ਮੰਗਾਂ ਪੂਰੀਆਂ ਨਾ ਹੋਈਆਂ ਤਾਂ ਉਹ ਦੁਬਾਰਾ ਅੰਦੋਲਨ ਸ਼ੁਰੂ ਕਰ ਦੇਣਗੇ।

ਛਿੰਦੇ ਸਰਕਾਰ ਵਲੋਂ ਅਜਿਹਾ ਨਾ ਕਰਨ 'ਤੇ 'ਮਨੋਜ ਜਰਾਂਗੇ' ਆਪਣੇ ਹਜ਼ਾਰਾਂ ਹਮਾਇਤੀਆਂ ਨਾਲ ਪਦ ਯਾਤਰਾ ਕਰਦੇ ਹੋਏ 20 ਜਨਵਰੀ, 2024 ਨੂੰ ਜਾਲਨਾ ਸ਼ਹਿਰ ਤੋਂ ਨਿੱਕਲ ਪਏ ਅਤੇ 26 ਜਨਵਰੀ, 2024 ਨੂੰ ਵਾਸ਼ੀ ਸ਼ਹਿਰ ਪੁੱਜ ਕੇ ਫਿਰ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ।

ਇਸ ਦਰਮਿਆਨ ਉਨ੍ਹਾਂ ਨੇ ਕਿਹਾ ਕਿ ਸਰਕਾਰ



27 ਜਨਵਰੀ ਸ਼ਾਮ ਤੱਕ ਉਨ੍ਹਾਂ ਦੀਆਂ ਮੰਗਾਂ 'ਤੇ ਫੈਸਲਾ ਲਵੇ। ਉਹ ਰਾਖਵਾਂਕਰਨ ਲਈ ਆਪਣੀ ਜਾਨ ਤੱਕ ਦੇਣ ਲਈ ਤਿਆਰ ਹਨ ਅਤੇ ਬਿਨਾਂ ਰਾਖਵਾਂਕਰਨ ਦੇ ਇੱਥੋਂ ਵਾਪਸ ਨਹੀਂ ਜਾਣਗੇ।

ਉਕਤ ਚਿਤਾਵਨੀ ਪਿੱਛੋਂ ਮਹਾਰਾਸ਼ਟਰ ਸਰਕਾਰ ਵਲੋਂ ਉਨ੍ਹਾਂ ਦੀਆਂ ਮੰਗਾਂ ਸਵੀਕਾਰ ਕਰ ਕੇ ਮਰਾਠਾ ਰਾਖਵਾਂਕਰਨ ਬਾਰੇ ਸੋਧਿਆ ਨੋਟੀਫਿਕੇਸ਼ਨ ਜਾਰੀ ਕਰਨ ਪਿੱਛੋਂ ਹਾਲਾਂਕਿ 27 ਜਨਵਰੀ, 2024 ਨੂੰ 'ਮਨੋਜ ਜਰਾਂਗੇ' ਨੇ ਆਪਣਾ ਅੰਦੋਲਨ ਖਤਮ ਕਰਨ ਦਾ ਐਲਾਨ ਕਰ ਦਿੱਤਾ ਸੀ ਪਰ ਜਾਲਨਾ ਸ਼ਹਿਰ ਵਾਪਸ ਪੁੱਜਣ ਪਿੱਛੋਂ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦਾ ਅੰਦੋਲਨ ਅਜੇ ਖਤਮ ਨਹੀਂ ਹੋਇਆ ਸਗੋਂ ਮੁਲਤਵੀ ਕਰ ਦਿੱਤਾ ਗਿਆ ਹੈ।

ਉਨ੍ਹਾਂ ਨੇ ਕਿਹਾ ਕਿ ਇਹ ਨੋਟੀਫਿਕੇਸ਼ਨ ਜਦ ਤੱਕ ਕਾਨੂੰਨ 'ਚ ਬਦਲ ਨਹੀਂ ਜਾਂਦਾ ਅਤੇ ਉਸ ਕਾਨੂੰਨ ਦੇ ਤਹਿਤ ਮਰਾਠਾ ਰਾਖਵਾਂਕਰਨ ਦਾ ਲਾਭ ਮਿਲਣਾ ਸ਼ੁਰੂ ਨਹੀਂ ਹੁੰਦਾ, ਤਦ ਤੱਕ ਮਰਾਠਾ ਅੰਦੋਲਨ ਇਸੇ ਤਰ੍ਹਾਂ ਜਾਰੀ ਰਹੇਗਾ। ਇਸ ਲਈ ਸਰਕਾਰ ਨੂੰ ਛੇਤੀ ਕਾਨੂੰਨ ਬਣਾ ਕੇ ਇਸ ਸਮੱਸਿਆ ਨੂੰ ਪੱਕੇ ਤੌਰ 'ਤੇ ਹੱਲ ਕਰ ਦੇਣਾ ਚਾਹੀਦਾ ਹੈ।

# ਆਪਣੇ ਹੀ ਖ਼ਿਲਾਫ਼ ਜੰਗ ਜਾਰੀ ਹੈ

ਗੁਰਬਚਨ ਜਗਤ



ਸਾਲ 1945 ਵਿਚ ਬਰਤਾਨਵੀ ਸਾਮਰਾਜ ਦਾ ਸੂਰਜ ਅਸਤ ਹੋ ਗਿਆ ਸੀ ਅਤੇ ਉਸੇ ਸਾਲ ਅਮਰੀਕੀ ਤੇ ਰੂਸੀ ਸਾਮਰਾਜ ਉਦੈ ਹੋਏ ਸਨ। ਪੱਛਮੀ ਤਾਕਤਾਂ ਅਤੇ ਸੋਵੀਅਤ ਸੰਘ ਵਿਚਕਾਰ ਯੂਰੋਪ ਦੀ ਇਸ ਕਦਰ ਸਫ਼ਾਈ ਨਾਲ ਵੰਡ ਕਰ ਦਿੱਤੀ ਗਈ ਕਿ ਪਰਦੇ ਦੇ ਦੂਜੇ ਪਾਸੇ ਕੁਝ ਵੀ ਦਿਖਾਈ ਸੁਣਾਈ ਨਾ ਦੇ ਸਕੇ। ਇਸ ਤੋਂ ਇਲਾਵਾ, ਲਾਤੀਨੀ ਖਿੱਤਾ ਅਮਰੀਕਾ ਦੇ ਵੰਡੇ ਆ ਗਿਆ ਅਤੇ ਮੱਧ ਏਸ਼ੀਆ ਸੋਵੀਅਤ ਸੰਘ ਦੀ ਧੁਰੀ ਦੇ ਪ੍ਰਭਾਵ ਹੇਠ ਆ ਗਿਆ ਸੀ। ਇਨ੍ਹਾਂ ਦੋਵੇਂ ਵੱਡੀਆਂ ਤਾਕਤਾਂ ਵਲੋਂ ਮੱਧ ਪੂਰਬ ਅਤੇ ਪੱਛਮੀ ਏਸ਼ੀਆ ਦੀਆਂ ਜ਼ਿਆਦਾਤਰ ਸਲਤਨਤਾਂ ਉਪਰ ਆਪਣਾ ਪ੍ਰਭਾਵ ਵਧਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਸਨ। ਅਮਰੀਕੀਆਂ ਨੇ ਕਮਿਊਨਿਜ਼ਮ ਦਾ ਟਾਕਰਾ ਕਰਨ ਤੇ ਇਸ ਨੂੰ ਭਾਂਜ ਦੇਣ ਜਦਕਿ ਸੋਵੀਅਤ ਸੰਘ ਨੇ ਇਸ ਨੂੰ ਦੁਨੀਆ ਭਰ ਵਿਚ ਫੈਲਾਉਣ ਦਾ ਜ਼ਿੰਮਾ ਚੁੱਕ ਲਿਆ ਜਿਸ ਦੇ ਸਿੱਟੇ ਵਜੋਂ 'ਸੀਤ ਜੰਗ' ਸ਼ੁਰੂ ਹੋ ਗਈ। ਆਪੋ-ਆਪਣੇ ਉਦੇਸ਼ਾਂ ਦਾ ਪਿੱਛਾ ਕਰਦਿਆਂ ਇਨ੍ਹਾਂ ਸਾਮਰਾਜਾਂ ਦਾ ਵੱਖ ਵੱਖ ਦੇਸ਼ਾਂ ਵਿਚ ਟਕਰਾਅ ਹੋਇਆ ਪਰ ਕਦੇ ਵੀ ਜੰਗ ਇਨ੍ਹਾਂ ਦੇ ਆਪਣੇ ਦਰਾਂ 'ਤੇ ਨਹੀਂ ਢੁੱਕੀ ਸੀ। ਅਮਰੀਕਾ ਵੀਅਤਨਾਮ, ਲਾਓਸ, ਕੰਬੋਡੀਆ, ਕਿਊਬਾ, ਕਾਂਗੋ ਅਤੇ ਅਫਰੀਕਾ ਅਤੇ ਏਸ਼ੀਆ ਦੇ ਵੱਖੋ-ਵੱਖਰੇ ਦੇਸ਼ਾਂ ਵਿਚਲੇ ਕਮਿਊਨਿਸਟਾਂ ਖਿਲਾਫ਼ ਲੜਨ ਗਿਆ ਜੋ ਆਪੋ-ਆਪਣੇ ਬਸਤੀਵਾਦੀ ਹਾਕਮਾਂ ਤੋਂ ਮੁਕਤੀ ਪਾਉਣ ਲਈ ਜੂਝ ਰਹੇ ਸਨ। ਜੰਗ ਦਾ ਕਾਰਨ ਭਾਵੇਂ ਵਿਚਾਰਧਾਰਾ ਵੀ ਰਹੀ ਹੋਵੇਗੀ ਪਰ ਬੁਨਿਆਦੀ ਤੌਰ 'ਤੇ ਸੱਤਾ ਦੀ ਪੁਰਾਣੀ ਹਵਸ ਅਤੇ ਆਰਥਿਕ ਲਾਭ ਹੀ ਇਸ ਦਾ ਮੁੱਖ ਕਾਰਨ ਸਨ। ਇਨ੍ਹਾਂ ਦੋਵਾਂ ਖੇਮਿਆਂ ਵਿਚਕਾਰ ਸਫ਼ਾਈ ਨਾਲ ਬੁਣੀ ਗਈ ਆਲਮੀ ਵਿਵਸਥਾ ਸੋਵੀਅਤ ਸੰਘ ਦੇ ਟੁੱਟਣ ਨਾਲ ਖਿੰਡ ਪੁੰਡ ਗਈ ਅਤੇ ਅਮਰੀਕਾ ਇਕਲੌਤੀ ਮਹਾਂਸ਼ਕਤੀ ਦੇ ਤੌਰ 'ਤੇ ਉਭਰਿਆ।

ਵਕਤ ਦੀਆਂ ਘੜੀਆਂ ਵੀਹਵੀਂ ਸਦੀ ਦੇ ਪਹਿਲੇ ਅੱਧ ਦੌਰਾਨ ਹੋਈਆਂ ਦੋ ਆਲਮੀ ਜੰਗਾਂ ਵੱਲ ਪਰਤਾਉਂਦੇ ਹੋਏ ਪਤਾ ਲਗਦਾ ਹੈ ਕਿ ਪਹਿਲੀ ਆਲਮੀ ਜੰਗ ਉਦੋਂ ਹੋਈ ਸੀ ਜਦੋਂ ਉਸ ਵੇਲੇ ਦੀਆਂ ਧੁਰੀ ਸ਼ਕਤੀਆਂ (ਜਰਮਨੀ, ਆਸਟਰੀਆ-ਹੰਗਰੀ, ਬੁਲਗਾਰੀਆ ਤੇ ਓਟੋਮਾਨ ਸਾਮਰਾਜ) ਨੇ ਮੁੱਖ ਤੌਰ 'ਤੇ ਬਰਤਾਨੀਆ ਅਤੇ ਫਰਾਂਸ ਵਲੋਂ ਕੀਤੀ ਗਈ ਦੁਨੀਆ ਦੀ ਬਸਤੀਵਾਦੀ ਵੰਡ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਸੀ। ਬਸਤੀਆਂ ਦੀ ਇਸ ਖੇਡ ਵਿਚ ਕਾਫ਼ੀ ਦੇਰ ਨਾਲ ਸ਼ਾਮਲ ਹੋਏ ਜਰਮਨੀ ਨੇ ਇਸ ਗੱਠਜੋੜ ਦੇ ਹੋਰਨਾਂ ਮੈਂਬਰਾਂ ਤੋਂ ਆਪਣੇ ਲਈ ਵੱਡਾ ਹਿੱਸਾ ਵੰਡਾਉਣਾ ਚਾਹਿਆ। ਪੁਰਾਣੀ ਕਹਾਵਤ ਹੈ ਕਿ ਮਨੁੱਖ ਜਾਤੀ ਲਾਲਚ ਤੇ ਡਰ ਨਾਲ ਚਲਦੀ ਹੈ ਜਿਸ ਕਰ ਕੇ ਸਾਡਾ ਇਤਿਹਾਸ ਅਸਲ ਵਿਚ ਜੰਗਾਂ ਦਾ ਇਤਿਹਾਸ ਹੀ ਹੈ। ਜੰਗ ਦਾ ਤਤਕਾਲੀ ਕਾਰਨ ਧਰਮ, ਨਸਲ, ਵਿਚਾਰਧਾਰਾ, ਗ਼ਲਤ ਕੰਮ ਜਾਂ ਵਿਤਕਰੇ ਦਾ ਅਹਿਸਾਸ ਹੋ ਸਕਦਾ ਹੈ ਪਰ ਇਸ ਦੀ ਸਤਹ ਹੇਠਾਂ ਵੱਧ ਤੋਂ ਵੱਧ ਸਰੋਤ, ਜ਼ਮੀਨ, ਜ਼ਿਆਦਾ ਵਪਾਰ ਤੇ ਸੱਤਾ ਇਕੱਠੀ ਕਰਨ ਦੀ ਹਵਸ ਕੰਮ ਕਰ ਰਹੀ ਹੁੰਦੀ ਹੈ। ਦੂਜੀ ਆਲਮੀ ਜੰਗ ਮੂਲ ਰੂਪ ਵਿਚ ਪਹਿਲੀ ਜੰਗ ਦੀ ਹੀ ਲੜੀ ਸੀ ਜਿਸ ਦਾ ਤਤਕਾਲੀ ਕਾਰਨ ਜਰਮਨੀ ਦੇ ਮਨ ਵਿਚ ਜ਼ਲਾਲਤ ਦਾ ਅਹਿਸਾਸ ਸੀ ਪਰ ਇਸ ਦਾ ਬੁਨਿਆਦੀ ਕਾਰਨ ਨਾਜ਼ੀ ਸਟੇਟ ਵਲੋਂ ਆਪਣੇ ਪੈਰ ਪਸਾਰਨ ਦੀ ਗਹਿਰੀ ਖਾਹਿਸ਼ ਸੀ। ਇਸ ਤੋਂ ਪਿਛਾਂਹ ਉਨੀਵੀਂ ਸਦੀ ਦੇ ਸ਼ੁਰੂ ਵਿਚ ਮੱਧ ਏਸ਼ੀਆ ਅਤੇ ਦੱਖਣੀ ਏਸ਼ੀਆ ਉਪਰ ਕਬਜ਼ਾ ਜਮਾਉਣ ਲਈ ਬਰਤਾਨਵੀ ਅਤੇ ਰੂਸੀ ਸਾਮਰਾਜਾਂ ਵਿਚਕਾਰ ਮੁਕਾਬਲੇ ਦੀ ਬਸਤੀਵਾਦੀ 'ਮਹਾਂ ਖੇਡ' ਖੇਡੀ ਗਈ ਸੀ। ਇਹ ਇਨ੍ਹਾਂ ਖੇਤਰਾਂ ਵਿੱਚ ਪ੍ਰਭਾਵ ਨੂੰ ਲੈ ਕੇ ਚੱਲਿਆ ਵੈਰ ਵਿਰੋਧ ਸੀ ਅਤੇ ਇਸ ਲਈ ਕੂਟਨੀਤੀ, ਸਾਜ਼ਿਸ਼ਾਂ ਅਤੇ ਖੇਤਰੀ ਯੁੱਧਾਂ ਦੀ ਵਰਤੋਂ ਕੀਤੀ ਗਈ ਸੀ। ਵਕਤ ਦੀਆਂ ਸੂਈਆਂ ਅਤੇ ਜੰਗਾਂ ਦੇ ਇਤਿਹਾਸ ਨੂੰ ਕਿੰਨਾ ਮਰਜ਼ੀ ਪੁੱਠਾ ਗੇੜਾ ਦਿੰਦੇ ਰਹੋ, ਲਾ ਪਾ ਕੇ ਇਸ 'ਚੋਂ ਪ੍ਰਭਾਵ ਅਤੇ ਸਾਜ਼ਿਸ਼ ਦਾ ਦੁਹਰਾਓ ਹੀ ਹੁੰਦਾ ਰਹੇਗਾ। ਸੱਤਾ ਦੀ ਖੇਡ ਕਦੇ ਨਹੀਂ ਰੁਕਦੀ ਅਤੇ ਜੰਗਾਂ ਦੇ ਬਹਾਨੇ ਜੇ ਪਹਿਲਾਂ ਮੌਜੂਦ ਨਾ ਹੋਣ ਤਾਂ ਨਵੇਂ ਘੜ ਲਏ ਜਾਂਦੇ ਹਨ। ਇਨ੍ਹਾਂ ਬਹਾਨਿਆਂ ਦੇ ਪਰਦੇ ਹੇਠ ਵਪਾਰ ਤੇ ਵਣਜ ਨੂੰ ਕੰਟਰੋਲ ਕਰਨ ਦੀ ਖਾਹਿਸ਼ ਪਈ ਹੁੰਦੀ ਹੈ। ਇਰਾਕ 'ਚੋਂ ਅੱਜ ਤੱਕ ਜਨ ਤਬਾਹੀ ਦਾ ਕੋਈ ਹਥਿਆਰ ਨਹੀਂ ਲੱਭਿਆ ਜਾ ਸਕਿਆ ਪਰ ਫਿਰ ਵੀ ਇਸ 'ਤੇ ਮਣਾਂ-ਮੂੰਹੀ ਬੰਬਾਰੀ ਕਰ ਕੇ ਇਸ ਨੂੰ ਮੁੜ ਕੇ ਪੱਥਰ ਯੁੱਗ ਵਿਚ ਪਹੁੰਚਾ ਦਿੱਤਾ ਹੈ। ਸਾਮਰਾਜਾਂ ਦੀ ਕਬਰਗਾਹ ਮੰਨੇ ਜਾਂਦੇ ਅਫ਼ਗਾਨਿਸਤਾਨ ਨੇ ਬਹੁਤ ਸਾਰੇ ਸਾਮਰਾਜ ਆਉਂਦੇ ਜਾਂਦੇ ਤੱਕੇ ਹਨ, ਫਿਰ ਵੀ ਉੱਥੇ ਬਹੁਤਾ ਕੁਝ ਨਹੀਂ ਬਦਲ ਸਕਿਆ। ਪਰਮਾਣੂ ਸ਼ਕਤੀ, ਕੰਪਿਊਟਰਾਂ ਅਤੇ ਸੂਚਨਾ ਤਕਨਾਲੋਜੀ ਦੇ ਇਸ ਯੁੱਗ ਵਿਚ ਅਸੀਂ ਤਕਨੀਕੀ ਤੌਰ 'ਤੇ ਬਹੁਤ ਵਿਕਸਤ ਹੋ ਗਏ ਹਾਂ, ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਰੋਬੌਟਿਕਸ ਦਾ ਇਸਤੇਮਾਲ ਕਰਨ ਲੱਗੇ ਹਾਂ ਪਰ ਅਜੇ ਵੀ ਕੀ ਅਸੀਂ ਬੀਤੇ ਸਮਿਆਂ ਵਿਚ ਦੁਨੀਆ ਭਰ ਵਿਚ ਘੁੰਮਣ ਵਾਲੇ ਖ਼ਾਨਾਬਦੋਸ਼ਾਂ ਨਾਲੋਂ ਜੁਦਾ ਹਾਂ? ਸਾਡਾ ਲਾਲਚ, ਕ੍ਰੋਧ, ਨਫ਼ਰਤ, ਲਾਲਸਾ ਜਾਂ ਘਮੰਡ ਅਜੇ ਵੀ ਸਿਰ ਚੜ੍ਹ ਕੇ ਬੋਲਦਾ ਰਹਿੰਦਾ ਹੈ ਜਿਵੇਂ ਅਤੀਤ ਵਿਚ ਮੰਗੋਲ ਧਾੜਵੀਆਂ, ਸਿਕੰਦਰ ਮਹਾਨ ਜਾਂ ਰੋਮਨ ਸਾਮਰਾਜ ਦੇ ਸਮਿਆਂ ਵਿਚ ਬੋਲਦਾ ਸੀ ਬਸ ਇਹ ਫ਼ਰਕ ਪਿਆ ਹੈ ਕਿ ਅੱਜ ਅਸੀਂ ਇਕ ਦੂਜੇ ਦਾ ਜ਼ਿਆਦਾ ਨੁਕਸਾਨ ਕਰ ਸਕਦੇ ਹਾਂ। ਸਾਡੀ ਆਪਣੇ ਆਪ ਨੂੰ ਤਬਾਹ ਕਰਨ ਦੀ ਕਾਬਲੀਅਤ ਕਈ ਗੁਣਾ ਵਧ ਗਈ ਹੈ। ਅਸਲ ਵਿਚ ਸੀਤ ਜੰਗ ਦੇ ਸਿਧਾਂਤ ਨੂੰ 'ਮੈਡ' ਜਾਂ (ਮਿਲ ਜੁਲ ਕੇ ਲਾਜ਼ਮੀ ਤਬਾਹੀ) ਆਖਿਆ ਜਾਂਦਾ ਸੀ ਅਤੇ ਸ਼ਾਇਦ ਇਸੇ ਕਰ ਕੇ ਦੋਵੇਂ ਮਹਾਂਸ਼ਕਤੀਆਂ ਤਬਾਹੀ ਦਾ ਬਟਨ ਦਬਾਉਣ ਤੋਂ ਟਲਦੀਆਂ ਰਹੀਆਂ ਹਨ।

ਹਾਲੀਆ ਇਤਿਹਾਸ ਵਿਚ ਜਿਵੇਂ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨਾਟੋ (ਪੱਛਮੀ ਦੇਸ਼ਾਂ ਦਾ ਫ਼ੌਜੀ ਗੱਠਜੋੜ) 'ਤੇ ਭਰੋਸਾ ਨਹੀਂ ਕਰਦੇ ਸਨ ਅਤੇ ਚਾਹੁੰਦੇ ਸਨ ਕਿ ਯੂਰੋਪ ਆਪਣੀ ਸੁਰੱਖਿਆ ਦਾ ਖਰਚਾ ਅਦਾ ਕਰੇ ਤਾਂ ਅਸੀਂ ਇਸ ਪੁਰਾਣੇ ਗੱਠਜੋੜ ਨੂੰ ਛਿੱਥਾ ਪੈਂਦੇ ਦੇਖਿਆ ਹੈ। ਇਸ ਨਾਲ ਰੂਸੀਆਂ ਦਾ ਮਨੋਬਲ ਵਧ ਗਿਆ ਜੋ ਪਹਿਲਾਂ ਹੀ ਪੂਰਬੀ ਯੂਰੋਪ ਅੰਦਰ ਨਾਟੋ ਦੇ ਵਿਸਤਾਰ ਦਾ ਵਿਰੋਧ ਕਰ ਰਹੇ ਸਨ। ਟਰੰਪ ਦੀ ਹਾਰ ਅਤੇ ਬਾਇਡਨ ਦੇ ਰਾਸ਼ਟਰਪਤੀ ਚੁਣੇ ਜਾਣ ਨਾਲ ਅਮਰੀਕੀਆਂ ਨੇ ਯੂਰੋਪ ਵਿਚ ਅਤੇ ਨਾਟੋ ਦੀ ਸੁਰਜੀਤੀ ਤੇ ਮਜ਼ਬੂਤੀ ਵਿਚ ਮੁੜ ਰੁਚੀ ਲੈਣੀ ਸ਼ੁਰੂ ਕਰ ਦਿੱਤੀ। ਯੂਕਰੇਨ ਨੂੰ ਨਾਟੋ ਦੀ ਮੂਹਰੈਲ ਚੌਕੀ ਬਣਾਉਣ ਦੀਆਂ ਉਨ੍ਹਾਂ ਦੀਆਂ ਕੋਸ਼ਿਸ਼ਾਂ ਤੋਂ ਰੂਸੀ ਦਾਨਵ ਜਾਗ ਪਿਆ ਜੋ ਉਸ 'ਤੇ ਝਪੱਟਾ ਮਾਰਨ ਦੀ ਤਾਕ ਵਿਚ ਹੀ ਬੈਠਾ ਸੀ। ਪੂਤਿਨ ਨੇ ਯੂਕਰੇਨ 'ਤੇ ਕੁਝ ਦਿਨਾਂ ਵਿਚ ਹੀ ਕਬਜ਼ਾ ਕਰਨ ਦੇ ਮਨਸ਼ੇ ਨਾਲ ਇਸ 'ਤੇ ਹਮਲਾ ਕਰ ਕੇ ਵੱਡੀ ਖ਼ਤਾ ਕਰ ਦਿੱਤੀ। ਯੂਕਰੇਨ ਨੇ ਆਪਣੀ ਤਾਕਤ ਜੁਟਾ ਕੇ ਪੱਛਮ ਖ਼ਾਸਕਰ ਅਮਰੀਕਾ ਦੀ ਸਹਾਇਤਾ ਨਾਲ ਮੋੜਵਾਂ ਹੱਲਾ ਬੋਲ ਦਿੱਤਾ। ਡਰੇ ਸਹਿਮੇ ਪੱਛਮੀ ਯੂਰੋਪ ਨੇ ਇਕ ਵਾਰ ਫਿਰ ਅਮਰੀਕਾ ਦੀ ਅਗਵਾਈ ਕਬੂਲ ਕਰ ਲਈ ਅਤੇ ਹੁਣ ਇਸ ਦਾ ਮੁੱਖ ਉਦੇਸ਼ ਰੂਸ ਦਾ ਆਰਥਿਕ ਅਤੇ ਫ਼ੌਜੀ ਸਾਹ-ਸਤ ਕੱਢਣਾ ਹੈ। ਯੂਕਰੇਨ ਨੂੰ ਅਰਬਾਂ ਡਾਲਰ ਦੇ ਹਥਿਆਰ ਤੇ ਹੋਰ ਸਾਜ਼ੋ-ਸਾਮਾਨ ਮੁਹੱਈਆ ਕਰਵਾਏ ਗਏ। ਅਮਰੀਕਾ ਦਾ ਫ਼ੌਜੀ ਸਨਅਤੀ ਕੰਪਲੈਕਸ ਇਕ ਵਾਰ ਫਿਰ ਪੂਰੀ ਤਰ੍ਹਾਂ ਹਰਕਤ ਵਿਚ ਆ ਗਿਆ ਹੈ। ਇਸ ਦੌਰਾਨ ਰੂਸੀ ਅਰਥਚਾਰੇ 'ਤੇ ਪੱਛਮੀ ਦੇਸ਼ਾਂ ਦੀਆਂ ਪਾਬੰਦੀਆਂ ਦੀ ਮਾਰ ਪਈ ਹੈ ਅਤੇ ਅਰਥਚਾਰੇ ਦੀ ਭੱਠੀ ਮਘਦੀ ਰੱਖਣ ਲਈ ਤੇਲ ਦੀਆਂ ਬਰਾਮਦਾਂ 'ਤੇ ਹੀ ਟੇਕ ਹੈ। ਚੀਨ, ਇਰਾਨ ਤੇ ਉੱਤਰੀ ਕੋਰੀਆ ਨੇ ਕਾਫ਼ੀ ਮਦਦ ਪਹੁੰਚਾਈ ਹੈ ਪਰ ਰੂਸ ਕਮਜ਼ੋਰ ਪੈਂਦਾ ਜਾਪਦਾ ਹੈ ਅਤੇ ਹੁਣ ਪੱਛਮ ਨਾਲ ਮੱਥਾ ਲਾਉਣ ਲਈ ਚੀਨ ਅੱਗੇ ਆ ਗਿਆ ਹੈ। ਦੂਜੇ ਪਾਸੇ, ਪੱਛਮੀ ਦੇਸ਼ਾਂ ਨੂੰ ਵੀ ਜੰਗ ਦੀ ਭਾਰੀ ਕੀਮਤ ਦੇਣੀ ਪਈ ਹੈ ਜਿਨ੍ਹਾਂ ਨੂੰ ਮਹਿੰਗਾਈ ਨਾਲ ਸਿੱਝਣਾ ਪੈ ਰਿਹਾ ਹੈ ਅਤੇ ਕੇਂਦਰੀ ਬੈਂਕਾਂ ਵਲੋਂ ਵਿਆਜ ਦਰਾਂ ਸਿਖਰਾਂ ਛੂਹ ਰਹੀਆਂ ਹਨ। ਇਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਅੱਜ ਯੂਰੋਪ ਦੇ ਜ਼ਿਆਦਾਤਰ ਅਰਥਚਾਰੇ ਮੰਦਵਾੜੇ ਦੀ ਜ਼ੱਦ ਵਿਚ ਆ ਗਏ ਹਨ; ਰੂਸ ਤੇ ਯੂਕਰੇਨ ਦੀ ਜੰਗ ਖੜੋਤ ਦੀ ਸਥਿਤੀ ਵਿਚ ਆ ਗਈ ਹੈ। ਫਿਰ ਭਲਾ, ਹਜ਼ਾਰਾਂ ਬੰਦੇ ਮਰਵਾਉਣ, ਘੁੱਗ ਵਸਦੇ ਦੇਸ਼ ਦੀ ਬਰਬਾਦੀ ਅਤੇ ਕਰੋੜਾਂ ਲੱਖਾਂ ਲੋਕਾਂ ਵਲੋਂ ਹੰਢਾਏ ਆਰਥਿਕ, ਜਿਸਮਾਨੀ ਤੇ ਮਾਨਸਿਕ ਸੰਤਾਪ ਤੋਂ ਕੀ ਹਾਸਲ ਹੋਇਆ? ਮੇਰਾ ਖਿਆਲ ਹੈ ਕਿ ਇਸ ਦਾ ਜਵਾਬ ਸਿਆਸਤਦਾਨਾਂ ਅਤੇ ਜਰਨੈਲਾਂ ਨੂੰ ਹੀ ਦੇਣਾ ਚਾਹੀਦਾ ਹੈ। ਬਿਨਾਂ ਸ਼ੱਕ, ਉਹ ਦੋਵੇਂ ਪਾਸਿਓਂ ਆਉਣ ਵਾਲੇ ਖ਼ਤਰੇ ਦੀ ਦੁਹਾਈ ਦੇਣਗੇ।

ਹੁਣ ਇਜ਼ਰਾਈਲ ਅਤੇ ਗਾਜ਼ਾ ਵਿਚ ਹੋਏ ਕਤਲੇਆਮ ਦੀ ਗੱਲ ਕਰਦੇ ਹਾਂ ਜਿੱਥੇ ਪਹਿਲਾਂ ਵੀ ਕਈ ਘਟਨਾਵਾਂ ਵਾਪਰਦੀਆਂ ਰਹੀਆਂ ਸਨ। ਯੇਰੂਸ਼ਲਮ ਲਈ ਜੰਗਾਂ ਧਰਮ ਯੁੱਧਾਂ ਦੇ ਕਾਲ ਤੋਂ ਵੀ ਪਹਿਲਾਂ ਚਲਦੀਆਂ ਰਹੀਆਂ ਹਨ। ਇਸ ਸ਼ਹਿਰ ਨੇ ਬਹੁਤ ਵਾਰ ਬਰਬਾਦੀ, ਜਬਰ ਜਨਾਹ ਅਤੇ ਲੁੱਟਮਾਰ ਦੇਖੀ ਹੈ। ਅੱਜ ਹਜ਼ਾਰਾਂ ਬੇਘਰੇ, ਜ਼ਖ਼ਮੀ, ਬਜ਼ੁਰਗ ਅਤੇ ਅਪੰਗ ਲੋਕਾਂ ਨੂੰ ਪਨਾਹ ਦੇਣ ਲਈ ਕੋਈ ਵੀ ਦੇਸ਼ ਅੱਗੇ ਨਹੀਂ ਆ ਰਿਹਾ। ਜੰਗਬੰਦੀ ਦੀ ਗੱਲ ਪਿਛਾਂਹ ਰਹਿ ਗਈ ਹੈ ਖ਼ੂਨ ਦੀ ਲਾਲਸਾ ਕਦੋਂ ਤੱਕ ਚਲਦੀ ਰਹੇਗੀ? ਅਮਰੀਕਾ ਅਤੇ ਇਸ ਦੇ ਇਤਹਾਦੀ ਭਾਵੇਂ ਯੂਰੋਪ ਅਤੇ ਮੱਧ ਪੂਰਬ ਵਿਚ ਸਰਗਰਮ ਹਨ ਪਰ ਇਹ ਪਹਿਲਾਂ ਜਿੰਨੇ ਤਾਕਤਵਰ ਨਹੀਂ ਰਹਿ ਗਏ। ਰੂਸ, ਚੀਨ, ਇਰਾਨ ਅਤੇ ਉੱਤਰੀ ਕੋਰੀਆ ਵੀ ਸਰਗਰਮ ਹਨ ਅਤੇ ਇਕ ਦੂਜੇ ਨਾਲ ਤਾਲਮੇਲ ਵੀ ਕਰ ਰਹੇ ਹਨ। ਯੂਰੋਪ, ਮੱਧ ਪੂਰਬ ਅਤੇ ਸਮੁੰਦਰੀ ਮਾਰਗ ਪੂਰੀ ਤਰ੍ਹਾਂ ਹਰਕਤ ਵਿਚ ਹਨ। ਸੰਯੁਕਤ ਰਾਸ਼ਟਰ ਨਕਾਰਾ ਹੋ ਕੇ ਰਹਿ ਗਈ ਹੈ, ਕੂਟਨੀਤੀ ਦੀ ਭਰੋਸੇਯੋਗਤਾ ਖਤਮ ਹੋ ਗਈ ਹੈ ਅਤੇ ਬੰਦੂਕ ਦੀ ਤਾਕਤ ਸਿਰ ਚੜ੍ਹ ਕੇ ਬੋਲ ਰਹੀ ਹੈ। ਟਕਰਾਅ ਦਾ ਅਗਲਾ ਅਖਾੜਾ ਕੌਣ ਬਣੇਗਾ ਇਕ ਹੋਰ ਦਹਿਸ਼ਤਗਰਦ ਹਮਲਾ, ਇਕ ਹੋਰ ਇਕਤਰਫ਼ਾ ਹਮਲਾ?

ਇਸੇ ਦੌਰਾਨ ਜਲਵਾਯੂ ਤਬਦੀਲੀ ਦਾ ਖ਼ਤਰਾ ਸਾਡੇ ਗ੍ਰਹਿ 'ਤੇ ਮੰਡਰਾ ਰਿਹਾ ਹੈ ਜਿਸ ਕਰ ਕੇ ਤਾਪ ਲਹਿਰਾਂ ਪੈਦਾ ਹੋ ਰਹੀਆਂ ਹਨ, ਬਰਫ਼ ਦੇ ਤੂਫ਼ਾਨ ਝੁੱਲ ਰਹੇ ਹਨ, ਸੋਕਾ, ਜੰਗਲਾਂ ਨੂੰ ਅੱਗ ਲੱਗ ਰਹੀ ਹੈ, ਗਲੇਸ਼ੀਅਰ ਪਿਘਲ ਰਹੇ ਹਨ ਅਤੇ ਸਮੁੰਦਰਾਂ ਦੀ ਸਤਹ ਚੜ੍ਹ ਰਹੀ ਹੈ। ਇਹ ਚਲੰਤ ਤੇ ਹੋਰ ਖ਼ੌਫਨਾਕ ਰੂਪ ਧਾਰਨ ਵਾਲੀ ਇਸ ਆਫ਼ਤ ਨੂੰ ਅਸੀਂ ਖ਼ੁਦ ਪੈਦਾ ਕੀਤਾ ਹੈ ਪਰ ਸਿਆਸਤਦਾਨ ਹਨ ਕਿ ਤਰਕ ਤੇ ਸਾਇੰਸ ਦੀ ਗੱਲ 'ਤੇ ਕੰਨ ਧਰਨ ਲਈ ਰਾਜ਼ੀ ਨਹੀਂ ਹੋ ਰਹੇ। ਇਹ ਸਾਡੀ ਧਰਤੀ ਅਤੇ ਇਸ ਦੇ ਜੀਵ ਜਗਤ ਦੀ ਹੋਂਦ ਦੇ ਖ਼ਤਰੇ ਦਾ ਸਵਾਲ ਹੈ। ਆਦਮੀ ਤੇ ਆਦਮੀ ਅਤੇ ਆਦਮੀ ਤੇ ਕੁਦਰਤ ਵਿਚਕਾਰ ਸ਼ਾਂਤਮਈ ਸਹਿਹੋਂਦ ਸ਼ਾਇਦ ਇਸ ਦੁਪਾਏ ਜੀਵ ਦੇ ਸਰੋਕਾਰ ਦੇ ਏਜੰਡੇ 'ਤੇ ਨਹੀਂ ਹੈ। ਇਸ ਵਕਤ ਮੈਨੂੰ ਆਇਰਿਸ਼ ਕਵੀ ਡਬਲਿਊਬੀ ਯੀਟਸ ਦੀਆਂ ਲਿਖੀਆਂ ਤੁਕਾਂ ਯਾਦ ਆ ਰਹੀਆਂ ਹਨ ਜਿਨ੍ਹਾਂ ਵਿਚ ਪਰਲੋ ਦੀ ਆਹਟ ਸੁਣਾਈ ਦਿੰਦੀ ਹੈ ਜਿਸ ਦਾ ਪੰਜਾਬੀ ਤਰਜਮਾ ਇੰਝ ਹੈ: 'ਤੂਫ਼ਾਨ ਖੌਲਦਾ ਹੀ ਜਾ ਰਿਹਾ ਹੈ, ਬਾਜ਼ ਨੂੰ ਬਾਜ਼ਦਾਰ ਸੁਣਾਈ ਨਹੀਂ ਦੇ ਰਿਹਾ; ਸਭ ਕੁਝ ਟੁੱਟ ਭੱਜ ਰਿਹਾ ਹੈ; ਧੁਰਾ ਖਿੰਡਦਾ ਜਾ ਰਿਹਾ ਹੈ; ਦੁਨੀਆਂ 'ਚ ਅਫ਼ਰਾ ਤਫ਼ਰੀ ਮੱਚ ਗਈ ਹੈ। ਖ਼ੂੰਰੇਜ਼ ਲਹਿਰ ਉੱਠੀ ਹੈ ਅਤੇ ਹਰ ਥਾਂ ਨਿਰਦੋਸ਼ਾਂ ਨੂੰ ਹੂੰਝ ਕੇ ਲਿਜਾ ਰਹੀ ਹੈ; ਨੇਕੀ ਵਿਚ ਸਤਿਆ ਨਹੀਂ ਜਦਕਿ ਬਦੀ ਠਾਠਾਂ ਮਾਰ ਰਹੀ ਹੈ'।



# ਲੋਕ ਸਭਾ ਚੋਣਾਂ-2024 : ਬਿਹਾਰ, ਮਹਾਰਾਸ਼ਟਰ ਅਤੇ ਉੱਤਰ ਪ੍ਰਦੇਸ਼ 'ਚ ਚੱਲ ਰਹੀ ਹੈ ਗਹਿਰੀ ਸਿਆਸੀ ਪੈਂਤੜੇਬਾਜ਼ੀ

**ਅਭੈ ਕੁਮਾਰ ਦੂਬੇ**



22 ਜਨਵਰੀ ਨੂੰ ਅਯੁੱਧਿਆ 'ਚ ਰਾਮਲੱਲਾ ਦੇ ਮੰਦਰ ਦੀ ਪ੍ਰਾਣ ਪ੍ਰਤਿਸ਼ਠਾ ਹੋ ਚੁੱਕੀ ਹੈ। ਧਾਰਮਿਕ ਸਮਾਗਮ ਦੇ ਨਾਲ-ਨਾਲ ਇਹ ਇਕ ਸਿਆਸੀ ਸਮਾਗਮ ਵੀ ਹੈ। ਇਸ ਦਾ ਮਕਸਦ ਮਈ 'ਚ ਹੋਣ ਵਾਲੀਆਂ ਲੋਕ ਸਭਾ ਚੋਣਾਂ 'ਚ ਭਾਜਪਾ ਨੂੰ ਉਸ ਦੇ ਪ੍ਰਭਾਵ ਖੇਤਰ 'ਚ 2019 ਵਾਂਗ 90 ਫ਼ੀਸਦੀ ਤੋਂ ਵਧੇਰੇ ਸੀਟਾਂ ਜਿਤਾਉਣ ਦਾ ਹੈ। ਇਸ ਲਿਹਾਜ਼ ਨਾਲ ਇਹ ਇਕ ਮਨੋਵਿਗਿਆਨਕ ਯੁੱਧ ਵੀ ਹੈ, ਜਿਸ ਤਹਿਤ ਦੇਸ਼ ਦੇ ਜ਼ਿਆਦਾਤਰ ਹਿੱਸਿਆਂ 'ਚ ਰਾਮਮਯ ਮਾਹੌਲ ਬਣਾਉਣ ਦੇ ਨਾਲ-ਨਾਲ ਰਾਮ ਅਤੇ ਮੋਦੀ ਨੂੰ ਇਕ-ਦੂਜੇ ਦਾ ਸਮਾਨਰਥੀ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਕ ਵਾਰ ਜੇਕਰ ਜਨਤਾ ਦੀ ਨਜ਼ਰ 'ਚ ਇਹ ਸਥਾਪਿਤ ਹੋ ਗਿਆ ਕਿ ਰਾਮ ਅਤੇ ਮੋਦੀ ਇਕ-ਦੂਜੇ 'ਚ ਸਮਾਏ ਹੋਏ ਹਨ, ਫਿਰ ਲੋਕਾਂ ਦੀਆਂ ਵੋਟਾਂ ਲੈਣ 'ਚ ਭਾਜਪਾ ਨੂੰ ਕੋਈ ਦਿੱਕਤ ਨਹੀਂ ਹੋਵੇਗੀ।

ਇਸ ਮਨੋਵਿਗਿਆਨਕ ਯੁੱਧ ਦੇ ਕੁਝ ਦੂਜੇ ਪਹਿਲੂ ਵੀ ਹਨ। ਦਰਅਸਲ, ਵਿਰੋਧੀ ਧਿਰ ਦੇ ਗੱਠਜੋੜ (ਇੰਡੀਆ) ਅਤੇ ਭਾਰਤੀ ਜਨਤਾ ਪਾਰਟੀ ਦੇ ਕੌਮੀ ਜਮਹੂਰੀ ਗੱਠਜੋੜ (ਐਨ.ਡੀ.ਏ.) ਵਿਚਾਲੇ ਰਣਨੀਤਕ ਯੁੱਧ (ਹਮਲਾ-ਜਵਾਬੀ ਹਮਲਾ) ਇਸ ਸਮੇਂ ਆਪਣੀਆਂ ਸ਼ਿਖ਼ਰਾਂ 'ਤੇ ਹੈ। ਲੋਕ ਸਭਾ ਚੋਣਾਂ ਤੋਂ ਪਹਿਲਾਂ ਇੰਜ ਹੋਣਾ ਸੁਭਾਵਿਕ ਹੀ ਸੀ। ਪਰ, ਇਸ ਵਾਰ ਇਹ ਪੈਂਤੜੇਬਾਜ਼ੀ ਇਕ ਨਵੇਂ ਪੱਧਰ ਤੱਕ ਚਲੀ ਗਈ ਹੈ।

ਇਸ ਯੁੱਧ 'ਚ ਚੁੱਕਿਆ ਗਿਆ ਹਰ ਕਦਮ ਅਤੇ ਬੋਲੀ ਗਈ ਹਰ ਗੱਲ ਪਿੱਛੇ ਵਿਰੋਧੀ ਧਿਰ ਦੀਆਂ ਕਮਜ਼ੋਰ ਕੜੀਆਂ ਨੂੰ ਤੋੜਨ ਦਾ ਯੋਜਨਾਬੱਧ ਮਨਸੂਬਾ ਦੇਖਿਆ ਜਾ ਸਕਦਾ ਹੈ। ਇਸ ਮਨੋਵਿਗਿਆਨਕ ਯੁੱਧ ਦੇ ਜੇਕਰ ਦੋ ਪ੍ਰਕਾਰ ਦੇਖਣੇ ਹੋਣ ਤਾਂ ਇਹ ਬਿਹਾਰ (40 ਸੀਟਾਂ) ਅਤੇ ਮਹਾਰਾਸ਼ਟਰ (48 ਸੀਟਾਂ) 'ਤੇ ਦੇਖੇ ਜਾ ਸਕਦੇ ਹਨ। ਇਨ੍ਹਾਂ ਦੋਵਾਂ ਸੂਬਿਆਂ ਦਾ ਮਹੱਤਵ ਇਸ ਲਈ ਹੈ ਕਿ ਇਨ੍ਹਾਂ ਨੂੰ ਉਨ੍ਹਾਂ 11 ਰਾਜਾਂ 'ਚ ਗਿਣਿਆ ਜਾਂਦਾ ਹੈ, ਜਿੱਥੇ 2019 'ਚ ਭਾਜਪਾ ਦੀ ਚੋਣ ਜਿੱਤਣ ਦੀ ਦਰ ਕ੍ਰਮਵਾਰ 99 ਅਤੇ 88 ਫ਼ੀਸਦੀ ਰਹੀ ਸੀ। ਇਸ ਵਾਰ ਇਹ ਮੰਨਿਆ ਜਾ ਰਿਹਾ ਹੈ ਕਿ ਇਨ੍ਹਾਂ ਦੋਵਾਂ ਹੀ ਰਾਜਾਂ 'ਚ ਭਾਜਪਾ ਲਈ ਪਿਛਲਾ ਨਤੀਜਾ ਦੁਹਰਾਉਣਾ ਮੁਸ਼ਕਿਲ ਹੈ। 'ਇੰਡੀਆ' ਗੱਠਜੋੜ ਬਣਨ ਤੋਂ ਪਹਿਲਾਂ ਹੀ ਇਨ੍ਹਾਂ ਦੋਵਾਂ ਰਾਜਾਂ 'ਚ ਕੁਝ ਅਜਿਹਾ ਰਾਜਨੀਤਕ ਘਟਨਾਕ੍ਰਮ ਚੱਲਿਆ ਕਿ ਭਾਜਪਾ ਖ਼ਿਲਾਫ਼ ਸ਼ਕਤੀਸ਼ਾਲੀ ਗੱਠਜੋੜ ਤਿਆਰ ਹੋ ਗਿਆ। ਬਿਹਾਰ 'ਚ ਮਹਾਗੱਠਬੰਧਨ ਅਤੇ ਮਹਾਰਾਸ਼ਟਰ 'ਚ ਮਹਾਵਿਕਾਸ ਅਘਾੜੀ ਨੂੰ ਉਹ ਤਾਕਤਾਂ ਮਜ਼ਬੂਤ ਕਰ ਰਹੀਆਂ ਹਨ, ਜੋ 2019 'ਚ ਭਾਜਪਾ ਦੇ ਨਾਲ ਸਨ। ਭਾਜਪਾ ਦੇ ਰਣਨੀਤੀਕਾਰ ਸਾਰਾ ਜ਼ੋਰ ਇੱਥੇ ਹੀ ਲਗਾ ਰਹੇ ਹਨ। ਉਹ ਜਾਣਦੇ ਹਨ ਕਿ ਜੇਕਰ ਇਨ੍ਹਾਂ ਸੂਬਿਆਂ 'ਚ ਸੀਟਾਂ ਘੱਟ ਹੋਈਆਂ ਤਾਂ ਉਨ੍ਹਾਂ ਦੀ ਭਰਪਾਈ ਦੂਜੇ ਸੂਬਿਆਂ ਤੋਂ ਹੋਣ ਦੀ ਉਮੀਦ ਬਹੁਤ ਘੱਟ ਹੈ, ਕਿਉਂਕਿ ਉੱਥੇ ਪਹਿਲਾਂ ਤੋਂ ਹੀ ਭਾਜਪਾ ਲਗਭਗ ਸੌ ਫ਼ੀਸਦੀ ਨਤੀਜੇ ਕੱਢ ਚੁੱਕੀ ਹੈ। ਭਾਜਪਾ ਪਹਿਲਾਂ ਅਘਾੜੀ ਅਤੇ ਮਹਾਗੱਠਬੰਧਨ ਨੂੰ ਤੋੜਨ ਦਾ ਉੱਦਮ ਕਰ ਚੁੱਕੀ ਹੈ। ਅਘਾੜੀ ਦੀਆਂ ਦੋਵੇਂ ਪ੍ਰਮੁੱਖ ਪਾਰਟੀਆਂ, ਸ਼ਿਵ ਸੈਨਾ ਅਤੇ ਰਾਸ਼ਟਰਵਾਦੀ ਕਾਂਗਰਸ ਨੂੰ ਤੋੜਿਆ ਜਾ ਚੁੱਕਾ ਹੈ। ਉੱਧਰ ਮਹਾਗੱਠਬੰਧਨ ਤੋਂ ਜੀਤਨਰਾਮ ਮਾਂਝੀ, ਉਪੇਂਦਰ ਕੁਸ਼ਵਾਹਾ ਅਤੇ ਮੁਕੇਸ਼ ਸਾਹਨੀ ਨੂੰ ਖੋਹ ਕੇ ਐਨ.ਡੀ.ਏ. 'ਚ ਮਿਲਾਇਆ ਜਾ ਚੁੱਕਿਆ ਹੈ। ਇਹ ਵੱਖਰੀ ਗੱਲ ਹੈ ਕਿ ਇੰਨੀ ਭੰਨ-ਤੋੜ ਕਰਨ ਦੇ ਬਾਵਜੂਦ ਭਾਜਪਾ ਨੂੰ ਬਿਹਾਰ ਅਤੇ ਮਹਾਰਾਸ਼ਟਰ 'ਚ ਆਪਣੀ 2019 ਵਰਗੀ ਜਿੱਤ ਦਾ ਅਜੇ ਵੀ ਭਰੋਸਾ ਨਹੀਂ।

ਬਿਹਾਰ 'ਚ ਭਾਜਪਾ ਦੇ ਰਣਨੀਤੀਕਾਰਾਂ ਦਾ ਖ਼ਾਸ ਜ਼ੋਰ ਬਿਹਾਰ 'ਚ ਨਿਤਿਸ਼ ਕੁਮਾਰ ਨੂੰ ਕਮਜ਼ੋਰ ਕੜੀ ਮੰਨਣ 'ਤੇ ਹੈ। ਉਹ ਚਾਹੁੰਦੇ ਹਨ ਕਿ ਜਾਂ ਤਾਂ ਨਿਤਿਸ਼ ਦੀ ਸਾਖ਼ ਡੇਗ ਦਿੱਤੀ ਜਾਵੇ ਜਾਂ ਉਨ੍ਹਾਂ ਨੂੰ 'ਇੰਡੀਆ' ਗੱਠਜੋੜ ਕੋਲੋਂ ਖੋਹ ਕੇ ਐਨ.ਡੀ.ਏ. 'ਚ ਮਿਲਾ ਲਿਆ ਜਾਵੇ। ਇਸ ਲਈ ਪਿਛਲੇ ਕੁਝ ਮਹੀਨਿਆਂ ਤੋਂ ਦੋ ਤਰ੍ਹਾਂ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ।

ਪਹਿਲੀ, ਨਿਤਿਸ਼ ਨੂੰ ਬਿਮਾਰ ਦੱਸਣ ਦੇ ਨਾਲ-ਨਾਲ ਇਸ ਨੂੰ ਲਾਲੂ-ਤੇਜਸਵੀ ਦੀ ਸਾਜਿਸ਼ ਦਾ ਸ਼ਿਕਾਰ ਕਰਾਰ ਦੇਣਾ। ਦੂਜੀ, ਲਗਾਤਾਰ ਇਸ ਤਰ੍ਹਾਂ ਦੀਆਂ ਅਫ਼ਵਾਹਾਂ ਉਡਾਉਣਾ ਕਿ ਉਹ 'ਇੰਡੀਆ' ਗੱਠਜੋੜ 'ਚ ਆਪਣੀਆਂ ਉਮੀਦਾਂ ਤੋਂ ਦੁਖੀ ਹੋ ਕੇ ਮੁੜ ਪਲਟੀ ਮਾਰ ਕੇ ਐਨ.ਡੀ.ਏ. 'ਚ ਆਉਣ ਕੰਢੇ ਪਹੁੰਚ ਚੁੱਕੇ ਹਨ। ਇਸ ਮਨੋਵਿਗਿਆਨਕ ਯੁੱਧ 'ਚ ਬੜੀ ਚਲਾਕੀ ਨਾਲ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਲੈ ਕੇ ਗਿਰੀਰਾਜ ਸਿੰਘ, ਸੁਸ਼ੀਲ ਮੋਦੀ ਅਤੇ ਜੀਤਨਰਾਮ ਮਾਂਝੀ ਆਪੋ-ਆਪਣੀ ਭੂਮਿਕਾ ਨਿਭਾ ਰਹੇ ਹਨ। ਮਾਂਝੀ ਕਹਿ ਰਹੇ ਹਨ ਕਿ ਨਿਤਿਸ਼ ਨੂੰ ਸਾਜਿਸ਼ ਤਹਿਤ ਇਕ ਖ਼ੁਫ਼ੀਆ ਦਵਾਈ ਦਿੱਤੀ ਜਾ ਰਹੀ ਹੈ ਤਾਂ ਕਿ ਉਹ ਆਪਣਾ ਮਾਨਸਿਕ ਸੰਤੁਲਨ ਗੁਆ ਬੈਠਣ। ਨਾਲ ਇਹ ਵੀ ਕਿਹਾ ਜਾ ਰਿਹਾ ਹੈ ਕਿ ਲਾਲੂ-ਤੇਜਸਵੀ ਨਿਤਿਸ਼ ਥੱਲਿਉਂ ਕੁਰਸੀ ਖਿੱਚਣ ਦੀ ਯੋਜਨਾ 'ਤੇ ਕਦੇ ਵੀ ਅਮਲ ਕਰ ਸਕਦੇ ਹਨ ਤਾਂ ਕਿ ਤੇਜਸਵੀ ਨੂੰ ਉਸ 'ਤੇ ਬਿਠਾਇਆ ਜਾ ਸਕੇ। ਉੱਧਰ ਅਮਿਤ ਸ਼ਾਹ ਨੇ ਜਿਵੇਂ ਹੀ ਅਰਥਪੂਰਨ ਢੰਗ ਨਾਲ ਕਿਹਾ ਕਿ ਜੇਕਰ (ਨਿਤਿਸ਼ ਵਲੋਂ) ਕੋਈ ਪ੍ਰਸਤਾਵ ਆਇਆ ਤਾਂ ਉਸ 'ਤੇ ਵਿਚਾਰ ਕੀਤਾ ਜਾ ਸਕਦਾ ਹੈ, ਉਵੇਂ ਹੀ ਮਾਂਝੀ ਕੋਲੋਂ ਕਹਾ ਦਿੱਤਾ ਗਿਆ ਕਿ ਨਿਤਿਸ਼ ਜੇਕਰ ਐਨ.ਡੀ.ਏ. 'ਚ ਆਉਂਦੇ ਹਨ ਤਾਂ ਉਨ੍ਹਾਂ ਨੂੰ ਇਸ 'ਤੇ ਕੋਈ ਇਤਰਾਜ਼ ਨਹੀਂ ਹੋਵੇਗਾ।

ਬਿਹਾਰ 'ਚ 'ਇੰਡੀਆ' ਗੱਠਜੋੜ ਦੇ ਸਾਹਮਣੇ ਚੁਣੌਤੀ ਇਹ ਹੈ ਕਿ ਭਾਜਪਾ ਦੇ ਇਸ ਮਨੋਵਿਗਿਆਨਕ ਹਮਲੇ ਨੂੰ ਕਿਸੇ ਵੀ ਤਰ੍ਹਾਂ ਸਫ਼ਲ ਨਾ ਹੋਣ ਦਿੱਤਾ ਜਾਏ। ਫ਼ਿਲਹਾਲ ਹਾਲੇ ਤੱਕ ਤਾਂ ਨਿਤਿਸ਼, ਤੇਜਸਵੀ ਅਤੇ ਲਾਲੂ ਇਸ ਤੋਂ ਬਚਦੇ ਹੋਏ ਦਿਖਾਈ ਦੇ ਰਹੇ ਹਨ।

ਮਹਾਰਾਸ਼ਟਰ 'ਚ ਵਿਧਾਨ ਸਭਾ ਦੇ ਸਪੀਕਰ ਰਾਹੁਲ ਨਾਰਵੇਕਰ ਵਲੋਂ ਸ਼ਿਵ ਸੈਨਾ ਦੇ ਦਲਬਦਲੀ ਕਰਨ ਵਾਲੇ ਵਿਧਾਇਕਾਂ ਸੰਬੰਧੀ ਦਿੱਤਾ ਗਿਆ ਲੰਬਾ ਫ਼ੈਸਲਾ ਦਰਅਸਲ ਇਸ ਮਨੋਵਿਗਿਆਨਕ ਯੁੱਧ ਦਾ ਇਕ ਔਜ਼ਾਰ ਬਣ ਗਿਆ ਹੈ। ਨਾਰਵੇਕਰ ਨੇ ਚਲਾਕੀ ਨਾਲ ਸ਼ਿਵ ਸੈਨਾ ਦੇ ਦੋਵਾਂ ਧੜਿਆਂ 'ਚੋਂ ਕਿਸੇ ਦੇ ਵੀ ਵਿਧਾਇਕਾਂ ਨੂੰ ਅਯੋਗ ਨਹੀਂ ਠਹਿਰਾਇਆ, ਪਰ ਅਜਿਹੇ ਹਾਲਾਤ ਬਣਾ ਦਿੱਤੇ ਹਨ, ਜਿਸ ਤਹਿਤ ਊਧਵ ਠਾਕਰੇ ਦੇ ਵਿਧਾਇਕਾਂ ਨੂੰ ਵੀ ਏਕਨਾਥ ਸ਼ਿੰਦੇ ਦੇ ਆਦੇਸ਼ਾਂ ਨੂੰ ਹੀ ਨਹੀਂ ਮੰਨਣਾ ਹੋਵੇਗਾ, ਸਗੋਂ ਉਨ੍ਹਾਂ ਦੀ ਪਾਰਟੀ ਲਾਈਨ 'ਤੇ ਵੀ ਚੱਲਣਾ ਹੋਵੇਗਾ। ਨਹੀਂ ਤਾਂ, ਉਨ੍ਹਾਂ ਦੇ ਖ਼ਿਲਾਫ਼ ਕਾਰਵਾਈ ਹੋ ਜਾਵੇਗੀ। ਇਸ ਤਰ੍ਹਾਂ ਇਸ ਅਨੋਖੇ ਫ਼ੈਸਲੇ ਨੇ ਵਿਧਾਨ ਸਭਾ ਚੋਣਾਂ ਤੱਕ ਲਗਾਤਾਰ ਨਾ ਚਾਹੁੰਦਿਆਂ ਹੋਇਆ ਵੀ ਊਧਵ ਦੇ ਵਿਧਾਇਕਾਂ ਨੂੰ ਸ਼ਿੰਦੇ ਦੇ ਨਾਲ ਜੋੜ ਦਿੱਤਾ ਗਿਆ ਹੈ। ਇਸ ਪ੍ਰਕਿਰਿਆ 'ਚ ਇਨ੍ਹਾਂ ਵਿਧਾਇਕਾਂ ਦੀ ਅਣਇੱਛਾ ਕਦੇ ਵੀ ਇੱਛਾ 'ਚ ਬਦਲ ਸਕਦੀ ਹੈ।

ਭਾਵ ਇਹ ਫ਼ੈਸਲਾ ਊਧਵ ਦੀ ਰਾਜਨੀਤਕ ਤਾਕਤ ਹੌਲੀ-ਹੌਲੀ ਘਟਾਉਣ ਅਤੇ ਏਕਨਾਥ ਸ਼ਿੰਦੇ ਦੀ ਸ਼ਿਵ ਸੈਨਾ ਨੂੰ ਮਜ਼ਬੂਤ ਬਣਾਉਣ ਦੀ ਭੂਮਿਕਾ ਨਿਭਾਉਂਦਾ ਹੋਇਆ ਦਿਖਾਈ ਦੇਵੇਗਾ। ਮਹਾਰਾਸ਼ਟਰ ਦੀ ਸਿਆਸਤ 'ਚ ਊਧਵ ਦੇ ਕਮਜ਼ੋਰ ਹੁੰਦੇ ਜਾਣ ਅਤੇ ਭਾਜਪਾ 'ਤੇ ਨਿਰਭਰ ਰਹਿਣ ਵਾਲੇ ਸ਼ਿੰਦੇ ਦਾ ਮਤਲਬ ਇਹ ਹੋਵੇਗਾ ਕਿ ਉੱਤਰ ਪ੍ਰਦੇਸ਼ ਤੋਂ ਬਾਅਦ ਸਭ ਤੋਂ ਜ਼ਿਆਦਾ ਸੀਟਾਂ ਵਾਲੇ ਇਸ ਸੂਬੇ 'ਚ ਭਾਜਪਾ ਦਾ ਦਬਦਬਾ ਵਧਦਾ ਚਲਿਆ ਜਾਵੇਗਾ। ਭਾਜਪਾ ਨੇ ਰਾਸ਼ਟਰਵਾਦੀ ਕਾਂਗਰਸ ਨੂੰ ਵੀ ਵੰਡ ਦਿੱਤਾ ਹੈ।

ਨਾਰਵੇਕਰ ਨੇ ਅਜੀਤ ਪਵਾਰ ਦੇ ਵਿਧਾਇਕਾਂ ਬਾਰੇ ਵੀ ਫ਼ੈਸਲਾ ਦੇਣਾ ਹੈ। ਪਰ ਅਜੀਤ ਪਵਾਰ ਦਾ ਇਕ ਪੈਰ ਹਮੇਸ਼ਾ ਆਪਣੇ ਚਾਚੇ (ਸ਼ਰਦ ਪਵਾਰ) ਦੀ ਬੇੜੀ 'ਚ ਰਹਿੰਦਾ ਹੈ। ਇਸ ਲਈ ਇੰਜ ਨਹੀਂ ਕਿਹਾ ਜਾ ਸਕਦਾ ਕਿ ਅਜਿਹਾ ਮਨੋਵਿਗਿਆਨਕ ਯੁੱਧ ਉੱਥੇ ਉਸੇ ਤਰ੍ਹਾਂ ਕਾਮਯਾਬ ਹੋ ਸਕੇਗਾ।

ਉੱਤਰ ਪ੍ਰਦੇਸ਼ 'ਚ ਇਹ ਮਨੋਵਿਗਿਆਨਕ ਯੁੱਧ ਦੋਵਾਂ ਧਿਰਾਂ ਵਲੋਂ ਮਾਇਆਵਤੀ ਦੀ ਰਾਜਨੀਤੀ ਦੇ ਪ੍ਰਬੰਧਨ 'ਤੇ ਟਿਕਿਆ ਹੋਇਆ ਹੈ। ਹਾਲੇ ਤੱਕ ਤਾਂ ਇਹੀ ਦਿਖਾਈ ਦੇ ਰਿਹਾ ਹੈ ਕਿ ਇਸ 'ਚ ਭਾਜਪਾ ਕਾਮਯਾਬ ਹੁੰਦੀ ਦਿਖਾਈ ਦੇ ਰਹੀ ਹੈ। ਮਾਇਆਵਤੀ ਦੇ ਇਕੱਲਿਆਂ ਚੋਣਾਂ ਲੜਨ ਦਾ ਵਿਵਹਾਰਕ ਨਤੀਜਾ ਭਾਜਪਾ ਦੀਆਂ 10 ਤੋਂ 12 ਸੀਟਾਂ ਵਧਣ ਦੇ ਰੂਪ ਹੋ ਸਕਦਾ ਹੈ ਅਤੇ 'ਇੰਡੀਆ' ਗੱਠਜੋੜ ਦੇ ਨਾਲ ਜਾਣ ਦਾ ਨਤੀਜਾ ਭਾਜਪਾ ਕੋਲੋਂ 30 ਤੋਂ 35 ਸੀਟਾਂ ਖੋਹਣ ਵਿਚ ਨਿਕਲ ਸਕਦਾ ਹੈ। ਪਰ ਇਹ ਵੀ ਹੋ ਸਕਦਾ ਹੈ ਕਿ ਮਾਇਆਵਤੀ ਐਨ ਮੌਕੇ 'ਤੇ ਭਾਵ ਮਾਰਚ ਤੋਂ ਠੀਕ ਪਹਿਲਾਂ ਪਲਟੀ ਮਾਰ ਜਾਵੇ ਅਤੇ 'ਇੰਡੀਆ' ਗੱਠਜੋੜ ਨਾਲ ਚਲੀ ਜਾਵੇ।

ਕਾਂਗਰਸ ਦੀ ਉਨ੍ਹਾਂ ਨਾਲ ਪਰਦੇ ਦੇ ਪਿੱਛੇ ਤੋਂ ਚੱਲ ਰਹੀ ਗੱਲਬਾਤ ਤੋਂ ਇਹੀ ਉਮੀਦ ਲਗਾਈ ਜਾ ਰਹੀ ਹੈ। ਕਾਂਗਰਸ ਉਨ੍ਹਾਂ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਮਾਇਆਵਤੀ ਦੇ ਵੱਖਰੇ ਲੜਨ ਦਾ ਨਤੀਜਾ ਉਨ੍ਹਾਂ ਨੂੰ ਸਿਰਫ਼ 5 ਤੋਂ 10 ਫ਼ੀਸਦੀ ਵੋਟਾਂ ਅਤੇ ਨਾਂਹ ਦੇ ਬਰਾਬਰ ਸੀਟਾਂ ਮਿਲਣ 'ਚ ਨਿਕਲ ਸਕਦਾ ਹੈ। ਮਾਇਆਵਤੀ ਦੀ ਰਾਜਨੀਤੀ 'ਤੇ ਅਜਿਹਾ ਨਤੀਜਾ ਇਕ ਮਾਰੂ ਹਮਲਾ ਹੋਵੇਗਾ।

# ਪੰਜਾਬ ਵਿਚ ਗੈਂਗਸਟਰਵਾਦ ਬਣ ਚੁੱਕਾ ਹੈ ਵੱਡਾ ਮਸਲਾ

ਸੈਂਕੜੇ ਗ੍ਰਿਫ਼ਤਾਰੀਆਂ ਤੋਂ ਬਾਵਜੂਦ ਇਨ੍ਹਾਂ 'ਚੋਂ ਬਹੁਤ ਸਾਰੇ ਗੈਂਗ ਹਾਲੇ ਵੀ ਸਰਗਰਮ ਹਨ। ਅਜਿਹੇ ਅਪਰਾਧੀ ਦਿਨ-ਦਿਹਾੜੇ ਆਪਣੀਆਂ ਵਾਰਦਾਤਾਂ ਨੂੰ ਅੰਜਾਮ ਦੇਣ 'ਚ ਬੜੀ ਸ਼ਾਨ ਸਮਝਦੇ ਹਨ। ਬਹੁਤ ਸਾਰੇ ਸਮਰੱਥ ਗੈਂਗਸਟਰ ਹੁਣ ਕੈਨੇਡਾ, ਅਮਰੀਕਾ ਤੇ ਹੋਰ ਪੱਛਮੀ ਮੁਲਕਾਂ 'ਚ ਜਾ ਕੇ ਵਸ ਗਏ ਹਨ ਤੇ ਉੱਥੋਂ ਹੀ ਆਪਣੇ ਗਿਰੋਹ ਚਲਾ ਰਹੇ ਹਨ। ਭਾਰਤ ਦੇ ਕੁਝ ਦੋਖੀ ਦੇਸ਼ਾਂ ਦੇ ਦਹਿਸ਼ਤਗਰਦਾਂ ਤੋਂ ਉਨ੍ਹਾਂ ਨੂੰ ਫੰਡਿੰਗ ਵੀ ਹੁੰਦੀ ਹੈ।

ਹਰਿਆਣਾ ਦੇ ਯਮੁਨਾਨਗਰ 'ਚ ਬੰਬੀਹਾ ਗੈਂਗ ਨੇ ਲਾਰੈਂਸ ਬਿਸ਼ਨੋਈ ਗਿਰੋਹ ਦੇ ਇਕ 'ਸ਼ੂਟਰ' ਨੂੰ ਜਿਊਂਦੇ ਜੀਅ ਸਾੜ ਦਿੱਤਾ ਹੈ। ਇਨ੍ਹਾਂ ਹੀ ਦੋਵੇਂ ਅਪਰਾਧਕ ਗਿਰੋਹਾਂ ਦੀ ਆਪਸੀ ਰੰਜਿਸ਼ ਕਾਰਨ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦਾ ਕਤਲ ਹੋਇਆ ਸੀ। ਇਸ ਗੈਂਗਵਾਰ ਨੇ ਹੁਣ ਤੱਕ ਅਨੇਕ ਨੌਜਵਾਨਾਂ ਦੀ ਜਾਨ ਲੈ ਲਈ ਹੈ। ਇਹ ਸਾਰੇ ਉਹ ਨੌਜਵਾਨ ਸਨ ਜਿਹੜੇ ਗੈਂਗਸਟਰ ਬਣ ਕੇ ਵਿਚਰਦੇ ਰਹੇ ਸਨ। ਗੈਂਗਸਟਰ ਅੱਤਵਾਦੀਆਂ ਦਾ ਹੀ ਦੂਜਾ ਰੂਪ ਹਨ ਜੋ ਦੇਸੀ ਅਸਲਾ ਆਪਣੇ ਕੋਲ ਰੱਖ ਕੇ ਆਪਣੇ ਬੇਹੱਦ ਤਾਕਤਵਰ ਹੋਣ ਤੇ ਆਪਣੇ ਇਲਾਕੇ ਦਾ 'ਦਾਦਾ' ਹੋਣ ਦਾ ਭਰਮ ਪਾਲ਼ ਲੈਂਦੇ ਹਨ। ਜਨਤਕ ਥਾਵਾਂ 'ਤੇ ਗੋਲ਼ੀਆਂ ਚਲਾ ਕੇ ਆਮ ਜਨਤਾ ਨੂੰ ਡਰਾਉਣ 'ਚ ਉਨ੍ਹਾਂ ਨੂੰ ਡਾਢੀ ਖ਼ੁਸ਼ੀ ਮਿਲਦੀ ਹੈ। ਦੋ ਕੁ ਸਾਲ ਪਹਿਲਾਂ ਦੇ ਅੰਕੜਿਆਂ ਅਨੁਸਾਰ ਪੰਜਾਬ 'ਚ 70 ਦੇ ਲਗਪਗ ਗਿਰੋਹ ਸਰਗਰਮ ਸਨ ਜੋ ਅਗਵਾ, ਕਤਲਾਂ, ਲੁੱਟਾਂ-ਖੋਹਾਂ ਤੇ ਫਿਰੌਤੀਆਂ ਵਸੂਲਣ ਜਿਹੇ ਅਪਰਾਧਾਂ 'ਚ ਸ਼ਾਮਲ ਰਹੇ ਹਨ।



ਸੈਂਕੜੇ ਗ੍ਰਿਫ਼ਤਾਰੀਆਂ ਤੋਂ ਬਾਵਜੂਦ ਇਨ੍ਹਾਂ 'ਚੋਂ ਬਹੁਤ ਸਾਰੇ ਗੈਂਗ ਹਾਲੇ ਵੀ ਸਰਗਰਮ ਹਨ। ਅਜਿਹੇ ਅਪਰਾਧੀ ਦਿਨ-ਦਿਹਾੜੇ ਆਪਣੀਆਂ ਵਾਰਦਾਤਾਂ ਨੂੰ ਅੰਜਾਮ ਦੇਣ 'ਚ ਬੜੀ ਸ਼ਾਨ ਸਮਝਦੇ ਹਨ। ਬਹੁਤ ਸਾਰੇ ਸਮਰੱਥ ਗੈਂਗਸਟਰ ਹੁਣ ਕੈਨੇਡਾ, ਅਮਰੀਕਾ ਤੇ ਹੋਰ ਪੱਛਮੀ ਮੁਲਕਾਂ 'ਚ ਜਾ ਕੇ ਵਸ ਗਏ ਹਨ ਤੇ ਉੱਥੋਂ ਹੀ ਆਪਣੇ ਗਿਰੋਹ ਚਲਾ ਰਹੇ ਹਨ। ਭਾਰਤ ਦੇ ਕੁਝ ਦੋਖੀ ਦੇਸ਼ਾਂ ਦੇ ਦਹਿਸ਼ਤਗਰਦਾਂ ਤੋਂ ਉਨ੍ਹਾਂ ਨੂੰ ਫੰਡਿੰਗ ਵੀ ਹੁੰਦੀ ਹੈ।

ਇਨ੍ਹਾਂ ਗੈਂਗਸਟਰਾਂ ਦੇ ਪਿਛੋਕੜ 'ਤੇ ਜੇ ਨਜ਼ਰ ਮਾਰੀਏ ਤਾਂ ਉਨ੍ਹਾਂ ਦੀ ਸ਼ੁਰੂਆਤ ਛੋਟੀਆਂ-ਮੋਟੀਆਂ ਵਾਰਦਾਤਾਂ ਤੋਂ ਹੋਈ ਸੀ ਪਰ ਬਾਅਦ 'ਚ ਉਹ ਤਾਕਤਵਰ ਹੁੰਦੇ ਚਲੇ ਗਏ। ਸੂਬੇ 'ਚ ਨਸ਼ਿਆਂ ਤੇ ਹਥਿਆਰਾਂ ਦੀ ਸਪਲਾਈ ਕਰਨ 'ਚ ਇਨ੍ਹਾਂ ਹੀ ਗੈਂਗਸਟਰਾਂ ਤੇ ਉਨ੍ਹਾਂ ਦੇ ਗਿਰੋਹਾਂ ਦਾ ਵੱਡਾ ਹੱਥ ਹੈ।

ਇਨ੍ਹਾਂ ਗਿਰੋਹਾਂ ਦੀਆਂ ਆਪਸੀ ਲੜਾਈਆਂ 'ਚ ਆਮ ਜਨਤਾ ਨੂੰ ਡਾਢਾ ਨੁਕਸਾਨ ਪੁੱਜਦਾ ਹੈ। ਇਹ ਸਮਾਜ ਵਿਰੋਧੀ ਅਨਸਰ ਸੋਸ਼ਲ ਮੀਡੀਆ ਦੀ ਡਟ ਕੇ ਦੁਰਵਰਤੋਂ ਕਰ ਰਹੇ ਹਨ। ਉਹ ਸ਼ਰੇਆਮ ਸੁਪਾਰੀ ਲੈ ਕੇ ਕਤਲ ਕਰਵਾਉਂਦੇ ਹਨ। ਬੀਤੇ ਕੁਝ ਸਮੇਂ ਦੌਰਾਨ ਪੰਜਾਬ 'ਚ ਭਾਵੇਂ ਗੈਂਗਸਟਰਾਂ ਵਿਰੁੱਧ ਵੱਡੀਆਂ ਕਾਰਵਾਈਆਂ ਕੀਤੀਆਂ ਗਈਆਂ ਹਨ ਪਰ ਫਿਰ ਵੀ ਉਨ੍ਹਾਂ ਦੀਆਂ ਗ਼ੈਰ-ਕਾਨੂੰਨੀ ਗਤੀਵਿਧੀਆਂ ਹਾਲੇ ਵੀ ਜਾਰੀ ਹਨ।

ਕੈਨੇਡਾ 'ਚ ਰਹਿੰਦੇ ਗੋਲਡੀ ਬਰਾੜ ਜਿਹੇ ਗੈਂਗਸਟਰ 'ਤੇ ਸਿੱਧੂ ਮੂਸੇਵਾਲਾ ਤੇ ਡੇਰਾ ਸੱਚਾ ਸੌਦਾ ਦੇ ਪੈਰੋਕਾਰ ਪ੍ਰਦੀਪ ਸਿੰਘ ਦੇ ਕਤਲਾਂ ਸਮੇਤ 50 ਤੋਂ ਵੱਧ ਹੋਰ ਸੰਗੀਨ ਕਿਸਮ ਦੇ ਅਪਰਾਧਾਂ ਦੇ ਦੋਸ਼ ਹਨ। ਸਾਲ 2019 'ਚ ਜਦੋਂ ਉਹ ਸਟੂਡੈਂਟ ਵੀਜ਼ਾ 'ਤੇ ਕੈਨੇਡਾ ਗਿਆ ਸੀ ਤਦ ਉਸ ਖ਼ਿਲਾਫ਼ ਕੋਈ ਵੀ ਮਾਮਲਾ ਨਹੀਂ ਸੀ ਪਰ ਉੱਥੇ ਜਾ ਕੇ ਉਹ ਅਪਰਾਧ ਜਗਤ ਦੇ ਢਹੇ ਚੜ੍ਹ ਗਿਆ। ਲਾਰੈਂਸ ਬਿਸ਼ਨੋਈ ਵੀ ਪੰਜਾਬ ਯੂਨੀਵਰਸਿਟੀ 'ਚ ਜਾ ਕੇ ਹੀ ਮਾੜੀ ਸੰਗਤ 'ਚ ਪਿਆ ਸੀ।

ਆਖ਼ਰ ਵਿੱਦਿਆ ਦੇ ਇਨ੍ਹਾਂ ਮੰਦਰਾਂ 'ਚ ਸਮਾਜ ਵਿਰੋਧੀ ਅਨਸਰਾਂ ਦੀ ਛੂਤ ਕਿਉਂ ਤੇ ਕਿਵੇਂ ਫੈਲਦੀ ਹੈ, ਇਸ ਬਾਰੇ ਸਿਰਫ਼ ਸਿਵਲ ਤੇ ਪੁਲਿਸ ਪ੍ਰਸ਼ਾਸਨ ਨੂੰ ਹੀ ਨਹੀਂ ਸਗੋਂ ਬੁੱਧੀਜੀਵੀ ਚਿੰਤਕਾਂ ਨੂੰ ਵੀ ਆਪਸ 'ਚ ਸਿਰ ਜੋੜ ਕੇ ਵਿਚਾਰ-ਵਟਾਂਦਰਾ ਕਰਨ ਦੀ ਲੋੜ ਹੈ। ਉਂਜ ਜ਼ਿਆਦਾਤਰ ਨੌਜਵਾਨ ਜੇਲ੍ਹਾਂ 'ਚ ਜਾ ਕੇ ਵੀ ਮਾੜੇ ਅਨਸਰਾਂ ਦੇ ਢਹੇ ਚੜ੍ਹਦੇ ਵੇਖੇ ਗਏ ਹਨ। ਉਹ ਆਮ ਪਰਿਵਾਰਾਂ ਦੇ ਚਿਰਾਗ ਹੀ ਹੁੰਦੇ ਹਨ। ਕਿਸੇ ਦੇ ਪੁੱਤਰ, ਪਤੀ ਤੇ ਭਰਾ ਹੁੰਦੇ ਹਨ। ਨੌਜਵਾਨਾਂ ਨੂੰ ਅਪਰਾਧਾਂ ਦੀ ਅੰਨ੍ਹੀ ਗੁਫ਼ਾ 'ਚ ਜਾ ਕੇ ਬਰਬਾਦ ਹੋਣ ਤੋਂ ਰੋਕਣ ਲਈ ਸਮਾਜ ਨੂੰ ਹੀ ਕੋਈ ਯੋਗ ਤੇ ਠੋਸ ਉਪਰਾਲੇ ਕਰਨੇ ਹੋਣਗੇ। ਤਦ ਹੀ ਇਨ੍ਹਾਂ ਨੌਜਵਾਨਾਂ ਨੂੰ ਗੈਂਗਸਟਰਵਾਦ ਵੱਲ ਜਾਣ ਤੋਂ ਰੋਕਿਆ ਜਾ ਸਕਦਾ ਹੈ।

# ਤੰਦਰੁਸਤੀ ਲਈ ਖਾਓ- ਚੇਸਟਨਟਸ



*''ਰਿਸਰਚ ਮੁਤਾਬਿਕ ਚੈਸਟਨਟ ਸ਼ੂਗਰ ਨੂੰ ਕੰਟਰੋਲ ਕਰਨ, ਪੂਰੀ ਤਰਾਂ ਇਮਿਊਨ ਸਿਸਟਮ ਨੂੰ ਵਧਾਉਣ, ਹੱਡੀਆਂ ਦੇ ਖਣਿਜ ਘਣਤਾ ਨੂੰ ਵਧਾਉਣ, ਪਾਚਨ ਸਮੱਸਿਆਵਾਂ ਤੋਂ ਛੁਟਕਾਰਾ ਪਾਉਣ, ਬੋਧਾਤਮਕ ਫੰਕਸ਼ਨ 'ਚ ਸੁਧਾਰ, ਪੁਰਾਣੀਆਂ ਬਿਮਾਰੀਆਂ ਨੂੰ ਰੋਕਣ, ਬਲੱਡ-ਪ੍ਰੈਸ਼ਰ ਨੂੰ ਕੰਟਰੋਲ ਕਰਨ, ਕਾਰਡੀਓਵੈਸਕੁਲਰ ਹੈਲਥ 'ਚ ਸੁਧਾਰ ਕਰਨ ਅਤੇ ਲਾਲ ਬਲੱਡ ਸੈਲਾਂ ਦੀ ਗਿਣਤੀ ਵਧਾਉਣ 'ਚ ਹੈਲਪ ਕਰਦਾ ਹੈ''- ਅਨਿਲ ਧੀਰ, ਕਾਲਮਨਿਸਟ, ਥੈਰਾਪਿਸਟ, ਹੈਲਥ ਐਜੂਕੇਟਰ ਅਵਾਰਡ ਵਿਜੇਤਾ, ਸੋਸ਼ਲ ਐਕਟੀਵਿਸਟ*

ਹੈਲਥ ਮੀਡੀਆ ਕੈਨੇਡਾ : ਠੰਢ ਦੇ ਮੌਸਮ 'ਚ ਸਰੀਰ ਨੂੰ ਗਰਮੀ ਦੇਣ ਵਾਲਾ ਮਸ਼ਹੂਰ ਨੱਟ ਚੇਸਟਨੱਟਸ ਨੂੰ ਖ਼ੂਰਾਕ 'ਚ ਸ਼ਾਮਿਲ ਕਰਨ ਦਾ ਸਮਾਂ ਆ ਗਿਆ ਹੈ। ਜਾਣਕਾਰੀ ਮੁਤਾਬਿਕ ਸ਼ੂਗਰ ਨੂੰ ਕੰਟਰੋਲ ਕਰਨ, ਪੂਰੀ ਤਰਾਂ ਇਮਿਊਨ ਸਿਸਟਮ ਨੂੰ ਵਧਾਉਣ, ਹੱਡੀਆਂ ਦੇ ਖਣਿਜ ਘਣਤਾ ਨੂੰ ਵਧਾਉਣ, ਪਾਚਨ ਸਮੱਸਿਆਵਾਂ ਤੋਂ ਛੁਟਕਾਰਾ ਪਾਉਣ, ਬੋਧਾਤਮਕ ਫੰਕਸ਼ਨ 'ਚ ਸੁਧਾਰ, ਪੁਰਾਣੀਆਂ ਬਿਮਾਰੀਆਂ ਨੂੰ ਰੋਕਣ, ਬਲੱਡ-ਪ੍ਰੈਸ਼ਰ ਨੂੰ ਕੰਟਰੋਲ ਕਰਨ, ਕਾਰਡੀਓਵੈਸਕੁਲਰ ਹੈਲਥ 'ਚ ਸੁਧਾਰ ਕਰਨ ਅਤੇ ਲਾਲ ਬਲੱਡ ਸੈਲਾਂ ਦੀ ਗਿਣਤੀ ਵਧਾਉਣ 'ਚ ਹੈਲਪ ਕਰਦਾ ਹੈ। ਖੂਨ ਦੇ ਪ੍ਰਵਾਹ ਨੂੰ ਠੀਕ ਕਰਦਾ ਹੈ।

ਚੈਸਟਨਟ ਕਾਸਟੋਨੀਆ ਜੀਨਸ ਦੁਆਰਾ ਪੈਦਾ ਕੀਤਾ ਜਾਂਦਾ ਹੈ। ਇਹ ਭੂਰੇ ਰੰਗ ਦਾ ਮੋਟਾ'ਤੇ ਬਾਹਰੀ ਸ਼ੈਲ ਸਖਤ ਅਤੇ ਅੰਦਰੋਂ ਚਿੱਟੇ ਰੰਗ ਦਾ ਕਰਨਲ ਮਿਲਦਾ ਹੈ। ਇਸ ਦਾਨੇ ਨੂੰ ਕੱਚਾ ਜਾਂ ਭੁੱਨ ਕੇ ਖਾਦਾ ਜਾਂਦਾ ਹੈ। ਆਮਤੌਰ 'ਤੇ ਅੱਜਕਲ ਅਮਰੀਕਨ ਚੈਸਟਨਟ, ਜਾਪਾਨੀ, ਚੀਨੀ, ਅਤੇ ਯੁਰੋਪੀਅਨ ਮਿਲ ਜਾਂਦਾ ਹੈ। ਚੈਸਨਟ 'ਚ ਉੱਚ ਮਾਤਰਾ 'ਚ ਖ਼ੁਰਾਕੀ ਫਾਈਬਰ, ਵਿਟਾਮਿਨ, ਖਣਿਜ, ਚੰਗੀ ਚਰਬੀ ਅਤੇ ਐਂਟੀਆਕਸੀਡੈਂਟ ਤੱਤ ਮਿਲਦੇ ਹਨ, ਜੋ ਸਰੀਰਕ-ਮਾਨਸਿਕ ਸਿਹਤ ਨੂੰ ਬਰਕਰਾਰ ਰੱਖਦੇ ਹਨ।



ਅਨਿਲ ਧੀਰ
ਕਾਲਮਨਿਸਟ
healthmedia1@hotmail.com

ਸੌ ਗ੍ਰਾਮ ਚੈਸਟਨਟਸ ਦੇ ਪੌਸ਼ਟਿਕ ਤੱਤਾਂ 'ਚ ਕੈਲੋਰੀ 131, ਚਰਬੀ-1.4 ਗ੍ਰਾਮ, ਜਿਸ ਵਿੱਚੋਂ 0.3 ਗ੍ਰਾਮ ਸੰਤ੍ਰਪਿਤ ਚਰਬੀ, 0.5 ਗ੍ਰਾਮ ਪੌਲੀਅਨਸੈਚੂਰੇਟਿਡ ਫੈਟ 0.5 ਗ੍ਰਾਮ, ਮੋਨੋਸੈਚੂਰੇਟਿਡ ਫੈਟ ਜਿਸ ਵਿੱਚ 0 ਮਿਲੀਗ੍ਰਾਮ ਕੋਲੈਸਟ੍ਰੋਲ ਹੁੰਦਾ ਹੈ। ਸੋਡੀਅਮ 27 ਮਿਲੀਗ੍ਰਾਮ, ਪੋਟਾਸ਼ਿਅਮ 715 ਮਿਲੀਗ੍ਰਾਮ, ਕੁੱਲ ਕਾਰਬੋਹਾਈਡ੍ਰੇਟ 28 ਗ੍ਰਾਮ, ਪ੍ਰੋਟੀਨ 2 ਗ੍ਰਾਮ, ਕੈਲਸ਼ੀਅਮ 4%, ਵਿਟਾਮਿਨ 44%, ਆਇਰਨ 9%, ਵਿਟਾਮਿਨ ਬੀ-6 (10%), ਮੈਗਨੀਸ਼ੀਅਮ 13%, ਵਿਟਾਮਿਨ ਬੀ, ਏ 12 ਅਤੇ ਡੀ 0% ਦੱਸਿਆ ਗਿਆ ਹੈ।

**ਤੰਦਰੁਸਤੀ ਲਈ ਖਾਓ ਚੇਸਟਨਟ :**

- ਠੰਢੇ ਮੌਸਮ ਦੌਰਾਨ ਦਿਨ ਭਰ ਦੀ ਅਨਰਜੀ ਲਈ 6-8 ਭੁੱਜੇ ਹੋਏ ਦਾਨੇ ਛਿੱਲ ਕੇ ਯਾਨਿ ਗਿਰੀ ਚੰਗੀ ਤਰਾਂ ਚਬਾ ਕੇ ਖਾਓ ਅਤੇ ਨਾਲ ਹੀ ਘੱਟ ਗਰਮ ਬਿਨਾ ਚੀਨੀ ਵਾਲਾ ਦੁੱਧ ਪੀਣਾ ਚਾਹੀਦਾ ਹੈ।
- ਪੁਰਾਣੀ ਬਿਮਾਰੀਆਂ ਲਈ ਐਂਟੀਆਕਸੀਡੈਂਟ ਸਰੀਰ ਲਈ ਜਰੂਰੀ ਹਨ। ਇਸ ਨੱਟ ਅੰਦਰ ਮੌਜੂਦ ਐਂਟੀਆਕਸੀਡੈਂਟ- ਵਿਟਾਮਿਨ ਸੀ, ਗੈਲਿਕ ਏਸਿਡ, ਇਲੈਜਿਕ ਏਸਿਡ, ਅਤੇ ਟੇਨਿਨ ਵਗੈਰਾ, ਸਰੀਰ ਦੇ ਸੈੱਲਾਂ ਨੂੰ ਮੁਫਤ ਰੈਡੀਕਲ ਨੁਕਸਾਨ ਹੋਣ ਤੋਂ ਬਚਾਉਂਦੇ ਹਨ।
- ਚੈਸਟਨਟਸ ਅੰਦਰ ਮੌਜੂਦ ਗੈਲਿਕ ਏਸਿਡ ਅਤੇ ਇਲੈਜਿਕ ਏਸਿਡ ਦਿਲ ਦੇ ਸੈੱਲਾਂ ਨੂੰ ਆਕਸੀਡੇਟਿਵ ਤਣਾਅ ਤੋਂ ਬਚਾਉਣ 'ਚ ਹੈਲਪ ਕਰਦਾ ਹੈ। ਇਸ ਅੰਦਰ ਪੋਟਾਸ਼ਿਅਮ ਤੱਤ ਦਿਲ ਦੀ ਕ੍ਰਿਆ ਨੂੰ ਪ੍ਰਾਪਰ ਕਰਦਾ ਹੈ।
- ਚੈਸਟਨਟਸ ਵਿੱਚ ਫਾਈਬਰ ਪਾਚਨ ਕ੍ਰਿਆ ਬਿਹਤਰ ਕਰਦਾ ਹੈ। ਲਾਭਕਾਰੀ ਅੰਤੜੀਆਂ ਦੇ ਬੈਕਟੀਰੀਆ ਨੂੰ ਪੋਸ਼ਣ ਮਿਲਦਾ ਹੈ। ਸ਼ਾਰਟ-ਚੇਨ ਫੈਟੀ ਐਸਿਡ ਦੇ ਉਤਪਾਦਨ ਅਤੇ ਭਾਰ ਪ੍ਰਬੰਧਨ 'ਚ ਹੈਲਪ ਕਰਦਾ ਹੈ।
- ਚੈਸਟਨਟ ਦਾ ਇਸਤੇਮਾਲ ਫਾਈਬਰ ਦਾ ਚੰਗਾ ਸਾਧਨ ਹੋਣ ਕਰਕੇ ਬਲੱਡ-ਸ਼ੂਗਰ ਦਾ ਲੈਵਲ ਸੰਤੁਲਿਤ ਕਰਕੇ ਸਪਾਈਕਸ ਨੂੰ ਰੋਕਣ 'ਚ ਮਦਦ ਕਰ ਸਕਦਾ ਹੈ। ਇਸ ਅੰਦਰ ਮੌਜੂਦ ਐਂਟੀਆਕਸੀਡੈਂਟ ਇਨਸੂਲਿਨ ਸੰਵੇਦਨਸ਼ੀਲਤਾ ਨੂੰ ਵਧਾਉਣ 'ਚ ਹੈਲਪ ਕਰਦਾ ਹੈ।
- ਇਸਦਾ ਸੇਵਨ ਭੋਜਨ ਦੇ ਪਾਚਨ ਨੂੰ ਹੌਲੀ ਕਰਕੇ ਤੁਹਾਡੀ ਭੁੱਖ ਨੂੰ ਘੱਟ ਕਰਨ ਵਿੱਚ ਮਦਦ ਕਰ ਸਕਦੀ ਹੈ। ਉਹਨਾਂ 'ਚ ਘੱਟ ਚਰਬੀ ਦੇ ਕਾਰਨ ਗਿਰੀਦਾਰ ਦੀਆਂ ਹੋਰ ਕਿਸਮਾਂ ਨਾਲੋਂ ਘੱਟ ਕੈਲੋਰੀ ਵੀ ਹੁੰਦੀ ਹੈ।
- ਚੈਸਟਨਟਸ 'ਚ ਵੱਖ-ਵੱਖ ਐਂਟੀਆਕਸੀਡੈਂਟ ਹੋਣ ਕਰਕੇ ਸਰੀਰ ਅੰਦਰ ਪੈਦਾ ਹੋਈ ਸੋਜਸ਼ ਨੂੰ ਵੀ ਘੱਟ ਕਰਦੀ ਹੈ ਜੋ ਫ੍ਰੀ ਰੈਡੀਕਲ ਨੁਕਸਾਨ ਕਾਰਨ ਹੁੰਦੀ ਹੈ।
- ਚੈਸਟਨਟ ਐਂਟੀਆਕਸੀਡੈਂਟਾਂ 'ਤੇ ਟੈਸਟ-ਟਿਊਬ ਅਤੇ ਜਾਨਵਰਾਂ 'ਤੇ ਰਿਸਰਚ ਸਟਡੀ ਮੁਤਾਬਿਕ ਇਲੈਜਿਕ ਐਸਿਡ ਉਹ ਟਿਊਮਰ ਸੈੱਲਾਂ ਦੇ ਵਿਕਾਸ ਅਤੇ ਫੈਲਣ ਨੂੰ ਦਬਾ ਸਕਦੇ ਹਨ। ਹਾਲਾਂਕਿ, ਇਸ ਸੰਭਾਵੀ ਅਸਰ ਦੀ ਜਾਂਚ ਕਰਨ ਲਈ ਮਨੁੱਖੀ ਰਿਸਰਚ ਸਟਡੀ ਦੀ ਲੋੜ ਹੈ।

ਨੋਟ : ਪੁਰਾਣੀ ਬਿਮਾਰੀਆਂ ਦੀ ਹਾਲਤ 'ਚ ਚੈਸਟਨਟਸ ਦਾ ਇਸਤੇਮਾਲ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਕਰਨਾ ਚਾਹੀਦਾ ਹੈ।





# ਅਦਰਕ ਦਾ ਪਾਣੀ ਹੈ ਸਰਦੀਆਂ ਦੀਆਂ ਕਈ ਸਮੱਸਿਆਵਾਂ ਲਈ ਰਾਮਬਾਣ

ਦਿੱਲੀ ਸਮੇਤ ਪੂਰਾ ਉੱਤਰ ਭਾਰਤ ਇਸ ਸਮੇਂ ਕੜਾਕੇ ਦੀ ਠੰਢ ਕਾਰਨ ਕੰਬ ਰਿਹਾ ਹੈ। ਲਗਾਤਾਰ ਡਿੱਗ ਰਹੇ ਤਾਪਮਾਨ ਨੇ ਲੋਕਾਂ ਦੀ ਹਾਲਤ ਤਰਸਯੋਗ ਕਰ ਦਿੱਤੀ ਹੈ। ਕੜਾਕੇ ਦੀ ਠੰਢ ਅਤੇ ਸੰਘਣੀ ਧੁੰਦ ਨੇ ਸਾਰਿਆਂ ਨੂੰ ਕੰਬਣ ਲਈ ਮਜਬੂਰ ਕਰ ਦਿੱਤਾ ਹੈ। ਅਜਿਹੇ 'ਚ ਇਸ ਮੌਸਮ 'ਚ ਆਪਣੀ ਸਿਹਤ ਦਾ ਖਾਸ ਖਿਆਲ ਰੱਖਣਾ ਜ਼ਰੂਰੀ ਹੈ। ਸਰਦੀਆਂ 'ਚ ਅਕਸਰ ਸਾਡੀ ਇਮਿਊਨਿਟੀ ਕਮਜ਼ੋਰ ਹੋ ਜਾਂਦੀ ਹੈ, ਜਿਸ ਕਾਰਨ ਅਸੀਂ ਆਸਾਨੀ ਨਾਲ ਕਈ ਬੀਮਾਰੀਆਂ ਅਤੇ ਇਨਫੈਕਸ਼ਨ ਦਾ ਸ਼ਿਕਾਰ ਹੋ ਜਾਂਦੇ ਹਾਂ।



ਅਦਰਕ ਇੱਕ ਅਜਿਹਾ ਭੋਜਨ ਪਦਾਰਥ ਹੈ, ਜਿਸ ਦੀ ਭਾਰਤੀ ਰਸੋਈ ਵਿੱਚ ਵਿਆਪਕ ਤੌਰ 'ਤੇ ਵਰਤੋਂ ਕੀਤੀ ਜਾਂਦੀ ਹੈ। ਲੋਕ ਚਾਹ ਵਿੱਚ ਅਦਰਕ ਵੀ ਮਿਲਾਉਂਦੇ ਹਨ ਜੋ ਖਾਣੇ ਦਾ ਸੁਆਦ ਵਧਾਉਂਦਾ ਹੈ ਅਤੇ ਇਸ ਨੂੰ ਬੜੇ ਚਾਅ ਨਾਲ ਪੀਂਦਾ ਹੈ। ਇਹ ਨਾ ਸਿਰਫ ਸਵਾਦ ਵਧਾਉਣ 'ਚ ਮਦਦ ਕਰਦਾ ਹੈ ਸਗੋਂ ਤੁਹਾਡੀ ਸਿਹਤ ਨੂੰ ਵੀ ਕਈ ਫਾਇਦੇ ਦਿੰਦਾ ਹੈ। ਤੁਸੀਂ ਅਦਰਕ ਨੂੰ ਕਈ ਤਰੀਕਿਆਂ ਨਾਲ ਆਪਣੀ ਖੁਰਾਕ ਦਾ ਹਿੱਸਾ ਬਣਾ ਸਕਦੇ ਹੋ। ਆਓ ਜਾਣਦੇ ਹਾਂ ਸਰਦੀਆਂ ਵਿੱਚ ਅਦਰਕ ਦਾ ਪਾਣੀ ਪੀਣ ਦੇ ਕੁਝ ਫਾਇਦੇ-

ਗਠੀਏ ਦੇ ਦਰਦ ਤੋਂ ਰਾਹਤ ਪ੍ਰਦਾਨ ਕਰਦਾ ਹੈ : ਅਦਰਕ ਆਪਣੇ ਸਾੜ ਵਿਰੋਧੀ ਗੁਣਾਂ ਲਈ ਜਾਣਿਆ ਜਾਂਦਾ ਹੈ। ਇਹੀ ਕਾਰਨ ਹੈ ਕਿ ਇਹ ਗਠੀਏ ਦੇ ਦਰਦ ਤੋਂ ਰਾਹਤ ਪ੍ਰਦਾਨ ਕਰਨ ਅਤੇ ਸੋਜ ਨੂੰ ਘਟਾਉਣ ਵਿੱਚ ਵੀ ਮਦਦ ਕਰ ਸਕਦਾ ਹੈ। ਇਹ ਮਾਸਪੇਸ਼ੀਆਂ ਦੇ ਦਰਦ ਤੋਂ ਛੁਟਕਾਰਾ ਪਾਉਣ ਲਈ ਵੀ ਬਹੁਤ ਵਧੀਆ ਹੈ।

ਇਮਿਊਨਿਟੀ ਵਧਾਏ : ਸਰਦੀਆਂ ਵਿੱਚ ਅਕਸਰ ਸਾਡੀ ਇਮਿਊਨਿਟੀ ਕਮਜ਼ੋਰ ਹੋ ਜਾਂਦੀ ਹੈ, ਜਿਸ ਕਾਰਨ ਅਸੀਂ ਆਸਾਨੀ ਨਾਲ ਬਿਮਾਰੀਆਂ ਅਤੇ ਇਨਫੈਕਸ਼ਨਾਂ ਦਾ ਸ਼ਿਕਾਰ ਹੋ ਜਾਂਦੇ ਹਾਂ। ਅਜਿਹੇ 'ਚ ਅਦਰਕ ਦਾ ਪਾਣੀ ਪੀਣ ਨਾਲ ਤੁਹਾਡੀ ਇਮਿਊਨਿਟੀ ਮਜ਼ਬੂਤ ?ਹੁੰਦੀ ਹੈ, ਕਿਉਂਕਿ ਅਦਰਕ ਐਂਟੀਆਕਸੀਡੈਂਟ ਅਤੇ ਐਂਟੀ-ਇੰਫਲੇਮੇਟਰੀ ਗੁਣਾਂ ਨਾਲ ਭਰਪੂਰ ਹੁੰਦਾ ਹੈ।

ਭਾਰ ਘਟਾਉਣ ਵਿੱਚ ਮਦਦਗਾਰ : ਸਰਦੀਆਂ ਦੇ ਮੌਸਮ 'ਚ ਕਈ ਲੋਕ ਆਪਣੇ ਵਧਦੇ ਭਾਰ ਕਾਰਨ ਅਕਸਰ ਪ੍ਰੇਸ਼ਾਨ ਰਹਿੰਦੇ ਹਨ। ਅਜਿਹੇ 'ਚ ਅਦਰਕ ਦਾ ਪਾਣੀ ਭਾਰ ਨੂੰ ਬਣਾਏ ਰੱਖਣ 'ਚ ਮਦਦ ਕਰਦਾ ਹੈ। ਇਸ ਵਿਚ ਕੈਲੋਰੀ ਘੱਟ ਹੋਣ ਕਾਰਨ ਇਹ ਭਾਰ ਘਟਾਉਣ ਵਿਚ ਮਦਦਗਾਰ ਹੋ ਸਕਦੀ ਹੈ।



# ਮੌਲੀ ਦੀਆਂ ਤੰਦਾਂ

*ਮੈਨੂੰ ਇਹ ਰਿਸ਼ਤੇ-ਨਾਤੇ ਮੌਲੀ ਦੀਆਂ ਤੰਦਾਂ ਵਾਂਗ ਜਾਪਦੇ ਹਨ। ਜੇ ਇਹ 'ਕੱਲੇ-ਇਕਹਿਰੇ ਹੋਣ ਤਾਂ ਧਾਗੇ ਹੀ ਰਹਿ ਜਾਂਦੇ ਹਨ, ਪਰ ਜੇ ਇਨ੍ਹਾਂ ਨੂੰ ਇਕੱਠੇ ਕਰਕੇ ਡੋਰ ਵਾਂਗ ਜੋੜ-ਵੱਟ ਕੇ ਰੱਖਿਆ ਜਾਵੇ ਤਾਂ ਇਨ੍ਹਾਂ ਧਾਗਿਆਂ ਦੀ ਖ਼ੂਬਸੂਰਤ, ਬਹੁਰੰਗੀ ਤੇ ਮਜ਼ਬੂਤ ਮੌਲੀ ਜਾਂ ਖੰਮ੍ਹਣੀ ਬਣ ਜਾਂਦੀ ਹੈ। ਇਹੋ ਮੌਲੀ ਮੋਹ-ਮੁਹੱਬਤਾਂ, ਸ਼ਗਨਾਂ ਤੇ ਖੁਸ਼ੀਆਂ ਦੀ ਪ੍ਰਤੀਕ ਹੁੰਦੀ ਹੈ। ਮੌਲੀ ਵਰਗੇ ਰਿਸ਼ਤੇ ਦਿਲ ਰੂਪੀ ਕਲਾਈ ਨਾਲ ਬੰਨ੍ਹ ਕੇ ਰੂਹ ਨੂੰ ਬਹੁਤ ਖ਼ੁਸ਼ੀ, ਚੈਨ ਤੇ ਰੱਜ ਮਿਲਦਾ ਹੈ।*



**ਪਰਮਜੀਤ ਕੌਰ ਸਰਹਿੰਦ**

'ਦਿਲ ਦਰਿਆ ਸਮੁੰਦਰੋਂ ਡੂੰਘੇ' ਕਿਹਾ ਜਾਣਾ ਆਮ ਗੱਲ ਹੈ ਪਰ ਇਸ ਦੀ ਸੱਚਾਈ ਬਹੁਤ ਗੰਭੀਰ ਹੈ। ਕਦੇ ਸਾਡੀ ਰੂਹ ਇਸ ਦਰਿਆ ਜਾਂ ਸਮੁੰਦਰ ਵਿੱਚ ਬਹੁਤ ਗਹਿਰਾਈਆਂ ਤੱਕ ਪਹੁੰਚ ਜਾਂਦੀ ਹੈ। ਇਹ ਯਾਦਾਂ ਦੇ ਕੀਮਤੀ ਮੋਤੀ ਚੁਗਦੀ ਹੋਈ ਅਤੀਤ ਵਿੱਚ ਪਰਤ ਜਾਂਦੀ ਹੈ। ਇਨ੍ਹਾਂ ਮੋਤੀਆਂ ਨੂੰ ਸੋਚ ਦੀ ਤਲੀ 'ਤੇ ਧਰ ਕੇ ਦੇਖਦਿਆਂ ਅੱਖਾਂ ਵਿੱਚੋਂ ਵੈਰਾਗ ਤੇ ਪ੍ਰੇਮ ਦੇ ਰਲੇ-ਮਿਲੇ ਹੰਝੂ ਵਹਿ ਤੁਰਦੇ ਹਨ। ਯਾਦ ਆਉਂਦੀਆਂ ਹਨ ਮੋਹ ਭਰੀਆਂ ਵਿਛੜੀਆਂ ਰੂਹਾਂ!

ਬੀਤੇ ਸਮੇਂ ਤਾਈਆਂ-ਚਾਚੀਆਂ, ਮਾਮੀਆਂ-ਮਾਸੀਆਂ ਤੇ ਭੂਆ-ਫੁੱਫੀਆਂ ਨੂੰ ਵੀ ਮਾਂ ਵਾਂਗ ਪਿਆਰ-ਸਤਿਕਾਰ ਦਿੱਤਾ ਜਾਂਦਾ ਸੀ। ਉਹ ਵੀ ਇੱਕ-ਦੂਜੀ ਦੇ ਬੱਚਿਆਂ ਨੂੰ ਆਪਣੇ ਜਾਇਆਂ ਵਾਂਗ ਮੋਹ-ਪਿਆਰ ਕਰਦੀਆਂ। ਅੱਜ ਇਸ ? ਸਵਾਰਥੀ ਤੇ ਪਦਾਰਥਵਾਦੀ ਯੁੱਗ ਵਿੱਚ ਕਿਵੇਂ ਰਿਸ਼ਤਿਆਂ ਦਾ ਘਾਣ ਹੋ ਰਿਹਾ ਹੈ ਇਹ ਜੱਗ ਜ਼ਾਹਰ ਹੈ। ਮੈਨੂੰ ਆਪਣੀ ਤਾਈ ਬਿਸ਼ਨ ਕੌਰ ਬੜੀ ਯਾਦ ਆਉਂਦੀ ਹੈ। ਉਹਦੇ ਵੱਡੇ ਉਸ ਨੂੰ ਆਪਣੀ ਪੇਂਡੂ ਬੋਲੀ ਵਿੱਚ 'ਬਿਸਨ ਕੁਰ' ਕਹਿੰਦੇ। ਅਸੀਂ ਸਾਰੇ ਭੈਣ-ਭਰਾ ਉਸ ਨੂੰ ਤਾਈ ਨਹੀਂ ਬੇਬੇ ਹੀ ਕਹਿੰਦੇ ਸਾਂ। ਬੇਬੇ ਅਸਲ ਵਿੱਚ ਮੇਰੀ ਸਕੀ ਤਾਈ ਨਹੀਂ ਸੀ ਬਲਕਿ ਮੇਰੇ ਦਾਦਾ ਜੀ ਦੇ ਭਰਾ ਦੀ ਨੂੰਹ ਸੀ। ਬੇਬੇ ਦੇ ਆਪਣੇ ਧੀਆਂ-ਪੁੱਤਰਾਂ ਸਮੇਤ ਅੱਗੋਂ ਉਨ੍ਹਾਂ ਦੇ ਬੱਚੇ ਵੀ ਉਸ ਨੂੰ ਦਾਦੀ-ਨਾਨੀ ਨਹੀਂ ਬੇਬੇ ਹੀ ਕਹਿੰਦੇ। ਸਾਡੇ ਗੁਆਂਢ-ਮੁਹੱਲੇ ਵਾਲੇ ਵੀ ਉਸ ਨੂੰ ਬੇਬੇ ਹੀ ਕਹਿੰਦੇ।

ਪਹਿਲਾਂ ਸਾਡਾ ਪਰਿਵਾਰ ਇਕੱਠਾ ਸੀ ਤੇ ਬਾਅਦ ਵਿੱਚ ਅਲੱਗ-ਅਲੱਗ ਹੋ ਗਿਆ। ਬੇਬੇ ਦੇ ਧੀਆਂ-ਪੁੱਤਰ ਮੇਰੀ ਮਾਂ ਤੋਂ ਵੀ ਵੱਡੀ ਉਮਰ ਦੇ ਸਨ। ਇੱਕ-ਦੋ ਛੋਟੇ ਜਾਂ ਹਾਣੀ ਜਿਹੇ ਵੀ ਦਿਸਦੇ। ਇਸ ਵੱਡੇ ਸਾਰੇ ਪਰਿਵਾਰ ਵਿੱਚ ਮੈਂ ਆਪਣੇ ਛੇ ਭਰਾਵਾਂ ਦੀ ਇਕਲੌਤੀ ਭੈਣ ਤੇ ਤਾਏ ਦੇ ਬੱਚਿਆਂ ਵਿੱਚੋਂ ਸਭ ਤੋਂ ਛੋਟੀ ਸਾਂ। ਇਸੇ ਲਈ ਉਹ ਸਾਰੇ ਮੈਨੂੰ ਬਹੁਤ ਲਾਡ-ਪਿਆਰ ਕਰਦੇ। ਮੈਂ ਬੇਬੇ ਨੂੰ ਸਿਵਾਏ ਚਰਖ਼ਾ ਕੱਤਣ ਜਾਂ ਸੂਤ ਅਟੇਰਨ ਦੇ ਕਦੇ ਹੋਰ ਕੋਈ ਕੰਮ ਕਰਦੀ ਨਹੀਂ ਸੀ ਦੇਖਿਆ। ਉਹ ਸਵੇਰੇ ਹੀ ਗਲੀ ਜਾਂ ਸਾਹਮਣੇ ਵਿਹੜੇ ਵਿੱਚ ਚਰਖ਼ਾ ਡਾਹ ਲੈਂਦੀ। ਵਿੱਚ ਵਿਚਾਲੇ ਆਪਣੀ ਛੋਟੀ ਜਿਹੀ ਮੰਜੀ 'ਤੇ ਆਰਾਮ ਕਰਦੀ ਤੇ ਖਾ-ਪੀ ? ਕੇ ਫਿਰ ਕੱਤਣ ਲੱਗ ਪੈਂਦੀ। ਮੈਂ ਉਹਨੂੰ ਕਦੇ ਕਿਸੇ ਨਾਲ ਗੁੱਸੇ ਹੋਈ ਜਾਂ ਲੜਦੀ ਨਹੀਂ ਸੀ ਦੇਖਿਆ। ਸਕੂਲੋਂ ਆ ਕੇ ਜਾਂ ਛੁੱਟੀ ਵਾਲੇ ਦਿਨ ਮੈਂ ਬੇਬੇ ਦੇ ਪਿੱਛੇ ਪੈ ਜਾਣਾ ਕਿ ਬੇਬੇ ਮੈਨੂੰ ਵੀ ਕੱਤਣਾ ਸਿਖਾ। ਬੀਬੀ (ਮੇਰੀ ਮਾਂ) ਤਾਂ ਮੈਨੂੰ ਚਰਖ਼ੇ ਦੇ ਨੇੜੇ ਨਹੀਂ ਸੀ ਲੱਗਣ ਦਿੰਦੀ। ਬੇਬੇ ਨੇ ਝੱਟ ਮੈਨੂੰ ਹੱਥਲੀ ਪੂਣੀ ਫੜਾ ਦੇਣੀ। ਮੈਂ ਵਿੰਗਾ-ਟੇਢਾ ਜਾਂ ਮੋਟਾ-ਪਤਲਾ ਗਲੋਟਾ ਲਾਹ ਲੈਣਾ ਜਿਸ ਨੂੰ ਉਹ 'ਨਿੱਚਲਾ' ਕਹਿੰਦੀ। ਬੇਬੇ ਨੇ ਮੈਨੂੰ ਕਹਿਣਾ, "ਜਾਹ ਹੁਣ ਪਿੱਛੇ ਮੁੜ ਕੇ ਨਾ ਦੇਖੀਂ ਇਹ ਨਿੱਚਲਾ ਖੂਹ 'ਚ ਸੁੱਟ ਕੇ ਆ।" ਇਹ ਕੱਤਣ ਵਾਲੀਆਂ ਬਜ਼ੁਰਗ ਔਰਤਾਂ ਦਾ ਆਪੇ ਬਣਾਇਆ 'ਕਾਨੂੰਨ' ਸੀ। ਕੱਤਣਾ ਸਿੱਖਣ ਵਾਲੀ ਪਹਿਲਾ ਕੱਤਿਆ ਨਿੱਚਲਾ ਖੁਆਜੇ ਭਾਵ ਖੂਹ ਨੂੰ ਅਰਪਣ ਕਰਦੀ। ਮੈਂ ਤਾਂ ਐਡੀ 'ਸਹੁੰਨਰੀ' ਸਾਂ ਕਿ ਕੋਈ ਰੱਸੇ ਵਰਗੀ ਮੋਟੀ ਤੇ ?ਕੋਈ ਧਾਗੇ ਵਰਗੀ ਬਾਰੀਕ ਤੰਦ ਪਾਉਂਦੀ। ਬੇਬੇ ?ਮੈਨੂੰ ਰੋਕਦੀ-ਟੋਕਦੀ ਨਹੀਂ ਸੀ ਤੇ ਮੈਂ ਦੂਜੇ-ਚੌਥੇ ਆਪਣਾ ਕੱਤਿਆ ਨਿਚਲਾ ਖੂਹ ਵਿੱਚ ਸੁੱਟ ਆਉਂਦੀ। ਮੇਰੀ ਮਾਂ ਮੇਰੇ ਉੱਘੜੇ-ਦੁੱਘੜੇ ਨਿੱਚਲੇ ਦੇਖ ਕੇ ਬੇਬੇ ਨੂੰ ਕਹਿੰਦੀ, "ਬੇਬੇ ਕਿਉਂ ਇਹਨੂੰ ਸਿਰ ਚੜ੍ਹਾਉਨੀ ਐਂ ਇਹਦੀ ਕਿਤੇ ਨੀਤ ਐ ਕੱਤਣ ਦੀ ਤੂੰ ਐਵੇਂ ਪੂਣੀਆਂ ਦਾ ਉਜਾੜਾ ਕਰਦੀ ਐਂ।"

ਮੇਰੇ ਦੇਖਦਿਆਂ ਹੌਲੀ-ਹੌਲੀ ?ਬੇਬੇ ਚਰਖ਼ਾ ਕੱਤਣਾਂ ਤੇ ਸੂਤ ਅਟੇਰਨਾ ਵੀ ਛੱਡ ਗਈ। ਮਧਰੇ ਜਿਹੇ ਕੱਦ ਤੇ ਭਰਵੇਂ ਸਰੀਰ ਵਾਲੀ ਆਪਣੀ ਬੇਬੇ ਮੈਂ ਕਦੇ ਬਿਮਾਰ ਪਈ ਨਹੀਂ ਸੀ ਦੇਖੀ। ਉਸ ਦੀ ਛੋਟੀ ਜਿਹੀ ਮੰਜੀ ਅਤੇ ਇੱਕ ਸਿਰੇ ਤੋਂ ਘਸ-ਘਸ ਕੇ ਕੂਲੀ ਹੋਈ ਉਹਦੀ ਸੋਟੀ ਮੈਨੂੰ ਅੱਜ ਵੀ ਯਾਦ ਹੈ। ਗਰਮੀ ਦੀ ਰੁੱਤ ਵਿੱਚ ਜਿਸ ਨੂੰ ਬੇਬੇ ਰੋਹੀ ਕਹਿੰਦੀ, ਉਹਦੀ ਮੰਜੀ ਰਾਤ ਦੀ ਹੀ ਵਿਹੜੇ ਵਿੱਚ ਪਈ ਹੁੰਦੀ। ਜਿਉਂ-ਜਿਉਂ ਦਿਨ ਚੜ੍ਹਦਾ ਉਹ ਮੰਜੀ ਪਹਿਲਾਂ ਕੰਧ ਨੇੜੇ ਤੇ ਫੇਰ ਪਰਛਾਵੇਂ ਦੇ ਨਾਲ ਤੁਰਦੀ ਦਰੱਖਤਾਂ ਦੀ ਛਾਵੇਂ ਚਲੀ ਜਾਂਦੀ। ਬੇਬੇ ਚਾਹ-ਰੋਟੀ ਵੀ ਉੱਥੇ ਹੀ ਪੀਂਦੀ- ਖਾਂਦੀ। ਸ਼ਾਮ ਨੂੰ ਉਹ ਮੰਜੀ ਮੁੜ ਸਵੇਰ ਜਾਂ ਰਾਤ ਵਾਲੀ ਥਾਂ ਆ ਜਾਂਦੀ। ਉਸ ਛੋਟੀ ਜਿਹੀ ਮੰਜੀ 'ਤੇ ਵੀ ਬੇਬੇ ਕੋਲ ਕੋਈ ਨਾ ਕੋਈ ਬੈਠਾ ਰਹਿੰਦਾ। ਜਦੋਂ ਬੰਬੇ ਤੋਂ ਉਹਦਾ ਛੋਟਾ ਪੁੱਤ, ਜਗਮੇਲ ਬਾਈ ਆਇਆ ਹੁੰਦਾ ਉਹ ਤਾਂ ਸਾਰਾ ਦਿਨ ਆਪਣੀ ਮਾਂ ਕੋਲ ਬੈਠਾ ਰਹਿੰਦਾ। ਜਦੋਂ ਬਾਈ ਵਾਪਸ ਜਾਂਦਾ ਤਾਂ ਉਹ ਕਈ ਦਿਨ ਚੁੱਪ ਜਿਹੀ ਰਹਿੰਦੀ।

ਬੇਬੇ ਦਾ ਸੁਭਾਅ ਚੁੱਪ ਕੀਤਾ ਜਿਹਾ ਸੀ। ਕਦੇ-ਕਦੇ ਉਹ ਮੇਰੀਆਂ ਗੁੱਤਾਂ ਕਰਦੀ ਜਾਂ ਚਰਖ਼ਾ ਕੱਤਦੀ ਮੇਰੇ ਨਾਲ ਗੱਲਾਂ ਕਰਨ ਲੱਗ ਜਾਂਦੀ। ਦੂਜੇ ਵਿਸ਼ਵ ਯੁੱਧ ਵਿੱਚ ਸ਼ਹੀਦ ਹੋਏ ਆਪਣੇ ਵੱਡੇ ਨੌਜਵਾਨ ਪੁੱਤਰ ਬਾਈ ਸੁੱਚਾ ਸਿੰਘ ਨੂੰ ਯਾਦ ਕਰਦਿਆਂ ਉਹ ਅੱਖਾਂ ਭਰ-ਭਰ ਡੋਲ੍ਹਦੀ। ਉਹ ਭਿੱਜੇ ਜਿਹੇ ਬੋਲਾਂ ਨਾਲ ਕਹਿੰਦੀ, "ਮੇਰਾ ਪਲੇਠਾ ਪੁੱਤ ਪਰਦੇਸਾਂ 'ਚ ਰਹਿ ਗਿਆ ਉਹਦੀ ਸਿਉਨੇ (ਸੋਨੇ) ਵਰਗੀ ਦੇਹ ? ਨੂੰ ਆਪਣੀ ਜੰਮਣ ਭੋਇੰ 'ਚ ਸਾਢੇ ਤਿੰਨ ?ਹੱਥ ਥਾਂ ਨਸੀਬ ਨਾ ਹੋਈ! ਜਦੋਂ ਰਾਤ ਨੂੰ ਪਈ ਮੈਂ ਉਹਨੂੰ ਯਾਦ ਕਰਦੀ ਆਂ ਤਾਂ ਰੋਂਦੀ ਦਾ ਮੇਰਾ ਝੋਨਾ (ਦੁਪੱਟਾ) ਭਿੱਜ ਜਾਂਦੈ ? ਧੀਏ!" ਬੇਬੇ ਦੀਆਂ ਗੱਲਾਂ ਸੁਣ ਕੇ ਮੈਂ ਵੀ ਉਦਾਸ ਹੋ ਜਾਂਦੀ। ਮੈਨੂੰ ਇੱਕ ਗੱਲ ਸਮਝ ਨਾ ਆਉਂਦੀ ਕਿ ਬੇਬੇ ਦਾ ਦੁਪੱਟਾ ਹੰਝੂਆਂ ਨਾਲ ਕਿਵੇਂ ਭਿੱਜ ਜਾਂਦੈ? ਐਨੇ ਕਿੰਨੇ ਕੁ ਹੰਝੂ ਹੁੰਦੇ ਨੇ ਅੱਖਾਂ 'ਚ ਇਸ ਗੱਲ ਦੀ ਸਮਝ ਮੈਨੂੰ ਉਸ ਵਕਤ ਆਈ ਜਦੋਂ ਮੇਰਾ ਆਪਣਾ ਪੁੱਤਰ ਬੇਵਕਤ ਇਸ ਫ਼ਾਨੀ ਸੰਸਾਰ ਤੋਂ ਚਲਾ ਗਿਆ। ਸਮਝ ਆਈ ਕਿ ਰੋਂਦੀ ਮਾਂ ਦਾ ਦੁਪੱਟਾ ਹੀ ਹੰਝੂਆਂ 'ਚ ਨਹੀਂ ਭਿੱਜਦਾ ਉਸ ਦੀ ਤਾਂ ਦੁਨੀਆ ਹੀ ਹੰਝੂਆਂ ਦਾ ਸਾਗਰ ਬਣ ਕੇ ਰਹਿ ਜਾਂਦੀ ਹੈ। ਉਹ ਤਾ-ਉਮਰ ਉਸ ਸਾਗਰ ਵਿੱਚ ਡੁੱਬਦੀ-ਤਰਦੀ ਗ਼ਮਾਂ ਦੇ ਭੰਵਰ 'ਚ ਘਿਰੀ ਰਹਿੰਦੀ ਹੈ।

ਜਦੋਂ ਅਸੀਂ ਸਵੇਰੇ ਸਕੂਲ ਜਾਣਾ ਤਾਂ ਬੇਬੇ ਨੇ ਗਲੀ ਜਾਂ ਵਿਹੜੇ ਵਿੱਚ ਮੰਜੀ ਡਾਹ ਕੇ ਆਰਾਮ ਨਾਲ ਬੈਠੀ ਹੋਣਾ। ਉੱਥੇ ਹੀ ਉਸ ਦਾ ਖਾਣਾ-ਪੀਣਾ ਹੁੰਦਾ। ਮੈਂ ਕਿਤਾਬਾਂ ਵਾਲਾ ਝੋਲਾ ਘਰੇ ਰੱਖ ਕੇ ਉਸ ਕੋਲ ਜਾ ਬੈਠਣਾ। ਬੀਬੀ ਨੇ ਉੱਥੇ ਹੀ ਮੈਨੂੰ ਤੇ ਨਾਲ ਬੇਬੇ ਨੂੰ ਵੀ ਚਾਹ ਜਾਂ ਕੁਝ ਹੋਰ ਖਾਣ-ਪੀਣ ਨੂੰ ਦੇ ਦੇਣਾ। ਨਾਲ ਦੇ ਪਿੰਡ ਰੁਪਾਲਹੇੜੀ ਦੇ ਸਕੂਲ ਤੋਂ ਦੋ-ਢਾਈ ਮੀਲ ਤੁਰ ਕੇ ਆਉਣਾ-ਜਾਣਾ ਆਮ ਗੱਲ ਸੀ, ਪਰ ਕਦੇ-ਕਦੇ ਇਹ ਥਕਾ ਦਿੰਦਾ। ਬੇਬੇ ਦੀ ਆਰਾਮ ਵਾਲੀ ਜ਼ਿੰਦਗੀ ਦੇਖ ਕੇ ਕਈ ਵਾਰ ਮੈਂ ਉਹਨੂੰ ਕਹਿਣਾ, "ਬੇਬੇ ਕਿੰਨਾ ਚੰਗਾ ਹੁੰਦਾ ਜੇ ਮੈਂ ਬੇਬੇ ਹੁੰਦੀ।" ਉਹਨੇ ਸੋਟੀ ਚੁੱਕ ਕੇ ਮਾਰਨ ਨੂੰ ਪੈਣਾ ਤੇ ਕਹਿਣਾ, "ਨੀਂ ਬੇਅਕਲੇ ਪੜ੍ਹਾਈ ਖੂਹ 'ਚ ਸੁੱਟ ਆਉਨੀਏਂ ਇਉਂ ਨ੍ਹੀਂ ਕਹਿੰਦੀਆਂ ਹੁੰਦੀਆਂ ਕੁੜੀਆਂ ਮੂਰਖ ਕਿਤੋਂ ਦੀ।" ਉਸ ਮੌਕੇ ਤਾਂ ਮੈਂ ਬੇਬੇ ਕੋਲੋਂ ਭੱਜ ਜਾਣਾ, ਪਰ ਦੂਜੇ-ਚੌਥੇ ਫੇਰ ਕਹਿਣਾ, "ਬੇਬੇ, ਜੇ ਮੈਂ ਬੇਬੇ ਹੁੰਦੀ।" ਬੇਬੇ ਨੂੰ ਖਿਝਾਉਣ ਦਾ ਵਧੀਆ ਤਰੀਕਾ ਹੱਥ ਲੱਗ ਗਿਆ ਸੀ। ਉਹ ਮਾਰਨ ਲਈ ਝੂਠਾ ਡਰਾਵਾ ਦਿੰਦੀ ਸੋਟੀ ਉਲਾਰਦੀ ਤੇ ਮੈਂ ਪੱਤਰੇ ਵਾਚ ਜਾਂਦੀ। ਉਨ੍ਹਾਂ ਝਿੜਕਾਂ ਵਿੱਚ ਇੱਕ ਅਨੋਖਾ ਮੋਹ ਛੁਪਿਆ ਹੁੰਦਾ।

ਬੇਬੇ ਨੇ ਹਮੇਸ਼ਾਂ ਮੈਨੂੰ ਕਹਿਣਾ, "ਪੁੱਤ, ਜੀਅ ਲਾ ਕੇ ਪੜਿਆ ਕਰ, ਚਾਰ ਅੱਖਰ ਪੜ੍ਹ ਕੇ ਬੰਦਾ ਆਪਣੇ ਢਿੱਡ ਦੀ ਗੱਲ ਤਾਂ ਕਰ ਲੈਂਦੈ ਤੇਰੀਆਂ ਭੈਣਾਂ ਸਾਲ-ਸਾਲ ਨ੍ਹੀਂ ਆਉਂਦੀਆਂ ਧੀਏ ਮਾਂ ਦਾ ਢਿੱਡ ਤਾਂ ਮੱਚਦੈ।" ਸਮਾਂ ਪਾ ਕੇ ਬੇਬੇ ਦੀਆਂ ਇਨ੍ਹਾਂ ਗੱਲਾਂ ਦਾ ਮਹੱਤਵ ਸਮਝ ਆਇਆ। ਸੱਚ ਹੀ ਚਾਰ ਅੱਖਰ ਪੜ੍ਹ ਕੇ ਬੰਦਾ ਆਪਣੇ ਢਿੱਡ ਦੀ ਗੱਲ ਕਰਨ ਯੋਗ ਹੋ ਜਾਂਦਾ ਹੈ। ਮੈਂ ਸੋਚਦੀ ਹਾਂ ਕਿ ਜੇਕਰ ਮੈਂ ਚਾਰ ਅੱਖਰ ਨਾ ਪੜ੍ਹੇ ਹੁੰਦੇ ਤਾਂ ਸ਼ਾਇਦ ਵਿੱਛੜੇ ਪੁੱਤਰ ਦੇ ਗ਼ਮ 'ਚ ਮੈਂ ਮਰ-ਮੁੱਕ ਗਈ ਹੁੰਦੀ ਜਾਂ ਪਾਗ਼ਲ ਜ਼ਰੂਰ ਹੋ ਗਈ ਹੁੰਦੀ। ਇਸ ਅਤਿ ਦੀ ਮੁਸ਼ਕਲ ਘੜੀ ਵਿੱਚ ਕਲਮ ਮੈਨੂੰ ਰੱਬ ਬਣ ਕੇ ਬਹੁੜੀ। ਮੇਰੇ ਦੁੱਖ-ਦਰਦ ਕਲਮ ਰਾਹੀਂ ਅੱਖਰਾਂ ਵਿੱਚ ਢਲ ਗਏ।

ਜਦੋਂ ਵੀ ਮੈਨੂੰ ਬੇਬੇ ਜਾਂ ਬਾਕੀ ਤਾਈਆਂ-ਚਾਚੀਆਂ ਤੇ ਹੋਰ ਰਿਸ਼ਤਿਆਂ ਵਿਚਲੇ ਮੋਹ-ਪਿਆਰ ਯਾਦ ਆਉਂਦੇ ਹਨ ਤਾਂ ਅੱਜਕੱਲ੍ਹ ਦੇ ਟੁੱਟੇ-ਤਿੜਕੇ ਰਿਸ਼ਤਿਆਂ ਦਾ ਖ਼ਿਆਲ ਮਨ ਨੂੰ ਬਹੁਤ ਪੀੜਾ ਤੇ ਦਿਮਾਗ਼ ਨੂੰ ਚਿੰਤਾ 'ਚ ਡੁਬੋ ਦਿੰਦਾ ਹੈ। ਅਜੋਕੇ ਸਮੇਂ ਸਾਡੇ ਗੂੜ੍ਹੇ ਰਿਸ਼ਤੇ ਵੀ ਫਿੱਕੇ ਪੈ ਗਏ ਹਨ। ਰਿਸ਼ਤੇਦਾਰੀਆਂ ਰੰਗ-ਬਿਰੰਗੀਆਂ ਤੰਦਾਂ ਵਰਗੀਆਂ ਹੁੰਦੀਆਂ ਹਨ। ਇਹ ਸੋਹਣੀਆਂ ਤੰਦਾਂ ਜੇ ਆਪਸ ਵਿੱਚ ਜੁੜੀਆਂ ਰਹਿਣ ਤਾਂ ਜੀਵਨ ਨੂੰ ਖੇੜਾ ਬਖ਼ਸ਼ਦੀਆਂ ਹਨ। ਮੈਨੂੰ ਇਹ ਰਿਸ਼ਤੇ-ਨਾਤੇ ਮੌਲੀ ਦੀਆਂ ਤੰਦਾਂ ਵਾਂਗ ਜਾਪਦੇ ਹਨ। ਜੇ ਇਹ 'ਕੱਲੇ- ਇਕਹਿਰੇ ਹੋਣ ਤਾਂ ਧਾਗੇ ਹੀ ਰਹਿ ਜਾਂਦੇ ਹਨ, ਪਰ ਜੇ ਇਨ੍ਹਾਂ ਨੂੰ ਇਕੱਠੇ ਕਰਕੇ ਡੋਰ ਵਾਂਗ ਜੋੜ-ਵੱਟ ਕੇ ਰੱਖਿਆ ਜਾਵੇ ਤਾਂ ਇਨ੍ਹਾਂ ਧਾਗਿਆਂ ਦੀ ਖ਼ੂਬਸੂਰਤ, ਬਹੁਰੰਗੀ ਤੇ ਮਜ਼ਬੂਤ ਮੌਲੀ ਜਾਂ ਖੰਮ੍ਹਣੀ ਬਣ ਜਾਂਦੀ ਹੈ। ਇਹੋ ਮੌਲੀ ਮੋਹ-ਮੁਹੱਬਤਾਂ, ਸ਼ਗਨਾਂ ਤੇ ਖੁਸ਼ੀਆਂ ਦੀ ਪ੍ਰਤੀਕ ਹੁੰਦੀ ਹੈ। ਮੌਲੀ ਵਰਗੇ ਰਿਸ਼ਤੇ ਦਿਲ ਰੂਪੀ ਕਲਾਈ ਨਾਲ ਬੰਨ੍ਹ ਕੇ ਰੂਹ ਨੂੰ ਬਹੁਤ ਖ਼ੁਸ਼ੀ, ਚੈਨ ਤੇ ਰੱਜ ਮਿਲਦਾ ਹੈ। ਮੇਰੀ ਬੇਬੇ ਵੀ ਰਿਸ਼ਤਿਆਂ ਦੀ ਮੌਲੀ ਦੀ ਸੂਹੀ ? ਤੰਦ ਸੀ ਜੋ ਜਿਉਂਦੇ ਜੀਅ ਉਸੇ ਰੰਗ ਵਿੱਚ ਰੰਗੀ ਰਹੀ।


## Change of Name

I, Sodi Singh slo Kabul Singh, VOP Lohian Khas Distt. Jalandhar, Punjab, India, presently residing at 4231 N Cresta Ave Fresno California 93723, has changed my name from Sodi Singh to Sodhi Singh Kaur, all concerned please note.





# ਪੰਜਾਬ 'ਚ ਪ੍ਰਵਾਸੀਆਂ ਦੀ ਕਾਮਯਾਬੀ ਦੇ ਰਾਜ਼ ਬਾਰੇ ਪੰਜਾਬੀ ਆਤਮ-ਚਿੰਤਨ ਕਰਨ

ਡਾਕਟਰ ਧਰਮ ਸਿੰਘ

ਆਬਾਦੀ ਦਾ ਇਹ ਤਬਾਦਲਾ ਨਵੀਂ ਗੱਲ ਨਹੀਂ, ਪਰ ਪਹਿਲਾਂ ਇਹ ਰਫ਼ਤਾਰ ਨਿਗੂਣੀ ਸੀ। ਹਰੀ ਕ੍ਰਾਂਤੀ ਦੇ ਫਲਸਰੂਪ ਪੈਦਾ ਹੋਏ ਰੁਜ਼ਗਾਰ ਦੇ ਮੌਕਿਆਂ ਦੀ ਤਲਾਸ਼ ਵਿਚ ਪ੍ਰਵਾਸੀ ਖੇਤੀਬਾੜੀ ਦਾ ਕੰਮ ਕਰਨ ਲਈ ਪੰਜਾਬ ਆਉਂਦੇ, ਕੰਮ ਕਰਦੇ ਅਤੇ ਕਮਾਈ ਕਰਕੇ ਪਰਤ ਜਾਂਦੇ ਪਰ ਅੱਜ ਇਹ ਵਰਤਾਰਾ ਬਦਲ ਚੁੱਕਾ ਹੈ। ਇਹ ਪੱਕੇ ਤੌਰ 'ਤੇ ਇਥੇ ਵਸ ਗਏ ਹਨ ਅਤੇ ਇਨ੍ਹਾਂ ਨੇ ਜ਼ਮੀਨਾਂ-ਜਾਇਦਾਦਾਂ ਵੀ ਖ਼ਰੀਦ ਲਈਆਂ ਹਨ। ਕਈ ਸ਼ਹਿਰਾਂ ਵਿਚ ਇਹ ਕੌਂਸਲਰ ਅਤੇ ਪਿੰਡਾਂ ਦੀਆਂ ਪੰਚਾਇਤਾਂ ਵਿਚ ਪੰਚ/ਸਰਪੰਚ ਵੀ ਬਣ ਗਏ ਹਨ। ਪੁਰਾਣੇ ਪ੍ਰਵਾਸੀਆਂ ਦਾ ਕਾਫ਼ੀ ਹੱਦ ਤੱਕ ਪੰਜਾਬੀਕਰਨ ਹੋ ਚੁੱਕਾ ਹੈ। ਉਨ੍ਹਾਂ ਦੇ ਬੱਚੇ ਸਰਕਾਰੀ ਸਕੂਲਾਂ ਵਿਚ ਪੜ੍ਹ ਰਹੇ ਹਨ ਅਤੇ ਉਹ ਪੰਜਾਬੀ ਬੋਲਦੇ ਹਨ। ਚਿੰਤਨ-ਮੰਥਨ ਕਰਨ ਵਾਲੀ ਗੱਲ ਹੈ ਕਿ ਇਨ੍ਹਾਂ ਦੀ ਕਾਮਯਾਬੀ ਦਾ ਰਹੱਸ ਕੀ ਹੈ? ਇਸ ਰਹੱਸ ਦੇ ਕਈ ਪਾਸਾਰ ਹਨ, ਇਨ੍ਹਾਂ ਵਿਚੋਂ ਅੱਜ ਕੁਝ ਇਕ ਦੀ ਗੱਲ ਅਸੀਂ ਇਥੇ ਕਰਨੀ ਚਾਹਾਂਗੇ।

ਸਭ ਤੋਂ ਪਹਿਲਾ ਪ੍ਰਸ਼ਨ ਇਹ ਹੈ ਕਿ ਇਸ ਛੋਟੇ ਜਿਹੇ ਸੂਬੇ ਵਿਚ ਏਡੀ ਵੱਡੀ ਗਿਣਤੀ ਵਿਚ ਇਹ ਕਿਵੇਂ ਆ ਗਏ? ਇਹ ਇਸ ਕਰਕੇ ਹੋਇਆ ਕਿ ਪੰਜਾਬੀਆਂ ਨੇ ਜਿਨ੍ਹਾਂ ਕੰਮਾਂ ਤੋਂ ਪਾਸਾ ਵੱਟ ਲਿਆ ਸੀ, ਉਨ੍ਹਾਂ ਨੇ ਉਨ੍ਹਾਂ ਕੰਮਾਂ ਨੂੰ ਹੱਸ ਕੇ ਅਪਣਾ ਲਿਆ ਅਤੇ ਨਵੇਂ ਖੇਤਰਾਂ ਦੀ ਤਲਾਸ਼ ਸ਼ੁਰੂ ਕਰ ਦਿੱਤੀ। ਪੰਜਾਬੀਆਂ ਦੇ ਕੰਮ ਕਰਨ ਤੋਂ ਮੂੰਹ ਮੋੜਨ ਕਰਕੇ ਕਿਰਤ ਖੇਤਰ ਵਿਚ ਖਲਾਅ ਪੈਦਾ ਹੁੰਦਾ ਗਿਆ ਅਤੇ ਇਸ ਖਲਾਅ ਦੀ ਪੂਰਤੀ ਹਿਤ ਇਹ ਪ੍ਰਵਾਸੀ ਆਏ ਅਤੇ ਆਬਾਦ ਹੋਣੇ ਸ਼ੁਰੂ ਹੋ ਗਏ।

ਖੇਤੀ ਦੇ ਮਸ਼ੀਨੀਕਰਨ ਕਰਕੇ ਪਿੰਡਾਂ ਵਿਚ ਮਜ਼ਦੂਰੀ ਮਿਲਣੀ ਤਕਰੀਬਨ ਖ਼ਤਮ ਹੋ ਗਈ ਅਤੇ ਜਿਹੜੇ ਮੌਕੇ ਬਚੇ, ਉਹ ਪ੍ਰਵਾਸੀਆਂ ਨੇ ਸਾਂਭ ਲਏ। ਸਸਤੀ ਮਜ਼ਦੂਰੀ ਨੇ ਵੀ ਇਨ੍ਹਾਂ ਦੇ ਪੈਰ ਪੱਕੇ ਕਰਨ ਵਿਚ ਮਦਦ ਕੀਤੀ। ਕਿਉਂਕਿ ਇਹ ਘੱਟ ਉਜਰਤ 'ਤੇ ਵੀ ਕੰਮ ਕਰਨ ਲਈ ਤਿਆਰ ਹੋ ਜਾਂਦੇ ਸਨ। ਪੰਜਾਬ ਦੇ ਅਣਸੁਖਾਵੇਂ ਹਾਲਾਤ ਅਤੇ ਬਿਹਤਰ ਜ਼ਿੰਦਗੀ ਜਿਊਣ ਦੀ ਲਾਲਸਾ ਕਾਰਨ ਸ਼ਹਿਰੀਕਰਨ ਅਤੇ ਨਵੀਆਂ ਕਾਲੋਨੀਆਂ ਕਾਇਮ ਕਰਨ ਦੇ ਰੁਝਾਨ ਕਾਰਨ ਮਕਾਨ ਉਸਾਰੀ ਦੇ ਖੇਤਰ ਵਿਚ ਹੁਨਰਮੰਦ ਕਾਰੀਗਰ ਧਾਅ ਕੇ ਪੈ ਗਏ। ਮਕਾਨ ਉਸਾਰੀ ਨਾਲ ਜੁੜੇ ਦੂਜੇ ਕੰਮ ਰਾਜਗਿਰੀ, ਰੰਗ ਰੋਗਨ ਅਤੇ ਪਾਲਿਸ਼, ਪਲੰਬਰ, ਟਾਈਲਾਂ/ਪੱਥਰਾਂ ਦੀ ਲੁਆਈ ਅਤੇ ਰਗੜਾਈ ਆਦਿ ਵਿਚ ਬਹੁਤੇ ਪ੍ਰਵਾਸੀ ਹੀ ਕੰਮ ਕਰ ਰਹੇ ਹਨ। ਇਸ ਤੋਂ ਇਲਾਵਾ ਵਪਾਰ, ਛੋਟੀ ਦੁਕਾਨਦਾਰੀ ਅਤੇ ਇਸ ਤਰ੍ਹਾਂ ਦੇ ਹੋਰ ਅਨੇਕ ਕੰਮਾਂ ਵਿਚ ਇਹ ਸਹਿਜੇ-ਸਹਿਜੇ ਪੈਰ ਜਮਾਉਂਦੇ ਗਏ। ਪੰਜਾਬੀ ਮਜ਼ਦੂਰ ਦੀ ਸੋਚ ਅਤੇ ਸਰਕਾਰੀ ਪੱਧਰ ਉੱਪਰ ਉਸ ਨੂੰ ਮਿਲਣ ਵਾਲੀਆਂ ਸਹੂਲਤਾਂ ਨੇ ਵੀ ਉਸ ਨੂੰ ਨੁਕਸਾਨ ਪਹੁੰਚਾਇਆ ਅਤੇ ਦਿਲਚਸਪ ਗੱਲ ਇਹ ਹੈ ਕਿ ਇਸ ਦੀ ਸੋਚ ਅੱਜ ਵੀ ਬਹੁਤੀ ਨਹੀਂ ਬਦਲੀ।

ਲੇਬਰ ਚੌਕ ਵਿਚ ਪੰਜਾਬੀ ਮਜ਼ਦੂਰਾਂ ਦੀਆਂ ਭੀੜਾਂ ਬੇਸ਼ੱਕ ਮਿਲਦੀਆਂ ਹਨ ਪਰ ਉਨ੍ਹਾਂ ਵਿਚੋਂ ਕਿੰਨੇ ਕੁ ਕੰਮ ਕਰਨ ਲਈ ਰਜ਼ਾਮੰਦ ਹੁੰਦੇ ਹਨ? ਇਹ ਆਪਣੇ-ਆਪ ਵਿਚ ਇਕ ਪ੍ਰਸ਼ਨ ਹੈ। ਲੇਬਰ ਚੌਕ ਵਾਲੇ ਕਿਸੇ ਪੰਜਾਬੀ ਮਜ਼ਦੂਰ ਨੂੰ ਕੰਮ ਉੱਪਰ ਲਾਉਣ ਲਈ ਪੁੱਛੋ ਤਾਂ ਉਹ ਪਹਿਲਾ ਸਵਾਲ ਇਹ ਕਰੇਗਾ ਕਿ ਕੰਮ ਕੀ ਹੈ? ਫੇਰ ਦੱਸਿਆ ਹੋਇਆ ਕੰਮ ਉਸ ਨੂੰ ਪਸੰਦ ਆ ਵੀ ਗਿਆ ਤਾਂ ਫਿਰ ਉਜਰਤ ਨੂੰ ਲੈ ਕੇ ਬਹਿਸ ਚੱਲ ਪਵੇਗੀ। ਪ੍ਰਵਾਸੀ ਮਜ਼ਦੂਰ ਇਹ ਸਵਾਲ ਘੱਟ ਹੀ ਕਰੇਗਾ ਅਤੇ ਉਜਰਤ ਬਾਰੇ ਵੀ ਬਹੁਤੀ ਬਹਿਸ ਵਿਚ ਨਹੀਂ ਪਵੇਗਾ।

ਅਦਨੇ ਸਮਝੇ ਜਾਣ ਵਾਲੇ ਜਿਹੜੇ ਕੰਮਾਂ ਤੋਂ ਪੰਜਾਬੀ ਨੱਕ-ਮੂੰਹ ਵੱਟਦੇ ਸਨ, ਅੱਜ ਉਹ ਸਾਰੇ ਕੰਮ ਪ੍ਰਵਾਸੀਆਂ ਨੇ ਸਾਂਭ ਲਏ ਹਨ, ਹਾਲਾਂਕਿ ਇਹ ਕੰਮ ਪੰਜਾਬੀਆਂ ਦੇ ਵੱਡੇ-ਵਡੇਰੇ ਸ਼ੌਕ ਨਾਲ ਕਰਦੇ ਰਹੇ ਸਨ। ਫਲ, ਸਬਜ਼ੀਆਂ ਦੀ ਵਿਕਰੀ ਤਾਂ ਹੁਣ ਸਾਰੀ ਦੀ ਸਾਰੀ ਇਨ੍ਹਾਂ ਦੇ ਕਬਜ਼ੇ ਵਿਚ ਆ ਗਈ ਹੈ। ਰੇਹੜੀਆਂ, ਫੜ੍ਹੀਆਂ ਉੱਪਰ ਆਪਣੀਆਂ ਪਤਨੀਆਂ ਅਤੇ ਧੀਆਂ-ਪੁੱਤਰਾਂ ਨੂੰ ਬਿਠਾ ਕੇ ਇਹ ਆਪ ਕਿਸੇ ਹੋਰ ਕੰਮ ਉੱਪਰ ਜਾ ਲੱਗਦੇ ਹਨ।

ਸ਼ਾਮ ਨੂੰ ਹਰ ਸ਼ਹਿਰ ਵਿਚ ਬਰਗਰ, ਨੂਡਲ, ਚਾਟ-ਪਾਪੜੀਆਂ, ਸ਼ਕਰਗੰਦੀ, ਗੋਲ-ਗੱਪਿਆਂ, ਆਲੂਆਂ ਦੀਆਂ ਟਿੱਕੀਆਂ ਸੰਬੰਧੀ ਲਗਦੀਆਂ ਰੇਹੜੀਆਂ ਉਪਰ ਪ੍ਰਵਾਸੀ ਹੀ ਲੱਭਣਗੇ। ਫੇਰੀਆਂ ਵਾਲੇ ਵੀ ਹੁਣ ਬਹੁਤੇ ਪ੍ਰਵਾਸੀ ਹਨ। ਪੈਂਟਾਂ-ਜੈਕਟਾਂ ਦੀਆਂ ਜਿੱਪਾਂ ਲਗਾਉਣ ਵਾਲੇ, ਝਾੜੂ, ਪੋਚਿਆਂ, ਪਲਾਸਟਿਕ ਦੀਆਂ ਘਰੇਲੂ ਵਰਤੋਂ ਦੀਆਂ ਚੀਜ਼ਾਂ, ਫਰਸ਼ ਜਾਂ ਟਾਈਲਾਂ ਸਾਫ਼ ਕਰਨ ਵਾਲੇ ਸਾਬਣ ਸ਼ੈਂਪੂ-ਵੇਚਣ ਵਾਲੇ, ਰੱਦੀ ਇਕੱਠੀ ਕਰਨ ਵਾਲੇ ਕਬਾੜੀਏ ਸਭ ਦੇ ਸਭ ਪ੍ਰਵਾਸੀ ਹਨ। ਸ਼ਹਿਰਾਂ ਵਿਚ ਦੁਕਾਨਾਂ ਦੇ ਮਾਲਕ ਭਾਵੇਂ ਪੰਜਾਬੀ ਹੋਣ ਪਰ ਸੇਲਜ਼ਮੈਨ ਜਾਂ ਸਹਾਇਕ ਇਹੋ ਪ੍ਰਵਾਸੀ ਹੀ ਹਨ।



ਰੰਗ ਰੋਗਨ ਦੀ ਦੁਕਾਨ ਵਿਚ ਕੰਪਿਊਟਰ ਦੀ ਮਦਦ ਨਾਲ ਰੰਗ ਮੈਚ ਕਰਨ ਵਾਲਾ ਡਾਈਮਾਸਟਰ ਪ੍ਰਵਾਸੀ ਹੀ ਹੋਵੇਗਾ। ਪਿਛਲੇ ਦਿਨੀਂ ਮੇਰੀ ਘਰੇਲੂ ਪਾਣੀ ਵਾਲੀ ਮੋਟਰ ਬੋਰ ਵਿਚ ਫਸ ਗਈ। ਜਿਹੜਾ ਕੱਢਣ ਆਇਆ, ਉਹ ਪ੍ਰਵਾਸੀ ਸੀ ਅਤੇ ਨਾਲ ਦੋ ਤਿੰਨ ਸਹਾਇਕ ਪੰਜਾਬੀ ਮੁੰਡੇ ਸਨ। ਫਰਨੀਚਰ ਦੀ ਦੁਕਾਨ ਜੇ ਪੰਜਾਬੀ ਦੀ ਹੈ ਤਾਂ ਪਾਲਿਸ਼ ਅਤੇ ਰੰਗ ਕਰਨ ਵਾਲਾ ਪ੍ਰਵਾਸੀ ਹੈ। ਇਸੇ ਤਰ੍ਹਾਂ ਸੈਨੇਟਰੀ ਵਸਤਾਂ ਦਾ ਮਾਲਕ ਜੇਕਰ ਪੰਜਾਬੀ ਹੈ ਤਾਂ ਵੱਖ-ਵੱਖ ਆਕਾਰਾਂ ਦੇ ਕਿਲ ਕਾਂਟੇ ਅਤੇ ਚੀਨੀ ਦੀਆਂ ਬਣੀਆਂ ਵਸਤਾਂ ਪ੍ਰਵਾਸੀ ਹੀ ਕੱਢ ਕੇ ਦੇਵੇਗਾ। ਥੋੜ੍ਹਾ ਚਿਰ ਹੋਇਆ ਕਿਸੇ ਕੰਮ ਜਲੰਧਰ ਗਿਆ। ਲਾਡੋਵਾਲੀ ਰੋਡ ਪਹੁੰਚਿਆ। ਯਾਦ ਆਇਆ ਕਿ ਕਾਰ ਦਾ ਪੁਰਾਣਾ ਟਾਇਰ ਲੈਣਾ ਹੈ, ਜਿਸ ਦੁਕਾਨਦਾਰ ਨਾਲ ਸਭ ਤੋਂ ਪਹਿਲਾਂ ਵਾਹ ਪਿਆ ਉਹ ਪ੍ਰਵਾਸੀ ਸੀ। ਲੋੜੀਂਦੇ ਨੰਬਰ ਦਾ ਟਾਇਰ ਉਸ ਕੋਲੋਂ ਨਾ ਮਿਲਿਆ ਪਰ ਜਿਸ ਦੁਕਾਨਦਾਰ ਦਾ ਉਸ ਨੇ ਪਤਾ ਦੱਸਿਆ ਉਸ ਦਾ ਨਾਂਅ ਬੱਚਾ ਯਾਦਵ ਸੀ। ਮੇਰੇ ਸ਼ਹਿਰ ਵਿਚ ਈ-ਰਿਕਸ਼ਿਆਂ ਦੀ ਘੜਮੱਸ ਹੈ ਅਤੇ ਇਹ ਜੇ ਸੌ ਪ੍ਰਤੀਸ਼ਤ ਨਹੀਂ ਤਾਂ ਨੱਬੇ ਪ੍ਰਤੀਸ਼ਤ ਪ੍ਰਵਾਸੀਆਂ ਦੇ ਹਨ।

ਮੱਛੀ ਮੰਡੀ ਵਿਚ ਵੀ ਇਨ੍ਹਾਂ ਦਾ ਹੀ ਬੋਲਬਾਲਾ ਹੈ। ਸਾਧਾਰਨ ਕਿਸਮ ਦੇ ਗਲੀਚੇ ਮੈਟ ਜਾਂ ਪਾਇਦਾਨ ਖ਼ਰੀਦਣ ਲਈ ਸ਼ੋਅ ਰੂਮਾਂ ਵਿਚ ਜਾਣ ਦੀ ਲੋੜ ਨਹੀਂ। ਪਲਾਸਟਿਕ ਦੀਆਂ ਕੁਰਸੀਆਂ-ਮੇਜ਼ ਵੀ ਘਰ ਬੈਠਿਆਂ ਮਿਲ ਜਾਣਗੇ। ਗਰਮੀਆਂ ਵਿਚ ਕੁਲਫੀਆਂ ਅਤੇ ਆਈਸਕ੍ਰੀਮ ਵੇਚਣ ਵਾਲੇ, ਸਰਦੀਆਂ ਵਿਚ ਡਰਾਈ ਫਰੂਟ ਵੇਚਦੇ ਹਨ। ਇਹ ਤਾਂ ਉਹ ਮੋਟੇ-ਮੋਟੇ ਧੰਦੇ ਹਨ, ਜਿਨ੍ਹਾਂ ਦਾ ਪੰਜਾਬੀਆਂ ਨੇ ਤ੍ਰਿਸਕਾਰ ਕਰਕੇ ਆਪਣੀ ਕਿਰਤ ਯੋਗਤਾ ਵਿਚੋਂ ਖਾਰਜ ਕਰ ਛੱਡਿਆ ਹੈ। ਹੋਰ ਵੀ ਕਈ ਤਰ੍ਹਾਂ ਦੇ ਧੰਦੇ ਹਨ, ਜੋ ਪੰਜਾਬੀ ਛੱਡ ਚੁੱਕੇ ਹਨ ਤੇ ਉਹ ਧੰਦੇ ਪ੍ਰਵਾਸੀਆਂ ਦੇ ਕੋਲ ਜਾ ਚੁੱਕੇ ਹਨ।

ਇਹ ਕੁਝ ਹਕੀਕਤਾਂ ਹਨ, ਜਿਨ੍ਹਾਂ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਅਤੇ ਇਹ ਪ੍ਰਵਾਸੀਆਂ ਦੀ ਕਾਮਯਾਬੀ ਦੇ ਰਾਜ਼ ਹਨ। ਪੰਜਾਬੀਆਂ ਨੂੰ ਇਨ੍ਹਾਂ ਸਥਿਤੀਆਂ ਦੀ ਸੰਭਾਲ ਕਰਨ ਲਈ ਆਤਮ-ਚਿੰਤਨ ਕਰਨਾ ਪਵੇਗਾ। ਕੰਮ ਤਾਂ ਰੁਕਦੇ ਨਹੀਂ, ਪੰਜਾਬੀ ਕਰਨਗੇ ਜਾਂ ਪ੍ਰਵਾਸੀ ਕਰਨਗੇ। ਕੰਮ ਦੀ ਘਾਟ ਨਹੀਂ ਪਰ ਨਿਘਰ ਰਹੀਆਂ ਕਦਰਾਂ-ਕੀਮਤਾਂ ਅਤੇ ਸੋਚਾਂ ਵਿਚ ਵਿਗਾੜ ਨੇ ਪੰਜਾਬੀਆਂ ਨੂੰ ਤਬਾਹੀ ਕੰਢੇ ਲਿਆ ਖੜ੍ਹਾ ਕੀਤਾ ਹੈ।


## Metrimonial

Suitable match for Parminder Singh Josan Sikh boy, trucking business in Kansas USA, age 29 years, Height 5'-7". Contact 913-256-9498



CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration (Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.



Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
e-file
Open 7 Days
Weekends/Evenings
(Year Round Service)
Resonable Rates
Call for Appointment

Uscipp Insurance Services
1050 N Carpenter RD STE C, Modesto, CA 95351



TRUCK INSURANCE
TRUCK TAX IFTA



Amarjit S Bir
amarjit@uscipp.org
Lic#0I15593CA
Ph: (925)318-1247

## ਮਾਏ ਨੀ ਮਾਏ

ਮਾਏ ਨੀ ਮਾਏ ਤੇਰੇ ਬਰੀਆ ਦੇ ਸੂਟ ਸਾਥੋਂ ਗਏ ਨਾ ਹਢਾਏ,
ਸਾਡੀ ਰੁਲ ਗਈ ਜਵਾਨੀ ਤੁਰ ਗਿਆ ਉਮਰਾਂ ਦਾ ਹਾਣੀ,
ਗਈ ਨਾਲ ਲਾਸ਼ ਵਿਆਹੀ ਤੇਰੀ ਧੀ ਲਾਡੋ ਰਾਣੀ,
ਖੇਡ ਨਸ਼ਿਆਂ ਨੇ ਖੇਡੀ ਮਰੇ ਚਾਅ ਤਿਰਹਾਏ,
ਮਾਏ ਨੀ ਮਾਏ.......

ਮਾਏ ਨੀ ਮਾਏ ਮੇਰੇ ਬਾਬਲੇ ਦਾ ਪੀੜ੍ਹਾ,
ਨੀ ਮੈਂ ਕਿਥੇ ਜਾ ਕੇ ਡਾਹਵਾਂ ਵਿਹੜਾ ਤੇਰੇ ਕੁੜਮਾਂ ਦਾ ਭੀੜਾ,
ਵਿਹੜੇ ਸੱਥਰ ਮਕਾਣਾਂ ਨੀ ਇਹ ਨਸ਼ਾ ਬੰਦੇ ਖਾਣਾਂ,
ਸਭ ਲਾਸ਼ਾਂ ਦੇ ਵਪਾਰੀ, ਕੀ ਕਚਹਿਰੀ ਅਤੇ ਥਾਣਾ,
ਨੀ ਮੈਂ ਦੱਸ ਕਿੱਥੇ ਫੂਕਾਂ ਸੂਹਾ ਕੱਪੜਾ ਤੇ ਲੀੜਾ,
ਮਾਏ ਨੀ ਮਾਏ. ....

ਮਾਏ ਨੀ ਮਾਏ ਸੋਨੇ ਚਾਂਦੀਆ ਦੇ ਗਹਿਣੇ,
ਸਿਰੋਂ ਨੰਗੀਆਂ ਦੇ ਦੱਸ ਇਹ ਕਿੱਦਾਂ ਪੈਣੇ,
ਸਿਰੋਂ ਨੰਗੀਆਂ ਨੇ ਹੋਈਆਂ ਧੀਆਂ ਪੰਜਾਬ ਦੀਆਂ ਰੋਈਆਂ ,
ਲੱਗਾ ਕੁੱਖਾਂ ਨੂੰ ਵੀ ਦਾਗ਼ ਮਾਵਾਂ ਜਿਉਂਦੀਆਂ ਨੇ ਮੋਈਆਂ,
ਦੁੱਖ ਉਮਰਾਂ ਦੇ ਲੱਗੇ ਮਾਏਂ ਔਖੇ ਬੜੇ ਸਹਿਣੇ,
ਮਾਏ ਨੀ ਮਾਏ ...

ਮਾਏ ਨੀ ਮਾਏ ਇਹ ਰੁੱਤ ਜੋ ਕੁਲਹਿਣੀ,
ਕਿੰਨੇ ਫੂਕਣੇ ਨੇ ਸਿਵੇ ਜਾਨ ਕਿੰਨੇਆ ਦੀ ਲੈਣੀ,
ਉੱਡੇ ਸਿਵਿਆਂ ਚੋਂ ਰਾਖ ਹੋਈ ਜ਼ਿੰਦਗੀ ਵੀ ਖ਼ਾਕ,
ਵੇ ਕੁੱਝ ਲਿੱਖ ਬੇਈਮਾਨਾਂ ਸਾਨੂੰ ਭੰਡਦਾ ਜ਼ਮਾਨਾ,
ਨਹੀਂ ਤਾਂ ਇਹ ਖ਼ਾਕ ਇੰਝ ਉੱਡਦੀ ਹੀ ਰਹਿਣੀ
ਮਾਏ ਨੀ ਮਾਏ ਇਹ ਰੁੱਤ ਜੋ ਕੁਲਹਿਣੀ.....



ਜਸਵੀਰ ਮਾਨ ਲੁਧਿਆਣਾ

## ਉ.ਫ ! ਇਹ ਇੰਤਜ਼ਾਰ !!

ਉਸ ਦਾ ਇੰਤਜ਼ਾਰ ਕਰਨਾ ਬੜਾ ਔਖਾ
ਭਲਾਂ ਕੋਈ ਕਿੰਨੀ ਦੇਰ,
ਇੰਤਜ਼ਾਰ ਦਾ ਲੁਤਫ਼ ਲੈ ਸਕਦੈ!!
ਮੈਂ ਸਮੇਂ ਨੂੰ ਪਲ-ਪਲ ਗੁਜ਼ਰਦਿਆਂ
ਨਹੀਂ ਤੱਕ ਸਕਦੀ ਰੋਜ਼ ਨੀਝ ਲਾ ਕੇ,
ਘੜੀ ਦੀ ਸੂਈ ਪਲ-ਪਲ ਹੋਰ ਤਿੱਖੀ ਹੋ-ਹੋ
ਮੇਰੇ ਦਿਲ ਅੰਦਰ ਧਸਦੀ ਰਹਿੰਦੀ ਏ...
ਮੈਂ ਘੜੀ ਸੂਈ ਦੀ ਨੋਕ ਨਾਲ਼
ਹਰ ਪਲ ਨਹੀਂ ਕੱਢ ਸਕਦੀ ਕਸੀਦੇ,
ਮੈਂ ਘੜੀ ਸੂਈ ਨੂੰ ਭਜਾ-ਭਜਾ
ਹਫ਼ਾ ਵੀ ਨਈਂ ਸਕਦੀ,
ਇਸ ਘੜੀ ਸੂਈ ਦੀ ਸੂਲੀ 'ਤੇ
ਚੰਦ ਤੇ ਸੂਰਜ ਨੂੰ ਟੰਗਿਆ
ਵੇਖਣਾ ਵੀ ਨਈਂ ਹੁੰਦਾ ਮੈਥੋਂ ਸਹਿਣ,
ਮੈਂ ਸਾਰੀਆਂ ਘੜੀਆਂ ਲਕੋ ਦਿੰਨੀਆਂ
ਆਪਣੀਆਂ ਅੱਖਾਂ ਦੇ ਪਰਛਾਵਿਆਂ ਤੋਂ ਕੋਹਾਂ ਦੂਰ,
ਘੜੀਆਂ ਦੀ ਟਿਕ-ਟਿਕ, ਠਕ-ਠਕ
ਫੇਰ ਵੀ ਵਜਦੀ ਰਹਿੰਦੀ ਏ
ਮੇਰੇ ਕੰਨਾਂ ਦੇ ਜ਼ਿਹਨ 'ਚ,
ਮੈਂ ਕਾਲ਼ੀ ਕੌਫ਼ੀ ਦੇ ਹਰ ਕੌੜੇ ਘੁੱਟ ਨਾਲ਼
ਘੜੀ ਸੂਈ ਦੇ ਕੱਲੇ-ਕੱਲੇ ਪਲ ਨੂੰ
ਡੁਬਾ ਦੇਣਾ ਚਾਹੁੰਨੀ ਆਂ,
ਮੈਂ ਇੰਤਜ਼ਾਰ ਦੇ ਪਲ-ਪਲ ਨੂੰ
ਤਵੇ 'ਤੇ ਸੇਕ ਮੁੜ ਨਿੱਘਾ ਕਰ ਲੈਣਾ ਲੋਚਦੀ ਆਂ,
ਮੈਂ ਇੰਤਜ਼ਾਰੀ ਪਲ ਦੇ ਸ਼ਾਵਰ ਹੇਠ
ਘੰਟਿਆਂਬੱਧੀ ਨਹਾ ਕੇ ਵੀ ਅਣਨਹਾਤੀ ਜਿਹੀ ਲਗਦੀ ਆਂ,
ਉਸ ਦੀ ਯਾਦਾਂ ਨੂੰ ਸਮੇਟ-ਸਮੇਟ,
ਤੈਹਾਂ ਮਾਰ-ਮਾਰ ਮਨ ਦੀ ਅਲਮਾਰੀ ਵਿੱਚ ਸਾਂਭਦੀ ਆਂ
ਝਾੜੂ-ਪੋਚੇ ਵਿੱਚ ਕੁਝ ਪਲਾਂ ਨੂੰ ਅਟਕਾ ਦਿੰਨੀ ਆਂ
ਕੁਝ ਪਲਾਂ ਨੂੰ ਪੌੜੀਆਂ ਉਤਰਨ-ਚੜ੍ਹਨ ਲਾ ਦਿੰਨੀ ਆਂ
ਕੁਝ ਪਲਾਂ ਨੂੰ ਆਪਣੇ ਨਾਲ਼ ਸੁਆ ਲੈਨੀ ਆਂ
ਕੁਝ ਪਲਾਂ ਨੂੰ ਲੋਰੀਆਂ ਸੁਣਾ ਦਿੰਨੀ ਆਂ
ਪਰ ਹਾਇ ਇੰਤਜ਼ਾਰ...
ਮੈਥੋਂ ਸਮੇਟਿਆ ਨਹੀਂ ਜਾਂਦਾ...
ਬੂਹੇ 'ਤੇ ਹੋਈ ਦਸਤਕ ਹੀ ਢੂੰਡਦੀ ਹੈ
ਮੇਰੇ ਘਰ ਦੇ ਕੋਨੇ-ਕੋਨੇ ਵਿੱਚ
ਬਿਖਰੇ ਪਏ ਪਲਾਂ ਨੂੰ, ਮੈਨੂੰ ਤੇ
ਇੰਤਜ਼ਾਰ ਦੇ ਅਗਲੇ ਆਉਣ ਵਾਲ਼ੇ ਪਲਾਂ ਨੂੰ।



-ਡਾ. ਸਵਾਮੀ ਸਰਬਜੀਤ

## ਨਿੱਤ ਲੱਗਦੇ ਧਰਨੇ

ਬੱਸਾਂ ਰੁੱਕੀਆਂ ਆਵਾਜਾਈ ਬੰਦ ਹੋਈ,
ਫਿਰਦੇ ਯਾਤਰੀ ਚੁੱਕੀ ਸਮਾਨ ਮੀਆਂ।
ਨਿੱਤ ਨਿੱਤ ਦੇ ਲੱਗਦੇ ਧਰਨਿਆਂ ਤੋਂ,
ਹਰ ਕੋਈ ਦਿਸੇ ਪ੍ਰੇਸ਼ਾਨ ਮੀਆਂ।
ਦੁਕਾਨਦਾਰ ਮੁਲਾਜ਼ਮ ਹੋਏ ਦੁਖੀ,
ਘਰੋਂ ਬਾਹਰ ਕਾਮਾਂ ਕ੍ਰਿਸਾਨ ਮੀਆਂ।
ਹਰ ਪਾਸੇ ਪਈ ਹਾਹਾਕਾਰ ਮੱਚੀ,
ਜਿਦਾ ਵੜਿਆ ਬਾਘ ਕੋਈ ਆਣ ਮੀਆਂ।
ਬੇਰੁਜ਼ਗਾਰੀ ਮਹਿੰਗਾਈ ਨੇ ਹੱਦ ਕੀਤੀ,
ਲੀਡਰ ਝੂਠੇ ਕਰਨ ਐਲਾਨ ਮੀਆਂ।
ਵੋਟਾਂ ਵੇਲੇ ਨੇਤਾ ਦਾਅਵੇ ਕਰਨ ਫੋਕੇ,
ਪੂਰੇ ਕਰਨ ਨਾ ਕੀਤੇ ਫੁਰਮਾਨ ਮੀਆਂ।
ਦੇਸ਼ ਮੇਰਾ ਕਿਰਤੀਆਂ ਕਾਮਿਆਂ ਦਾ,
ਆਈ ਚੋਰਾਂ ਹੱਥ ਕਮਾਨ ਮੀਆਂ।
ਇੱਕ ਅੰਧ ਵਿਸ਼ਵਾਸ ਨੇ ਮੱਤ ਮਾਰੀ,
ਚਿੱਟਾ ਭਗਵਾਂ ਹੋਇਆ ਪ੍ਰਧਾਨ ਮੀਆਂ।
ਦੋਵੇਂ ਰਲ ਕੇ ਦੇਸ਼ ਨੂੰ ਖਾਈ ਜਾਂਦੇ,
ਉੱਚੀ ਕਰਦੇ ਆਪਣੀ ਸ਼ਾਨ ਮੀਆਂ।
ਇਸ ਮੁਲਕ ਦਾ, ਪੱਤੋ, ਰੱਬ ਰਾਖਾ,
ਜਿੱਥੋਂ ਖੁਸਿਆ ਅਮਨ ਅਮਾਨ ਮੀਆਂ।

ਹਰਪ੍ਰੀਤ ਪੱਤੋ
94658-21417

## ਲਉ ਫਿਰ ਬਸੰਤ ਆਈ

ਆਈ  ਬਸੰਤ ਕਹਿੰਦੇ ਪਾਲ਼ਾ ਉਡੰਤ।
ਕੋਹਰੇ ਤੋਂ ਤੰਗ ਸੀ ਸਾਰੇ ਜੀਅ ਜੰਤ।
ਦਸਤਕ ਰੁੱਤ ਮਸਤਾਨੀ ਦੀ ਆਈ।
ਛਟੀ ਠੰਡ ਫਸਲਾਂ ਲੈਣ ਅੰਗੜਾਈ।

ਚਾਰੇ ਪਾਸੇ ਖੇਤਾਂ ਵਿੱਚ ਰੰਗ ਬਸੰਤੀ।
ਕੁਦਰਤ ਦੀ ਖੇਡ ਅਗੰਮੀ ਅਨੰਤੀ।
ਸਰ੍ਹੋਂ, ਤਾਰਾਮੀਰਾ, ਹਾਲੋਂ ਤੇ ਅਲਸੀ।
ਬੂਰ ਪਏ ਕਣਕੇ ਰਾਤ ਲੱਗੇ ਤੱਲਖੀ।

ਜਾੜੇ ਦੀ ਮਾਰੀ ਬਨਸਪਤੀ ਜੋ ਸੁੱਤੀ।
ਮੌਲੀਆਂ  ਗੱਠਾਂ ਲੈ ਫੁੱਲ ਪੱਤੇ  ਉੱਠੀ।
ਬੂਟੇ ਤੇ ਡੋਡੀਆਂ ਦੇ ਸ਼ਗੂਫ਼ੇ ਨੇ ਫੁੱਟਦੇ।
ਤਿਤਲੀ ਭੰਵਰੇ ਕਿੰਝ ਮੌਜਾਂ ਨੇ ਲੁੱਟਦੇ।

ਚੁਫ਼ੇਰੇ ਮਹਿਕੇਗੀ ਹੁਣ ਖੁਸ਼ਬੋਈ ।
ਭੰਵਰੇ  ਦੀ ਭੀਂ ਭੀਂ ਬੱਸ ਸ਼ੁਰੂ ਹੋਈ ।
ਬੋਲਣਗੇ ਪੈਲੀਆਂ 'ਚ ਤਿੱਤਰ ਬਟੇਰੇ।
ਬੰਨ੍ਹ ਜਾਲ ਸ਼ਿਕਾਰੀ ਲਾਉਣਗੇ  ਡੇਰੇ।

ਚਿੜੀਆਂ ਚੀਂ ਚੀਂ ਘੁੱਗੀਆਂ ਘੂੰ ਘੂੰ।
ਤੋਤੇ ਦੀ ਟੈਂ ਟੈਂ ਕਬੂਤਰ ਦੀ ਗੁਟਰਗੂੰ।
ਪੰਛੀਆਂ ਦੇ ਸੰਤਾਨ ਵਾਧੇ ਦਾ ਮੌਸਮ।
ਰੰਗਲੇ ਫੁੱਲ ਤੋਂ ਬੀਜ ਬਣਾਂਦਾ ਮੌਸਮ।

ਖੁਸ਼ੀਆਂ  ਖੇੜਿਆਂ 'ਚ ਗਾਵੇ ਧਰਤੀ।
ਰਸਭਿੰਨੇ ਫਲ਼  ਰੁੱਤੇ ਉਗਾਵੇ ਧਰਤੀ।
ਸ਼ਹੀਦ ਦੀ ਚਾਹਤ ਦਾ ਰੰਗ ਬਸੰਤੀ।
ਭਗਤ, ਸੁਖ, ਰਾਜ ਦਾ ਅੰਗ ਬਸੰਤੀ।

ਨਿੱਘੀ ਹੋਵੇ ਧੁੱਪ ਪਰ ਰਾਤਾਂ ਠੰਢੀਆਂ।
ਬਸੰਤ ਨੇ ਪਿਆਰ ਸੁਗਾਤਾਂ ਵੰਡੀਆਂ।
ਗੱਭਰੂ ਪਏ  ਨੇ ਡੰਡ ਬੈਠਕਾਂ ਕੱਢਦੇ।
ਦੌੜਾਂ ਲਾ ਇੱਕ  ਦੂਜੇ ਨੂੰ ਪਿੱਛੇ ਛੱਡਦੇ।

ਸਾਗ, ਗਾਜਰਾਂ, ਗੋਂਗਲੂ ਨਿੱਤ ਖਾਉ।
ਘਿਉ, ਦੁੱਧ, ਪਿੰਨੀਆਂ ਸਿਹਤ ਬਣਾਉ।
ਹਰ ਘਰ ਖੁਸ਼ੀਆਂ ਲਿਆਵੇ ਬਸੰਤ!
ਹਰ ਇੱਕ ਦੇ ਤਨ-ਮਨ ਨੂੰ ਭਾਵੇ ਬਸੰਤ।



ਸੇਵਾ ਸਿੰਘ "ਨੂਰਪੁਰੀ"

## ਕੱਟੜਤਾ ਦਾ ਕੀੜਾ

ਨਾ ਬਣ ਇਨ੍ਹਾਂ ਧਰਮੀ ਤੂੰ
ਭੁੱਲ ਜਾਵੇਂ ਇਨਸਾਨੀਅਤ ਨੂੰ

ਜਾਣ ਜਾਵੇਗੀ ਦੁਨੀਆਦਾਰੀ
ਤੇਰੀ ਸੋੜੀ ਸ਼ਖਸ਼ੀਅਤ ਨੂੰ

ਰੱਬ ਦੀ ਰਾਖੀ ਕਰਦੇ ਕਰਦੇ
ਅਪਣਾ ਲਵੇ ਹੈਵਾਨੀਅਤ ਨੂੰ

ਕੱਟੜਤਾ ਦਾ ਕੀੜਾ ਖਾ ਜਾਓ
ਵੇਖੀਂ ਤੇਰੀ ਕਾਬਲੀਅਤ ਨੂੰ

ਹਾਉਮੈ ਵਾਲਾ ਨਾਗ ਜੋ ਤੇਰਾ
ਮਾਰੇ ਡੰਗ ਮਾਸੂਮੀਅਤ ਨੂੰ

ਫਲ ਮਿਲੇਗਾ ਬਿੰਦਰਾ ਕੌੜਾ
ਤੇਰੀ ਖੋਟੀ ਨਿਅਤ ਨੂੰ

ਚੌਧਰਬਾਜ਼ੀ ਦੇ ਚੱਕਰ ਵਿੱਚ
ਦਿਖਾਵੇਂ ਹੋਛੀ ਹੈਸੀਅਤ ਨੂੰ



ਬਿੰਦਰ ਸਾਹਿਤ ਕੈਨੇਡਾ

## ਜਾਗੋ ਦਾ ਹੋਕਾ

ਮੰਦਰ ਢਾਹ ਕੇ ਮਸਜਿਦ ਬਣ ਗਈ, ਮਸਜਿਦ ਢਾਹ ਕੇ ਮੰਦਰ
ਪਰ ਵੱਸਿਆ ਨਾ ਅੱਲਾ ਤੇ ਨਾ ਰਾਮ ਮਨਾ ਦੇ ਅੰਦਰ।

ਤਖਤਾਂ ਢਾਏ ਮੰਦਰ ਤੇ ਕੁਰਸੀ ਨੇ ਢਾਈ ਮਸੀਤ।
ਢਾਉਣ, ਬਣਾਵਣ ਵਾਲਿਆਂ ਦੀ ਪਰ ਸ਼ੁੱਧ ਹੋਈ ਨਾ ਨੀਤ।

ਸੋਚ ਬਣਾ ਲਈ ਰਾਜ-ਭਾਗ ਦਾ ਸਾਂਭਣਾ ਜੇ ਪ੍ਰਬੰਧ।
ਸਿਹਤਹੀਣ ਤੇ ਅਨਪੜ੍ਹ ਪਰਜਾ ਬਹੁਤ ਕੰਮ ਦਾ ਸੰਦ।

ਸਿਹਤਮੰਦਾਂ ਤੇ ਪੜ੍ਹਿਆਂ-ਲਿਖਿਆਂ ਨਹੀਂ ਫਸਣਾ ਵਿੱਚ ਜਾਲ।
ਧਰਮ ਦੇ ਨਾਂ 'ਤੇ ਖੇਡ ਕੇ ਪੱਤੇ ਜਦੋਂ ਵੀ ਚੱਲੀ ਚਾਲ।

ਪੜ੍ਹ ਤੇ ਸਮਝ ਲੈਣਗੇ ਗੀਤਾ, ਬਾਈਬਲ, ਗ੍ਰੰਥ, ਕੁਰਾਨ।
ਛੱਡ ਧਰਮਾਂ ਦੇ ਫੰਧਿਆਂ ਨੂੰ ਬਣ ਜਾਣਗੇ ਬੱਸ ਇਨਸਾਨ।

ਪਰ ਇੱਦਾਂ ਤਾਂ ਨਗਰੀ ਦੇ ਵਿੱਚ ਰਹਿਣਾ ਨਹੀਂ ਅੰਧੇਰ।
'ਅੰਨ੍ਹਿਆਂ ਦੇ ਵਿੱਚ ਕਾਣੇ ਰਾਜੇ' ਬਣਨਗੇ ਕੀਕਣ ਫੇਰ।

ਸੌ ਦੀ ਇੱਕ 'ਤੇ ਆਉ ਨਾ ਪਾਈਏ 'ਪਾਣੀ ਵਿੱਚ ਮਧਾਣੀ'।
ਜਾਗੋ ਜਾਗੋ ਜਾਗੋ ਲੋਕੋ ਸਮਝੋ ਅਸਲ ਕਹਾਣੀ।

ਜਦ ਤੱਕ ਅੰਨ੍ਹੇ ਬਣੇ ਰਹਾਂਗੇ ਰਾਜ ਕਰਨਗੇ ਕਾਣੇ।
ਨਿਰਖ ਪਰਖ ਨਾਲ਼ ਚੁਣੋ ਨੁਮਾਇੰਦੇ ਧਰ ਕੇ ਸੁਰਤ ਟਿਕਾਣੇ।

ਪਿੰਡ ਘੜਾਮੇਂ ਰੋਮੀ ਲਿਖਦਾ ਅੱਤ, ਬੰਬ ਨਾ ਕੋਕਾ।
ਸਭ ਨਾਲ਼ ਸਾਂਝਾ ਕਰੋ ਜੇ ਸੱਚਾ ਇਹ ਜਾਗੋ ਦਾ ਹੋਕਾ।
ਮਿੱਤਰੋ ਇਹ ਜਾਗੋ ਦਾ ਹੋਕਾ.........।

ਰੋਮੀ ਘੜਾਮੇਂ ਵਾਲਾ
9855281105

## ਬਸੰਤ ਰੁੱਤ

ਸਰਦ ਰੁੱਤ ਹੈ ਚੱਲੀ, ਬਸੰਤ ਰੁੱਤ ਹੈ ਆਈ।
ਰੁੱਖਾਂ ਤੇ ਪੌਦਿਆਂ ਤੇ ਨਵਾਂ ਜੋਬਨ ਹੈ ਲਿਆਈ।
ਮਨੁੱਖੀ ਸਰੀਰ 'ਚ ਖ਼ੂਨ ਦਾ ਵਹਾਅ ਹੈ ਤੇਜ ਹੋਇਆ,
ਏਸੇ ਲਈ ਮਨੁੱਖਾਂ 'ਚ ਨਵੀਂ ਫੁਰਤੀ ਹੈ ਆਈ।
ਖਿੜੇ ਫੁੱਲਾਂ ਤੇ ਬੈਠਣ ਭੌਰੇ ਤੇ ਮਧੂ ਮੱਖੀਆਂ।
ਰੰਗ ਬਰੰਗੀਆਂ ਤਿਤਲੀਆਂ ਵੀ ਉਡਾਰੀ ਨੇ ਭਰਦੀਆਂ।
ਬੱਚੇ ਉਡਾਂਦੇ ਰੰਗ ਬਰੰਗੇ ਪਤੰਗ ਛੱਤਾਂ ਤੇ ਚੜ੍ਹ ਕੇ,
ਕੱਢੀਆਂ ਉਨ੍ਹਾਂ ਨੇ ਦਿਲਾਂ ਚੋਂ ਚਿੰਤਾਵਾਂ ਸਾਰੀਆਂ।
ਚਾਈਨਾ ਡੋਰ ਨੇ ਅੱਜ ਕੱਲ੍ਹ ਪੁਆੜੇ ਨੇ ਪਾਏ।
ਕਈ ਉੱਡਦੇ ਪੰਛੀ ਇਸ ਨੇ ਮਾਰ ਮੁਕਾਏ।
ਇਸ ਨੂੰ ਛੱਡ ਕੇ ਸਾਰੇ ਭਾਰਤੀ ਡੋਰ ਵਰਤੋ,
ਇਹ ਕਿਸੇ ਨੂੰ ਵੀ ਯਾਰੋ ਨੁਕਸਾਨ ਨਾ ਪੁਚਾਏ।
ਬਸੰਤ ਪੰਚਮੀ ਨੂੰ ਲੱਗਦੇ ਪਿੰਡਾਂ ਤੇ ਸ਼ਹਿਰਾਂ 'ਚ ਮੇਲੇ।
ਲੋਕ ਸਰ੍ਹੋਂ ਦੇ ਫੁੱਲਾਂ ਵਾਂਗ ਖਿੜ ਕੇ ਵੇਖਣ ਜਾਂਦੇ ਮੇਲੇ।
ਇਸ ਦਿਨ ਤੀਵੀਆਂ ਬਸੰਤੀ ਰੰਗ ਦੇ ਕਪੜੇ ਪਾ ਕੇ,
ਗਿੱਧਾ ਪਾਣ ਤੇ ਗੀਤ ਗਾਣ ਛੱਡ ਕੇ ਸਭ ਝਮੇਲੇ।

ਮਹਿੰਦਰ ਸਿੰਘ ਮਾਨ
9915803554

## ਤੇਰੀ ਮੇਰੀ ਜੋੜੀ

ਤੇਰੀ ਮੇਰੀ ਜੋੜੀ ਜਿਵੇਂ ਗੀਤ ਤੇ ਗ਼ਜ਼ਲ
ਚੰਨ ਨੂੰ ਚਕੋਰ ਜਿਵੇਂ ਵੇਖੇ ਨਾਲ ਝੱਲ

ਰੇਲ ਦੀਆਂ ਲਾਈਨਾਂ ਵਾਂਗੂ ਹੁੰਦੇ ਨਾ ਅਲੱਗ
ਨਹਿਰ ਦੇ ਕਿਨਾਰੇ ਕਦੇ ਹੋਣ ਨਾ ਵਸਲ

ਧਰਤੀ ਅੰਬਰ ਰਹਿਣ ਆਹਮੋ ਸਾਹਮਣੇ
ਲੇਖਾਂ ਦੀ ਲਕੀਰ ਪਰ ਸਕਦੇ ਨਾ ਮਿਲ

ਪਾਣੀ ਬਿਨਾਂ ਮੱਛੀ ਜਿਵੇਂ ਜਾਨ ਵਾਰ ਦੇਵੇ
ਦਿਨ ਅਤੇ ਰਾਤ ਦਾ ਪਿਆਰ ਹੈ ਅਸਲ

ਪਿਆਰ ਸਾਡਾ ਸੂਰਜ ਦੀ ਰੋਸ਼ਨੀ ਜਿਹਾ
ਕੱਲ ਵੀ ਸੀ ਅੱਜ ਵੀ ਹੈ ਇੰਝ ਰਹੂ ਕੱਲ

ਬੇਸ਼ੱਕ ਨਾ ਬਣੇ ਹਮਰਾਹੀ ਰਾਹਵਾਂ ਦੇ
ਨਾਲ ਨਾਲ ਰਹੇ ਹਾਂ ਹਮੇਸ਼ਾਂ ਪਲ ਪਲ

ਇੱਕੋ ਟਾਹਣੀ ਖਿੜੇ ਫੁੱਲ ਪਰ ਕੀ ਦਸਤੂਰ
ਇੱਕ ਵੇਸਵਾ ਦੇ ਜੂੜੇ ਇੱਕ ਰੱਬ ਦੇ ਸਥੱਲ

ਤੇਰਾ ਐਡਰੈੱਸ ਵੀ ਸੀ ਹੋਣਾ ਪਟਿਆਲੇ ਦਾ
ਹੁੰਦਾ ਤੈਨੂੰ ਪਾਉਣ ਚ ਹਰੀਸ਼ ਜੇ ਸਫਲ



ਹਰੀਸ਼ ਪਟਿਆਲਵੀ
9779398793

## ਧਰਮ ਦੇ ਰਾਖੇ

ਆਪੇ ਬਣ ਗਏ ਧਰਮ ਦੇ ਰਾਖੇ,
ਕੱਟੜ ਧਰਮੀ ਦੇਖੋ ਅੱਜ।

ਲਾ ਕੇ ਸੋਧਾ ਰੱਖ ਦੇਣ,
ਬਣਾ ਕੇ ਕੋਈ ਨਾ ਕੋਈ ਪੱਜ।

ਕਨੂੰਨ ਦੀ ਨਾ ਕੀਮਤ ਰਹਿ ਗਈ
ਆਪੇ ਬਣੀ ਫਿਰਦੇ ਨੇ ਜੱਜ।

ਮੰਦਬੁੱਧੀ ਵਾਲੇ ਨੂੰ ਵੀ ਟੁੱਟ ਕੇ ਪੈਣ,
ਦੇਖੋ ਬੰਦ ਬੁੱਧੀ ਦੇ ਚੱਜ।

ਗਾਲ੍ਹਾਂ ਕੱਢੀ ਜਾਣ ਔਰਤ ਨੂੰ,
ਆਉਂਦੀ ਨਹੀਂ ਜਰਾ ਵੀ ਲੱਜ।

ਮਨੁੱਖੀ ਜਾਤ ਨੂੰ ਇੱਕ ਨਾ ਸਮਝਣ,
ਗਰੀਬ ਨੂੰ ਪੈ ਜਾਣ ਭੱਜ।

ਖੁਦ ਨੂੰ ਨਾ ਅੰਦਰੋਂ ਬਦਲਿਆ,
ਕੱਪੜੇ ਬਦਲ ਕੇ ਬਹਿ ਗਏ ਸੱਜ।

ਮੂਰਖਤਾ ਦੀ ਨਾ ਕਮੀ ਰਹਿ ਗਈ,
ਹੋਰਾਂ ਨਾਲ ਰਲ ਨਾਹਰੇ ਲਾਉਂਦੇ ਗੱਜ।

ਉੱਠ ਪਓ ਜਾਗ ਪਓ ਲੋਕੋ,
ਕਿਉਂ ਬੈਠੇ ਵਿੱਚ ਜੰਜ਼ੀਰਾਂ ਬੱਝ।

ਕੱਟੜ ਧਰਮੀਆਂ ਘਾਣ ਕਰ ਦਿੱਤਾ,
ਦੁਨੀਆਂ ਤੇ ਜੀਣ ਦਾ ਰਿਹਾ ਨਾ ਹੱਜ।

ਗੋਰੇ ਹੱਸ ਹੱਸ ਮਜ਼ਾਕ ਕਰਨ,
ਕਿਸ ਤਰ੍ਹਾਂ ਆਪਾ ਲਈਏ ਕੱਜ।

ਅਵਤਾਰ ਖੁਰਦਪੁਰੀਆ ਬੋਲ ਪਾ ਹੁਣ,
ਛੱਟ ਦੇਣ ਭਾਵੇਂ ਤੈਨੂੰ ਪਾ ਕੇ ਛੱਜ।



ਅਵਤਾਰ ਤਰਕਸ਼ੀਲ ਨਿਊਜ਼ੀਲੈਂਡ
006421392147

## ਠੰਡ ਦੀ ਠਾਰੀ

ਠੰਡ ਦੀ ਠਾਰੀ ਵਿੱਚ ਠੁਰ ਠੁਰ ਕੇ ਬੁੱਢੀ ਮੁੱਕ ਗਈ,
ਫਿਰ ਕਹਿੰਦੇ ਚਰੰਜਾ ਸਾਲ ਦਾ ਰਿਕਾਰਡ ਟੁੱਟਿਆ।
ਬੁੱਢਾ ਹੁਣ ਕੀਹਦੇ ਨਾਲ ਰੁੱਸੇ, ਕਹਾਣੀ ਰੁਕ ਗਈ,
ਠੁਰ ਠਰ ਕਰਦੇ ਦੀ ਸੋਟੀ ਡਿੱਗੀ,
ਹੱਥ 'ਚ ਫੜਿਆ ਸਮਾਨ ਛੁੱਟਿਆ।
ਕੱਲਾ ਤਾਂ ਕਹਿੰਦੇ ਬਣਾਂ 'ਚ ਰੁੱਖ ਵੀ ਨਾ ਹੋਵੇ,
ਚੱਬਣੇ ਪੈਂਦੇ ਸਰੱਕ, ਭਾਵੇਂ ਭੁੱਖ ਵੀ ਨਾ ਹੋਵੇ।
ਬਜ਼ੁਰਗ ਕੱਲਾ ਬੈਠਾ ਸਾਥਣ ਬਾਝੋਂ ਰੋਵੇ,
ਯਾਦਾਂ ਪੁਰਾਣੀਆਂ ਨੂੰ ਅਥਰੂਆਂ ਨਾਲ ਧੋਵੇ।
ਠੰਡ ਦੀ ਠਾਰੀ ਹੋਵੇ, ਭਾਵੇਂ ਗਰਮੀਆਂ ਦਾ ਕਹਿਰ,
ਇਕਾਂਤ ਵਿੱਚ ਲੱਗਦਾ, ਜਿਵੇਂ ਸਮਾਂ ਗਿਆ ਠਹਿਰ।
ਪਲ ਪਲ ਵੀ ਲੰਘਾਉਣਾ, ਔਖਾ ਹੋ ਗਿਆ,
ਕੀਹਦੇ ਨਾਲ ਕਰੀਏ ਵਲਵਲੇ ਸਾਂਝੇ,
ਵੱਡਾ ਧੋਖਾ ਹੋ ਗਿਆ।
ਜੀਵਨ ਸਾਥੀ ਨਾਲ ਭੁੱਲ ਕੇ ਵੀ ਨਾ ਹੋਵੋ ਨਰਾਜ਼,
ਜ਼ਿੰਦਗੀ ਦਾ ਇਕੱਲਿਆਂ ਤੋਂ ਵੱਜਣਾ ਨਹੀਂ ਸਾਜ।
ਚਲੋ ਜੋ ਕੁਝ ਹੋਣਾ ਸੀ, ਉਹ ਤਾਂ ਹੋ ਗਿਆ,
ਰੱਬ ਸੱਚੇ ਅੱਗੇ ਅਰਦਾਸ ਕਰੋ,
ਵਾਪਸ ਨ੍ਹੀਂ ਮਿਲਣਾ ਜੋ ਖੋ ਗਿਆ।



ਅਮਰਜੀਤ ਸਿੰਘ ਤੂਰ
9878469639

## ਗ਼ਜ਼ਲ

ਜਿੱਤੇ ਮੈਚ ਵੀ ਹਾਰਾਂ ਵਰਗੇ ਹੁੰਦੇ ਨੇ।
ਕੁਝ ਦੁਸ਼ਮਣ ਵੀ ਯਾਰਾਂ ਵਰਗੇ ਹੁੰਦੇ ਨੇ।

ਮਰਦਪੁਣਾ ਨਾ ਦਿੱਸੇ ਚਿਹਰੇ ਮਰਦਾਂ ਦੇ,
ਐਸੇ ਨਰ ਤਾਂ ਨਾਰਾਂ ਵਰਗੇ ਹੁੰਦੇ ਨੇ।

ਸ਼ੇਰ ਹੀ ਰਾਜਾ ਹੋ ਸਕਦੈ ਬਸ ਜੰਗਲ ਦਾ,
ਬਾਕੀ ਚਿੜੀ, ਗੁਟਾਰਾਂ ਵਰਗੇ ਹੁੰਦੇ ਨੇ।

ਟੁੱਟ ਜਾਵਣਗੇ ਅੱਧ-ਵਿਚਾਲੋਂ ਉਹ, ਜਿਹੜੇ
ਜ਼ੰਗ-ਖਾਧੀਆਂ ਤਾਰਾਂ ਵਰਗੇ ਹੁੰਦੇ ਨੇ।

ਕੋਮਲਤਾ ਤੇ ਖ਼ੁਸ਼ਬੂ ਉੱਡਪੁੱਡ ਚਲੀ ਗਈ,
ਫ਼ੁੱਲ ਅਜਿਹੇ ਖ਼ਾਰਾਂ ਵਰਗੇ ਹੁੰਦੇ ਨੇ।

ਰਿਸ਼ਵਤਖ਼ੋਰ, ਲੁਟੇਰੇ ਤੇ ਲਾਲਚ ਵਾਲ਼ੇ,
ਬੰਦੇ ਕੁਝ ਸਰਕਾਰਾਂ ਵਰਗੇ ਹੁੰਦੇ ਨੇ।

'ਨਵ ਸੰਗੀਤ' ਜਿਹੇ ਮਿੱਤਰ ਤਾਂ ਸਭਨਾਂ ਲਈ,
ਭਾਈਆਂ ਤੇ ਦਿਲਦਾਰਾਂ ਵਰਗੇ ਹੁੰਦੇ ਨੇ।



ਪ੍ਰੋ. ਨਵ ਸੰਗੀਤ ਸਿੰਘ
9417692015

# ਵਿਸ਼ਵੀਕਰਨ ਦੇ ਅਜੋਕੇ ਦੌਰ 'ਚ ਪੂਰਾ ਦੇਸ਼ ਇੱਕ ਮੰਡੀ ਵਿੱਚ ਤਬਦੀਲ ਹੋ ਰਿਹਾ ਹੈ




ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ




ਵਿਸ਼ਵੀਕਰਨ ਦੇ ਅਜੋਕੇ ਦੌਰ ਵਿੱਚ ਪੂਰਾ ਦੇਸ਼ ਇੱਕ ਮੰਡੀ ਵਿੱਚ ਤਬਦੀਲ ਹੋ ਰਿਹਾ ਹੈ। ਧਿਆਨ ਯੋਗ ਹੈ ਕਿ ਇਸ ਬਾਜ਼ਾਰ ਨੇ ਬਚਪਨ ਤੋਂ ਹੀ ਵਪਾਰੀਕਰਨ ਕਰਨਾ ਸ਼ੁਰੂ ਕਰ ਦਿੱਤਾ ਹੈ। ਨਤੀਜੇ ਵਜੋਂ ਬੱਚੇ ਆਪਣੇ ਖਪਤਕਾਰ ਦੇ ਸਮਾਨ ਦੇ ਨਾਲ-ਨਾਲ ਫਰਿੱਜ, ਵਾਸ਼ਿੰਗ ਮਸ਼ੀਨ, ਸਾਈਕਲ, ਕਾਰ, ਫਰਨੀਚਰ ਵਰਗੀਆਂ ਮਹਿੰਗੀਆਂ ਖਰੀਦਾਂ ਵਿੱਚ ਵੀ ਬਾਜ਼ਾਰ ਅਨੁਸਾਰ ਆਪਣੀ ਸਹਿਮਤੀ ਦੇਣ ਲੱਗ ਪਏ ਹਨ। ਦਿਲਚਸਪ ਗੱਲ ਇਹ ਹੈ ਕਿ ਜ਼ਿਆਦਾਤਰ ਮਾਪਿਆਂ ਨੂੰ ਸ਼ਾਇਦ ਹੀ ਇਹ ਅਹਿਸਾਸ ਹੋਵੇ ਕਿ ਉਨ੍ਹਾਂ ਦੇ ਬੱਚਿਆਂ ਨੂੰ ਕਰੋੜਾਂ ਰੁਪਏ ਖਰਚਣੇ ਪੈਂਦੇ ਹਨ ਮਾਰਕਾ ਘੋੜਿਆਂ ਦੇ ਵਪਾਰ ਦੇ ਜਾਲ ਵਿੱਚ ਫਸ ਗਿਆ ਹੈ। ਸਰਵੇਖਣ ਰਿਪੋਰਟਾਂ ਅਨੁਸਾਰ ਬੱਚਿਆਂ ਨੂੰ ਇਸ ਪਾਸੇ ਲਿਆਉਣ ਲਈ ਮੁੱਖ ਤੌਰ 'ਤੇ ਟੈਲੀਵਿਜ਼ਨ ਅਤੇ ਇਸ ਦੇ ਇਸ਼ਤਿਹਾਰ ਜ਼ਿੰਮੇਵਾਰ ਹਨ। ਬੱਚਿਆਂ ਵਿੱਚ ਵਿਵੇਕ ਘੱਟ ਹੁੰਦਾ ਹੈ। ਅੱਠ-ਦਸ ਸਾਲ ਦਾ ਬੱਚਾ ਇਹ ਨਹੀਂ ਸਮਝ ਸਕਦਾ ਕਿ ਟੀਵੀ 'ਤੇ ਚਮਕਦੇ ਇਸ਼ਤਿਹਾਰ ਅਸਲੀਅਤ ਤੋਂ ਕੋਹਾਂ ਦੂਰ, ਸਿਰਫ਼ ਚੀਜ਼ਾਂ ਦੇ ਪ੍ਰਚਾਰ ਹਨ। ਬਾਜ਼ਾਰ ਦੀਆਂ ਤਾਕਤਾਂ ਜਾਣਦੀਆਂ ਹਨ ਕਿ ਜੀਵਨ ਦੀਆਂ ਬਦਲਦੀਆਂ ਤਰਜੀਹਾਂ ਅਤੇ ਸਥਿਤੀਆਂ ਦੇ ਵਿਚਕਾਰ ਆਪਣਾ ਦਬਦਬਾ ਕਿਵੇਂ ਕਾਇਮ ਕਰਨਾ ਹੈ। ਸਥਿਤੀ ਇਹ ਹੈ ਕਿ ਪੜ੍ਹਿਆ-ਲਿਖਿਆ ਅਤੇ ਕਮਾਉਣ ਵਾਲਾ ਵਰਗ ਪ੍ਰਮਾਣੂ ਪਰਿਵਾਰਾਂ ਵਿੱਚ ਵੰਡਿਆ ਹੋਇਆ ਹੈ। ਮਾਪੇ ਭੱਜਦੇ ਹਨਰੁਝੇਵਿਆਂ ਭਰੀ ਜ਼ਿੰਦਗੀ ਕਾਰਨ ਉਹ ਆਪਣੇ ਬੱਚਿਆਂ ਨੂੰ ਪੂਰਾ ਸਮਾਂ ਨਹੀਂ ਦੇ ਪਾ ਰਹੀ ਹੈ। ਨਤੀਜੇ ਵਜੋਂ ਬੱਚੇ ਇਕੱਲੇਪਣ ਦਾ ਸ਼ਿਕਾਰ ਹੋ ਰਹੇ ਹਨ ਅਤੇ ਆਪਣੀ ਇਕੱਲਤਾ ਸਾਂਝੀ ਕਰਨ ਲਈ ਲਗਾਤਾਰ ਟੀਵੀ ਚੈਨਲਾਂ ਦੇ ਸੰਪਰਕ ਵਿੱਚ ਰਹਿੰਦੇ ਹਨ। ਇਸ ਦਾ ਬਾਜ਼ਾਰੀ ਸਿਸਟਮ ਪੂਰਾ ਫਾਇਦਾ ਉਠਾ ਰਿਹਾ ਹੈ। ਇਹ ਖਾਸ ਤੌਰ 'ਤੇ ਟੀਵੀ 'ਤੇ ਪ੍ਰਸਾਰਿਤ ਕੀਤੇ ਗਏ ਸੀਰੀਅਲਾਂ ਨੂੰ ਸਪਾਂਸਰ ਕਰਦਾ ਹੈ, ਜੋ ਵਰਜਿਤ ਅਤੇ ਰਵਾਇਤੀ ਕਦਰਾਂ-ਕੀਮਤਾਂ ਤੋਂ ਮੁਕਤ ਜੀਵਨ ਦੀ ਚਮਕਦਾਰ ਪੱਛਮੀ ਸ਼ੈਲੀ ਨੂੰ ਦਰਸਾਉਂਦੇ ਹਨ। ਜਦੋਂ ਕਿ ਇੱਕ ਔਸਤ ਭਾਰਤੀ ਬੱਚੇ ਦਾ ਪਰਿਵਾਰਕ ਮਾਹੌਲ ਇਸ ਤੋਂ ਬਿਲਕੁਲ ਵੱਖਰਾ ਹੁੰਦਾ ਹੈ। ਬੱਚਾ ਫਰਕ ਨਹੀਂ ਸਮਝਦਾਉਸ ਨੂੰ ਪਤਾ ਲੱਗਦਾ ਹੈ ਕਿ ਉਹ ਟੀਵੀ ਦੀ ਜ਼ਿੰਦਗੀ ਨੂੰ ਸੱਚ ਮੰਨਦਾ ਹੈ ਅਤੇ ਇਸ ਨੂੰ ਆਪਣੀ ਜ਼ਿੰਦਗੀ ਵਿਚ ਅਪਣਾਉਣਾ ਚਾਹੁੰਦਾ ਹੈ। ਇਸ ਤੋਂ ਇਲਾਵਾ, ਇਸ਼ਤਿਹਾਰ ਵਿੱਚ ਬੱਚਾ ਬਾਲ ਦਰਸ਼ਕਾਂ ਨੂੰ ਬਹੁਤ ਆਕਰਸ਼ਿਤ ਕਰਦਾ ਹੈ। ਇਸ ਲਈ ਉਨ੍ਹਾਂ ਨੂੰ ਨਾ ਸਿਰਫ਼ ਸਕੂਲੀ ਬੈਗ, ਜੁੱਤੀਆਂ, ਪੈਂਟਾਂ, ਕਮੀਜ਼ਾਂ ਆਦਿ ਦੀ ਲੋੜ ਹੁੰਦੀ ਹੈ, ਸਗੋਂ ਘਰ ਦਾ ਸਮਾਨ ਵੀ ਇਸ਼ਤਿਹਾਰ ਵਿੱਚ ਬੱਚਿਆਂ ਦੇ ਮਾਪਿਆਂ ਵਰਗਾ ਹੀ ਹੋਣਾ ਚਾਹੀਦਾ ਹੈ, ਅਸੀਂ ਕੀ ਕਹੀਏ, ਅਸਲ ਵਿੱਚ ਬੱਚੇ ਜੋ ਦੇਖਦੇ ਹਨ, ਉਸ ਤੋਂ ਹੀ ਸਿੱਖਦੇ ਹਨ। . ਇੱਕ ਪਾਸੇ ਤਾਂ ਟੈਲੀਵਿਜ਼ਨ ਬੱਚਿਆਂ ਵਿੱਚ ਪੱਛਮੀ ਸ਼ੈਲੀ ਦੀਆਂ ਜੀਵਨ ਕਦਰਾਂ-ਕੀਮਤਾਂ ਪੈਦਾ ਕਰ ਰਿਹਾ ਹੈ, ਦੂਜੇ ਪਾਸੇ ਉਨ੍ਹਾਂ ਦੀ ਸੋਚ ਅਤੇ ਰਵੱਈਏ ਨੂੰ ਬਾਜ਼ਾਰ ਦੇ ਅਨੁਕੂਲ ਬਣਾਉਣ ਲਈ ਉਨ੍ਹਾਂ ਦੀ ਰੁਚੀ ਲਈ ਇਸ਼ਤਿਹਾਰਾਂ ਦੀ ਵਰਤੋਂ ਕੀਤੀ ਜਾ ਰਹੀ ਹੈ।ਇਸ ਨੂੰ ਅਨੁਕੂਲ ਬਣਾਇਆ ਜਾ ਰਿਹਾ ਹੈ। ਬੱਚਿਆਂ ਨੂੰ ਨਿਸ਼ਾਨਾ ਬਣਾਉਣਾ ਇੱਕ ਚੰਗੀ ਤਰ੍ਹਾਂ ਸੋਚੀ ਸਮਝੀ ਮਾਰਕੀਟਿੰਗ ਰਣਨੀਤੀ ਹੈ। ਉਹ ਜਾਣਦੇ ਹਨ ਕਿ ਜੋ ਮਾਪੇ ਆਪਣੇ ਬੱਚਿਆਂ ਨੂੰ ਸਮਾਂ ਨਾ ਦੇਣ 'ਤੇ ਸ਼ਰਮ ਮਹਿਸੂਸ ਕਰਦੇ ਹਨ, ਉਹ ਆਪਣੇ ਬੱਚਿਆਂ ਦੀ ਖਰੀਦਦਾਰੀ ਦੀ ਭੂਮਿਕਾ ਨੂੰ ਸਵੀਕਾਰ ਕਰਨ ਲਈ ਮਜਬੂਰ ਹਨ, ਕਿਉਂਕਿ ਇਹ ਉਨ੍ਹਾਂ ਨੂੰ ਆਪਣੇ ਬੱਚਿਆਂ ਤੋਂ ਵਧਦੀ ਦੂਰੀ ਨੂੰ ਨੇੜਤਾ ਵਿੱਚ ਬਦਲਣ ਦਾ ਅਹਿਸਾਸ ਦਿੰਦਾ ਹੈ।

ਬਾਜ਼ਾਰ ਦੀ ਇਹ ਖੇਡ ਬੇਹੱਦ ਵਿਨਾਸ਼ਕਾਰੀ ਹੈ। ਇਹ ਬਚਪਨ ਵਿਚ ਸਿੱਧੀ ਦਖਲਅੰਦਾਜ਼ੀ ਹੈ, ਜੋ ਬੱਚਿਆਂ ਦੇ ਕੁਦਰਤੀ ਵਿਕਾਸ ਦੇ ਪੱਧਰ 'ਤੇ ਖੜੋਤ ਪੈਦਾ ਕਰ ਰਹੀ ਹੈ। ਨਤੀਜੇ ਵਜੋਂ ਸੁਪਨਿਆਂ ਨਾਲ ਭਰੀਆਂ ਅੱਖਾਂ ਵਾਲਾ ਭੋਲਾ ਬਚਪਨ ਛੁੱਟੀ ਲੈ ਰਿਹਾ ਹੈ। ਉਹਨਾਂ ਦੀ ਥਾਂ ਸ਼ੇਖੀ, ਸੁਆਰਥੀ, ਖੁਦਗਰਜ਼ ਅਤੇ ਤੁੱਛ ਬੱਚੇ ਲੈ ਰਹੇ ਹਨ।ਪਹਿਲਾਂ ਬੱਚਿਆਂ ਦੀਆਂ ਮੰਗਾਂ ਵਿੱਚ ਲੋੜਾਂ ਸ਼ਾਮਲ ਹੁੰਦੀਆਂ ਸਨ। ਭਾਵੇਂ ਪਹਿਲਾਂ ਦੁਰਗਾ ਪੂਜਾ, ਦੀਵਾਲੀ, ਈਦ, ਕ੍ਰਿਸਮਿਸ, ਹੋਲੀ ਆਦਿ ਅਤੇ ਪਰਿਵਾਰਕ ਤਿਉਹਾਰਾਂ ਜਿਵੇਂ ਜਨਮ ਦਿਨ, ਵਿਆਹ ਆਦਿ ਮੌਕੇ ਬੱਚਿਆਂ ਦੀ ਮੰਗ ਵਿਚ ਕੁਝ ਜ਼ਿੱਦ ਅਤੇ ਆਡੰਬਰ ਹੁੰਦਾ ਸੀ, ਪਰ ਹੁਣ ਜਦੋਂ ਵੀ ਮਾਪੇ ਖਰੀਦਦਾਰੀ ਲਈ ਬਾਹਰ ਜਾਂਦੇ ਹਨ ਤਾਂ ਉਨ੍ਹਾਂ ਦੀ ਸੂਚੀ। ਬੱਚੇ ਉਨ੍ਹਾਂ ਦੇ ਸਾਹਮਣੇ ਹਨ। ਇਸ ਵਿੱਚ ਸ਼ਾਇਦ ਹੀ ਕੁਝ ਜ਼ਰੂਰੀ ਹੋਵੇ, ਬਹੁਤੀਆਂ ਚੀਜ਼ਾਂ ਚਮਕਦਾਰ ਹਨ। ਮਾਤਾ-ਪਿਤਾ ਨੂੰ ਸਾਦਗੀ, ਸੰਜਮ, ਸੰਤੋਖ ਅਤੇ ਸੰਜਮ ਦੀ ਸਿੱਖਿਆ ਦੇਣੀ ਚਾਹੀਦੀ ਹੈਇਹ ਕਿਫ਼ਾਇਤੀ ਸਿਖਾਉਣ ਦਾ ਸਮਾਂ ਨਹੀਂ ਹੈ। ਉਹ ਆਪਣੀਆਂ ਮੰਗਾਂ ਪੂਰੀਆਂ ਕਰਕੇ ਬੱਚਿਆਂ ਨੂੰ ਖੁਸ਼ ਦੇਖਣਾ ਚਾਹੁੰਦੇ ਹਨ। ਪਤਾ ਨਹੀਂ ਕਦੋਂ ਉਹ ਇਹ ਸੋਚਣ ਦੀ ਸਿਆਣਪ ਗੁਆ ਬੈਠਦਾ ਹੈ ਕਿ ਜਿਨ੍ਹਾਂ ਕੋਲ ਜ਼ਿਆਦਾ ਪੈਸਾ ਨਹੀਂ ਹੈ, ਉਨ੍ਹਾਂ ਦੇ ਬੱਚਿਆਂ 'ਤੇ ਇਸ ਦਾ ਕੀ ਅਸਰ ਪਵੇਗਾ। ਕੀ ਉਹ ਇਕੱਠੇ ਖੇਡਦੇ ਜਾਂ ਪੜ੍ਹਦੇ ਸਮੇਂ ਹੀਣ ਭਾਵਨਾ ਨਾਲ ਭਰ ਜਾਂਦੇ ਹਨ? ਆਧੁਨਿਕ ਭਾਰਤੀ ਸਮਾਜ ਆਪਣੇ ਅੰਦਰ ਵਿਰੋਧਾਭਾਸ ਅਤੇ ਗੁੱਸੇ ਦੇ ਅਤਿਅੰਤ ਉਬਾਲ ਨਾਲ ਜੀ ਰਿਹਾ ਹੈ। ਇੱਕ ਪਾਸੇ ਖੁਸ਼ਹਾਲੀ ਅਤੇ ਐਸ਼ੋ-ਆਰਾਮ ਵਿੱਚ ਡੁੱਬੇ ਕੁਝ ਲੱਖ ਲੋਕ ਹਨ ਅਤੇ ਉਨ੍ਹਾਂ ਦੇ ਪੈਰੋਕਾਰ ਵੱਡੇ ਮੱਧ ਵਰਗ ਹਨ। ਦੂਜੇ ਪਾਸੇ, ਜੀਵਨ ਦੀ ਇੱਕ ਬਹੁਤ ਵੱਡੀ ਆਬਾਦੀਮੁੱਢਲੀਆਂ ਸਹੂਲਤਾਂ ਤੋਂ ਵਾਂਝੇ ਰਹਿਣ ਕਾਰਨ ਦਮ ਘੁੱਟ ਰਿਹਾ ਹੈ। ਕੀ ਇਸ ਵਰਗ ਦੇ ਬੱਚੇ ਜਾਂ ਕਿਸ਼ੋਰਾਂ ਵਿੱਚ ਆਪਣੀ ਉਮਰ ਵਰਗ ਦੇ ਇੱਕ ਅਮੀਰ ਪਰਿਵਾਰ ਦੇ ਬੱਚਿਆਂ ਵਾਂਗ ਜ਼ਿੰਦਗੀ ਜਿਊਣ ਦੀ ਇੱਛਾ ਨਹੀਂ ਹੋ ਸਕਦੀ? ਅਸਮਾਨਤਾ ਪਹਿਲਾਂ ਵੀ ਸੀ, ਪਰ ਉਦੋਂ ਅਮੀਰ-ਗਰੀਬ ਦਾ ਪਾੜਾ ਇੰਨਾ ਚੌੜਾ ਨਹੀਂ ਸੀ ਅਤੇ ਬੇਲਗਾਮ ਖਪਤ ਦੀ ਕੋਈ ਪ੍ਰਵਿਰਤੀ ਨਹੀਂ ਸੀ। ਅੱਜ ਸੰਤੋਖ ਅਤੇ ਸੰਜਮ 'ਤੇ ਆਧਾਰਿਤ ਪੁਰਾਣੀਆਂ ਕਦਰਾਂ-ਕੀਮਤਾਂ ਨੂੰ ਉਜਾੜਿਆ ਜਾ ਰਿਹਾ ਹੈ। ਉਨ੍ਹਾਂ ਦੀ ਥਾਂ ਪਦਾਰਥਵਾਦ ਭਾਰੂ ਹੋ ਰਿਹਾ ਹੈ। ਇਹ ਸਾਨੂੰ ਆਪਣੀਆਂ ਇੱਛਾਵਾਂ ਨੂੰ ਪੂਰਾ ਕਰਨ ਲਈ ਪ੍ਰੇਰਿਤ ਕਰਦਾ ਹੈ, ਭਾਵੇਂ ਸਹੀ ਜਾਂ ਗਲਤ। ਇਹੀ ਕਾਰਨ ਹੈ ਨੌਜਵਾਨਾਂ ਵਿਚ ਗੁੱਸਾ, ਗੁੱਸਾ, ਬਗਾਵਤ, ਨਫ਼ਰਤ, ਹਿੰਸਕ ਵਿਹਾਰ ਆਦਿ ਵਧਣ ਦਾ।ਇਹ ਇੱਕ ਤੋਹਫ਼ਾ ਹੈ। ਸਮਾਜ ਵਿੱਚ ਅਸਮਾਨਤਾ ਵਿੱਚ ਤੇਜ਼ੀ ਨਾਲ ਵਾਧੇ ਦੇ ਮੱਦੇਨਜ਼ਰ, ਇਹ ਘਟੀਆ ਰਵੱਈਏ ਹੋਰ ਵਧਣ ਦੀ ਸੰਭਾਵਨਾ ਹੈ। ਇਹ ਸਮਾਜ ਦੇ ਤਾਣੇ-ਬਾਣੇ ਵਿਚ ਜੋ ਵੱਡੀ ਉਲਝਣ ਦੇ ਰਿਹਾ ਹੈ, ਉਹ ਨਿਸ਼ਚਿਤ ਤੌਰ 'ਤੇ ਇਕ ਡਰਾਉਣੀ ਤਸਵੀਰ ਹੈ।

# ਲੋਕਰਾਜ ਦੇ ਮੱਥੇ ਤੋਂ ਕਲੰਕ ਧੋਣ ਦਾ ਵੇਲਾ

ਅਸ਼ਵਨੀ ਕੁਮਾਰ



ਪ੍ਰਧਾਨ ਮੰਤਰੀ ਨੇ ਹਾਲ ਹੀ ਵਿਚ ਪੁਲੀਸ ਅਫਸਰਾਂ ਨੂੰ ਡੰਡੇ ਦੀ ਵਰਤੋਂ ਛੱਡਣ ਦੀ ਸਲਾਹ ਦਿੱਤੀ ਹੈ ਤੇ ਨਾਲ ਹੀ ਉਨ੍ਹਾਂ ਐਲਾਨ ਕੀਤਾ ਹੈ ਕਿ ਨਵੇਂ ਫ਼ੌਜਦਾਰੀ ਕਾਨੂੰਨ 'ਨਾਗਰਿਕ, ਸਨਮਾਨ ਅਤੇ ਨਿਆਂ' ਨੂੰ ਤਰਜੀਹ ਦੇ ਕੇ ਘੜੇ ਗਏ ਹਨ। ਸਾਡੇ ਦੇਸ਼ ਦੇ ਮੱਥੇ 'ਤੇ ਵਾਰ ਵਾਰ ਹਿਰਾਸਤੀ ਤਸ਼ੱਦਦ ਦਾ ਕਲੰਕ ਲੱਗਦਾ ਰਿਹਾ ਹੈ ਜਿਸ ਕਰ ਕੇ ਇਸ ਦੀ ਰੋਕਥਾਮ ਲਈ ਵਿਆਪਕ ਅਤੇ ਨਿਰਪੱਖ ਕਾਨੂੰਨ ਤਿਆਰ ਕਰਨ ਦੀ ਚਿਰਾਂ ਤੋਂ ਕੀਤੀ ਜਾ ਰਹੀ ਉਡੀਕ ਮੁੱਕਦੀ ਨਜ਼ਰ ਆ ਰਹੀ ਹੈ। ਦਰਅਸਲ ਨਵੇਂ ਸਾਲ ਮੌਕੇ ਸਾਡੇ ਦੇਸ਼ ਨੂੰ ਆਪਣਾ ਲੋਕਰਾਜ ਕਿਰਦਾਰ ਮੁੜ ਸਥਾਪਤ ਕਰਨ ਦਾ ਮੌਕਾ ਹੈ ਤਾਂ ਕਿ ਮਨੁੱਖੀ ਗੌਰਵ ਨੂੰ ਸਭ ਤੋਂ ਮੁੱਢਲੇ ਹੱਕ ਪ੍ਰਤੀ ਅਡੋਲ ਵਚਨਬੱਧਤਾ ਦੀ ਦਿਸ਼ਾ ਵਿਚ ਅੱਗੇ ਵਧਿਆ ਜਾ ਸਕੇ।

ਤਸ਼ੱਦਦ ਦੇ ਅਪਰਾਧ ਦੇ ਵੱਖ ਵੱਖ ਪੱਖਾਂ ਨੂੰ ਮੁਖ਼ਾਤਿਬ, ਚਿਰਾਂ ਤੋਂ ਉਡੀਕਿਆ ਜਾ ਰਿਹਾ ਇਹ ਵਿਆਪਕ ਕਾਨੂੰਨ ਧਾਰਾ 21 ਅਧੀਨ ਗਾਰੰਟੀਸ਼ੁਦਾ ਜੀਵਨ ਅਤੇ ਗੌਰਵ ਦੇ ਅਧਿਕਾਰ ਨੂੰ ਅਗਾਂਹ ਵਧਾਵੇਗਾ। ਇਸ ਕਾਨੂੰਨ ਸਦਕਾ ਭਾਰਤ ਤਸ਼ੱਦਦ ਖਿਲਾਫ਼ ਸੰਯੁਕਤ ਰਾਸ਼ਟਰ ਅਹਿਦਨਾਮੇ ("©31") ਉਪਰ ਸਹੀ ਪਾਉਣ ਦੇ ਯੋਗ ਬਣ ਸਕੇਗਾ ਜੋ ਨਿਰਪੱਖ ਘਰੋਗੀ ਕਾਨੂੰਨ ਦੀ ਅਣਹੋਂਦ ਵਿਚ ਸੰਭਵ ਨਹੀਂ ਸੀ ਹੋ ਸਕਣਾ। ਭਾਰਤ ਇਸ ਅਹਿਦਨਾਮੇ ਦੀ ਪ੍ਰੋੜਤਾ ਨਾ ਕੀਤੇ ਜਾਣ ਕਰ ਕੇ ਸੰਯੁਕਤ ਰਾਸ਼ਟਰ ਦੀਆਂ ਮਨੁੱਖੀ ਅਧਿਕਾਰਾਂ ਬਾਰੇ ਸਮੀਖਿਆ ਮੀਟਿੰਗਾਂ ਵਿਚ ਵਾਰ ਵਾਰ ਸ਼ਰਮਿੰਦਗੀ ਤੋਂ ਹੁਣ ਬਚ ਸਕੇਗਾ। ਸਿਤਮ ਦੀ ਗੱਲ ਇਹ ਹੈ ਕਿ ਭਾਰਤ ਤੀਜੀ ਦੁਨੀਆ ਦਾ ਪਹਿਲਾ ਮੁਲਕ ਸੀ ਜਿਸ ਨੇ 8 ਦਸੰਬਰ 1977 ਨੂੰ ਸੰਯੁਕਤ ਰਾਸ਼ਟਰ ਵਿਚ ਮਤਾ ਨੰਬਰ 32/64 ਦੀ ਹਮਾਇਤ ਕੀਤੀ ਸੀ ਜਿਸ ਵਿਚ ਦੁਨੀਆ ਭਰ ਦੀਆਂ ਸਰਕਾਰਾਂ ਨੂੰ ਅਪੀਲ ਕੀਤੀ ਗਈ ਸੀ ਕਿ ਉਹ ਆਪਣੇ ਤੌਰ 'ਤੇ ਤਸ਼ੱਦਦ ਖਿਲਾਫ਼ ਐਲਾਨਨਾਮੇ ਦੀ ਪਾਲਣਾ ਕਰਨ। ਅਗਲੇ ਕਈ ਸਾਲਾਂ ਦੌਰਾਨ ਭਾਰਤ ਨੇ ਕਿਸੇ ਨਾ ਕਿਸੇ ਤਰੀਕੇ ਤਸ਼ੱਦਦ ਦੀ ਰੋਕਥਾਮ ਬਾਬਤ ਬਹੁਤ ਸਾਰੀਆਂ ਕੌਮਾਂਤਰੀ ਸੰਧੀਆਂ 'ਤੇ ਸਹੀ ਪਾਈ ਅਤੇ ਇਸ ਅਲਾਮਤ ਦੇ ਖ਼ਾਤਮੇ ਦੀ ਇੱਛਾ ਜਤਾਈ। ਭਾਰਤੀ ਸੰਵਿਧਾਨ ਦੀ ਧਾਰਾ 51 ਸੀ ਅਤੇ 253 ਕੌਮਾਂਤਰੀ ਕਾਨੂੰਨਾਂ ਦਾ ਸਤਿਕਾਰ ਕਰਨਾ ਲਾਜ਼ਮੀ ਕਰਾਰ ਦਿੰਦਾ ਹੈ। ਲੋਕਰਾਜ ਅਤੇ ਮਨੁੱਖੀ ਅਧਿਕਾਰਾਂ 'ਤੇ ਆਧਾਰਿਤ ਨਵੇਂ ਆਲਮੀ ਨਿਜ਼ਾਮ ਦੀ ਰੂਪ-ਰੇਖਾ ਵਿਚ ਭਾਰਤ ਦੀ ਬਣਦੀ ਭੂਮਿਕਾ ਦੀ ਵਾਜਿਬ ਖ਼ਾਹਿਸ਼ ਦੇ ਮੱਦੇਨਜ਼ਰ, ਇਹ ਮੁਲਕ ਆਪਣੇ ਆਪ ਨੂੰ ਅੰਗੋਲਾ, ਬਹਾਮਾਸ, ਬਰੂਨੇਈ, ਗਾਂਬੀਆ, ਹੈਤੀ, ਪਲਾਊ ਅਤੇ ਸੂਡਾਨ ਜਿਹੇ ਮੁਲਕਾਂ ਦੀ ਕਤਾਰ ਵਿਚ ਖੜ੍ਹਾ ਨਹੀਂ ਦੇਖ ਸਕਦਾ ਜਿਨ੍ਹਾਂ ਨੇ ਸੰਯੁਕਤ ਰਾਸ਼ਟਰ ਦੇ ਅਹਿਦਨਾਮੇ ਦੀ ਪ੍ਰੋੜਤਾ ਨਹੀਂ ਕੀਤੀ।

ਇਹ ਗੱਲ ਵੀ ਪ੍ਰਸੰਗਿਕ ਹੈ ਕਿ ਪਾਰਲੀਮੈਂਟ ਦੀ ਸਿਲੈਕਟ ਕਮੇਟੀ ਨੇ ਹਿਰਾਸਤੀ ਤਸ਼ੱਦਦ ਦੀ ਰੋਕਥਾਮ ਲਈ ਲਈ ਅਜਿਹੇ ਵਿਆਪਕ ਤੇ ਨਿਰਪੱਖ ਕਾਨੂੰਨ ਦੀ ਲੋੜ ਦਰਸਾਈ ਸੀ ਅਤੇ ਤਸ਼ੱਦਦ ਦੀ ਰੋਕਥਾਮ ਬਾਰੇ ਬਿੱਲ-2010 'ਤੇ ਬਹਿਸ ਦੌਰਾਨ ਆਮ ਸਹਿਮਤੀ ਦਾ ਮੁਜ਼ਾਹਰਾ ਕਰਦੇ ਹੋਏ ਅਜਿਹਾ ਕਾਨੂੰਨ ਬਣਾਉਣ ਦੀ ਸਿਫਾਰਸ਼ ਕੀਤੀ ਸੀ। ਮੰਦੇ ਭਾਗੀਂ 14 ਸਾਲਾਂ ਬਾਅਦ ਵੀ ਦੇਸ਼ ਨੂੰ ਹਿਰਾਸਤੀ ਤਸ਼ੱਦਦ ਖਿਲਾਫ਼ ਅਜਿਹੇ ਅਹਿਮ ਕਾਨੂੰਨ ਦੀ ਉਡੀਕ ਹੈ। ਭਾਰਤ ਦੇ ਲਾਅ ਕਮਿਸ਼ਨ ਨੇ ਆਪਣੀ 273ਵੀਂ ਰਿਪੋਰਟ (2017) ਵਿਚ ਅਤੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਸੁਪਰੀਮ ਕੋਰਟ ਵਿਚ ਦਾਖ਼ਲ ਕਰਵਾਏ ਆਪਣੇ ਹਲਫ਼ਨਾਮੇ ਵਿਚ ਇਸ ਤਰ੍ਹਾਂ ਦਾ ਕਾਨੂੰਨ ਬਣਾਉਣ ਦੀ ਪ੍ਰੋੜਤਾ ਕੀਤੀ ਸੀ।

ਹਿਰਾਸਤੀ ਤਸ਼ੱਦਦ ਦੀਆਂ ਕਾਰਵਾਈਆਂ ਨਾਲ ਜੁੜੇ ਬਹੁਤ ਸਾਰੇ ਮੁੱਦਿਆਂ ਨੂੰ ਮੁਖ਼ਾਤਿਬ ਹੋਣ ਲਈ ਮੌਜੂਦਾ ਫ਼ੌਜਦਾਰੀ ਕਾਨੂੰਨਾਂ ਦੀਆਂ ਨਾਕਾਫ਼ੀ ਧਾਰਾਵਾਂ ਦੀ ਕਾਂਟ-ਛਾਂਟ ਕਰਨ ਦੀ ਬਜਾਇ "©31" ਦੀ ਤਰਜ਼ 'ਤੇ ਵਿਆਪਕ ਤਸ਼ੱਦਦ ਵਿਰੋਧੀ ਕਾਨੂੰਨ ਬਣਾਉਣ ਦੀ ਲੋੜ ਆਪਣੇ ਆਪ ਉਜਾਗਰ ਹੋ ਰਹੀ ਹੈ।

ਇਸ ਵਿਚ ਤਸ਼ੱਦਦ ਨੂੰ ਵਿਸ਼ੇਸ਼ ਅਪਰਾਧ ਦੇ ਵਿਆਪਕ ਰੂਪ ਵਿਚ ਪਰਿਭਾਸ਼ਿਤ ਕਰਨਾ, ਪੁਲੀਸ ਅਧਿਕਾਰੀਆਂ ਸਣੇ ਦਾਗੀ ਸਰਕਾਰੀ ਅਫਸਰਾਂ ਤੇ ਮੁਲਾਜ਼ਮਾਂ ਖਿਲਾਫ਼ ਕਾਨੂੰਨੀ ਕਾਰਵਾਈ ਕਰਨਾ, ਹਿਰਾਸਤੀ ਤਸ਼ੱਦਦ ਖਿਲਾਫ਼ ਸ਼ਿਕਾਇਤਾਂ ਦਰਜ ਕਰਨ ਦੇ ਤੌਰ ਤਰੀਕੇ, ਸੁਤੰਤਰ ਤੇ ਸਾਫ਼ ਸੁਥਰੀ ਤਫ਼ਤੀਸ਼ ਯਕੀਨੀ ਬਣਾਉਣਾ, ਸਬੂਤ ਪੇਸ਼ ਕਰਨ ਦੀ ਜਿ?ਮੇਵਾਰੀ ਦਾ ਸਵਾਲ, ਹਿਰਾਸਤੀ ਤਸ਼ੱਦਦ ਦੇ ਪੀੜਤਾਂ ਤੇ ਗਵਾਹਾਂ ਦੇ ਅੰਤਰਿਮ ਮੁਆਵਜ਼ੇ ਤੇ ਮੁੜ-ਵਸੇਬੇ ਦੀ ਵਿਵਸਥਾ, ਪੀੜਤਾਂ ਨੂੰ ਦਿੱਤੇ ਜਾਣ ਵਾਲੇ ਮੁਆਵਜ਼ੇ ਦਾ ਫ਼ੈਸਲਾ ਕਰਨਾ, ਅਜਿਹੇ ਮੁਕੱਦਮਿਆਂ ਤੇ ਉਨ੍ਹਾਂ ਦੇ ਨਿਬੇੜੇ ਦੇ ਸਬੰਧ ਵਿਚ ਆਉਣ ਵਾਲੀਆਂ ਸ਼ਿਕਾਇਤਾਂ ਨਜਿੱਠਣ ਦਾ ਪ੍ਰਬੰਧ ਕਰਨਾ, ਪੀੜਤਾਂ, ਗਵਾਹਾਂ ਤੇ ਸ਼ਿਕਾਇਤਕਰਤਾਵਾਂ ਦੀ ਸੁਰੱਖਿਆ; ਪੁਲੀਸ ਅਧਿਕਾਰੀਆਂ ਤੇ ਸਰਕਾਰੀ ਅਫਸਰਾਂ ਨੂੰ ਕਾਰਗਰ ਤੇ ਬਾਮੌਕਾ ਜਾਂਚ ਤੇ ਪੁੱਛ ਪੜਤਾਲ ਦੇ ਵਿਗਿਆਨਕ ਤੌਰ-ਤਰੀਕਿਆਂ ਦੀ ਵਰਤੋਂ ਲਈ ਸੁਚੇਤ ਅਤੇ ਉਤਸ਼ਾਹਿਤ ਕਰਨਾ ਆਉਂਦਾ ਹੈ। ਯੂਰੋਪੀਅਨ ਜੱਜਾਂ ਦੀ ਸਲਾਹਕਾਰ ਕੌਂਸਲ ਨੇ ਆਪਣੇ ਮਤਾ ਨੰਬਰ 18 (2015) ਵਿਚ ਨੀਤੀ ਦੇ ਔਜ਼ਾਰ ਦੇ ਰੂਪ ਵਿਚ ਕਾਨੂੰਨ ਬਣਾਉਣ ਦੀ ਲੋੜ ਦੀ ਪ੍ਰੋੜਤਾ ਕੀਤੀ ਸੀ। ਲੋੜੀਂਦੀ ਕਾਨੂੰਨਸਾਜ਼ੀ ਨਾਲ ਦੇਸ਼ ਦੀ ਸੰਵਿਧਾਨਵਾਦ ਅਤੇ ਲੋਕਰਾਜ ਪ੍ਰਤੀ ਵਚਨਬੱਧਤਾ ਤਾਂ ਹੋਰ ਪੱਕੀ ਹੋਵੇਗੀ ਸਗੋਂ ਇਸ ਨਾਲ ਕਾਨੂੰਨ ਤੋਂ ਭਗੌੜੇ ਹੋ ਕੇ ਵਿਦੇਸ਼ਾਂ ਵਿਚ ਬੈਠੇ ਦੇਸ਼ ਦੇ ਨਾਗਰਿਕਾਂ ਨੂੰ ਇਸ ਬਿਨਾਅ 'ਤੇ ਭਾਰਤ ਵਿਚ ਨਿਆਂ ਦਾ ਸਾਹਮਣਾ ਕਰਨ ਤੋਂ ਬਚਣ ਦੀ ਖੁੱਲ੍ਹ ਨਹੀਂ ਮਿਲ ਸਕੇਗੀ ਕਿ ਉਨ੍ਹਾਂ ਨੂੰ ਭਾਰਤ ਵਿਚ ਹਿਰਾਸਤ ਦੌਰਾਨ ਤਸ਼ੱਦਦ ਹੋਣ ਦਾ ਖਦਸ਼ਾ ਹੈ।

ਤਸ਼ੱਦਦ ਦਾ ਅਪਰਾਧ ਆਤਮਾ 'ਤੇ ਦਾਗ ਪਾ ਦਿੰਦਾ ਹੈ, ਸਰੀਰ ਦਾ ਸਤਿਆਨਾਸ ਕਰ ਦਿੰਦਾ ਹੈ, ਮਨੁੱਖੀ ਇੱਛਾ ਸ਼ਕਤੀ ਨੂੰ ਤੋੜ ਦਿੰਦਾ ਹੈ ਅਤੇ ਪੀੜਤ ਦਾ ਅਮਾਨਵੀਕਰਨ ਕਰਦਾ ਹੈ। ਜਿਵੇਂ ਲੇਖਕ ਮਾਰੀਆ ਪੋਪੋਵਾ ਨੇ ਲਿਖਿਆ ਹੈ, "ਇਹ (ਤਸ਼ੱਦਦ) ਆਪਣੇ ਪਿੱਛੇ ਦਮਘੋਟੂ ਜੇਲ੍ਹ ਵਿਚ ਬੰਦ ਪੀੜਤ ਛੱਡ ਜਾਂਦਾ ਹੈ ਜਿਸ ਵਿਚ ਉਸ ਦੀ ਜ਼ਮੀਰ ਦੀਆਂ ਕੰਨ ਪਾੜਵੀਆਂ ਚੀਕਾਂ ਸੁਣਾਈ ਦਿੰਦੀਆਂ ਹਨ ਤੇ ਉਸ ਦੇ ਧੁਰ ਅੰਦਰ ਬੇਗਾਨਗੀ ਦਾ ਅਹਿਸਾਸ ਭਰ ਜਾਂਦਾ ਹੈ ਜੋ ਬਰਫ਼ ਨਾਲੋਂ ਯਖ਼ ਅਤੇ ਪੱਥਰਾਂ ਨਾਲੋਂ ਭਾਰੀ ਹੁੰਦਾ ਹੈ।" ਇਸ ਕਰ ਕੇ ਕਿਸੇ ਵੀ ਜਗ੍ਹਾ 'ਤੇ ਕਿਸੇ ਵੀ ਰੂਪ ਵਿਚ ਤਸ਼ੱਦਦ ਖਿਲਾਫ਼ ਸਮੂਹਿਕ ਅਹਿਦ ਦੇ ਮਾਮਲੇ ਵਿਚ ਕਿਸੇ ਤਰ੍ਹਾਂ ਦੀ ਬੇਰੁਖ਼ੀ, ਵਿਧਾਨਕ ਢਿੱਲ-ਮੱਠ ਅਤੇ ਨਿਆਂਇਕ ਅਸਾਵੇਂਪਣ ਲਈ ਕੋਈ ਗੁੰਜਾਇਸ਼ ਨਹੀਂ ਹੈ। ਤਸ਼ੱਦਦ ਵਿਰੋਧੀ ਕਾਨੂੰਨ ਬਣਾਉਣਾ ਭਾਰਤੀ ਰਿਆਸਤ ਦੀ ਕਾਰਜਪਾਲਿਕਾ, ਵਿਧਾਨਪਾਲਿਕਾ ਅਤੇ ਨਿਆਂਪਾਲਿਕਾ ਦੀ ਸਾਂਝੀ ਜ਼ਿੰਮੇਵਾਰੀ ਹੈ ਜਿਨ੍ਹਾਂ ਨੂੰ ਸੰਵਿਧਾਨਕ ਸ਼ਾਸਨ ਦੇ ਪਹਿਲੇ ਅਸੂਲ ਮੁਤਾਬਕ ਰਾਸ਼ਟਰੀ ਉਦੇਸ਼ਾਂ ਦੀ ਪੂਰਤੀ ਲਈ ਮਿਲ ਜੁਲ ਕੇ ਕੰਮ ਕਰਨ ਦਾ ਜ਼ਿੰਮਾ ਦਿੱਤਾ ਗਿਆ ਹੈ।

ਦੇਸ਼ ਨੂੰ ਦੁਰਬਲ ਬਣਾਉਣ ਵਾਲੀ ਰਾਜਨੀਤੀ ਨੇ ਆਪਣੇ ਆਪ ਨੂੰ ਨਿੱਜੀ ਖ਼ਰਮਸਤੀਆਂ ਅਤੇ ਸਿਆਸੀ ਵੈਰ ਵਿਰੋਧਾਂ ਤੱਕ ਮਹਿਦੂਦ ਕਰ ਲਿਆ ਹੈ ਪਰ ਲੋਕਾਂ ਦੇ ਨੁਮਾਇੰਦੇ ਸਾਡੇ ਸਮਿਆਂ ਦੀ ਇਸ ਪੁਰਜ਼ੋਰ ਤਰਜੀਹ ਨੂੰ ਅਣਡਿੱਠ ਕਰ ਕੇ ਆਪਣੇ ਹਿੱਸੇ ਦੀ ਜ਼ਿੰਮੇਵਾਰੀ ਤੋਂ ਬਚ ਨਹੀਂ ਸਕਦੇ। ਨਾ ਹੀ ਸਰਬਉਚ ਸੰਵਿਧਾਨਕ ਅਦਾਲਤ ਕਾਨੂੰਨ ਵਿਚਲੀਆਂ ਖਾਮੀਆਂ ਨੂੰ ਭਰਨ ਅਤੇ ਨਾ ਹੀ ਇਹ ਆਪਣੇ ਅਧਿਕਾਰ ਖੇਤਰ ਨੂੰ ਤਸ਼ੱਦਦ ਦੀਆਂ ਕਾਰਵਾਈਆਂ ਮੁਤੱਲਕ ਮਨੁੱਖੀ ਸ਼ਾਨ ਤੱਕ ਲਿਜਾਣ ਵਿਚ ਕਾਰਗਰ ਹੋ ਸਕੀ ਹੈ। ਇਸ ਮਾਮਲੇ ਵਿਚ ਜਿਨ੍ਹਾਂ ਮਿਸਾਲੀ ਅਦਾਲਤੀ ਫ਼ੈਸਲਿਆਂ ਨੇ ਸਾਰਥਕ ਕਾਰਗਰ ਅਮਲ ਦੀ ਪ੍ਰੋੜਤਾ ਕੀਤੀ ਹੈ, ਉਨ੍ਹਾਂ ਵਿਚ ਸੁਨੀਲ ਬਤਰਾ (2017), ਫਰਾਂਸਿਸ ਕੋਰਾਲੀ ਮੁਲੀਨ (1981), ਡੀਕੇ ਬਾਸੂ (1997), ਪ੍ਰਿ?ਤਪਾਲ ਸਿੰਘ (2012), ਸ਼ਬਨਮ (2015), ਕੇਐੱਸ ਪੁੱਟਾਸਵਾਮੀ (2017), ਨਾਂਬੀ ਨਾਰਾਇਣਨ (2018) ਅਤੇ ਰੋਮਿਲਾ ਥਾਪਰ (2018) ਸ਼ਾਮਲ ਹਨ।

ਬਿਨਾਂ ਸ਼ੱਕ, ਸ਼ਾਨਾਮੱਤੇ ਸੰਵਿਧਾਨ ਦੇ ਆਦਰਸ਼ਾਂ ਤੋਂ ਪ੍ਰੇਰਿਤ ਕੋਈ ਰਾਸ਼ਟਰ ਆਪਣੀਆਂ ਏਜੰਸੀਆਂ ਦੀ ਹਿਰਾਸਤ ਵਿਚ ਤਸ਼ੱਦਦ ਦੁਆਰਾ ਵਿਅਕਤੀਗਤ ਮਾਣ-ਸਨਮਾਨ ਦੇ ਬੇਕਿਰਕ ਘਾਣ ਨੂੰ ਰੋਕਣ ਲਈ ਕਾਨੂੰਨੀ ਢਾਂਚੇ ਦੀ ਅਯੋਗਤਾ ਪ੍ਰਤੀ ਅਸੰਵੇਦਨਸ਼ੀਲ ਉਦਾਸੀਨਤਾ ਦਾ ਬੋਝ ਨਹੀਂ ਚੁੱਕ ਸਕਦਾ। ਆਲਮੀ ਖੇਤਰ ਵਿਚ ਭਾਰਤ ਦੀ ਪ੍ਰਮੁੱਖਤਾ ਇਸ ਦੇ ਉਸ ਲੋਕਰਾਜੀ ਭਵਨ ਦੀ ਸ਼ਕਤੀ ਟਿਕੀ ਹੋਵੇਗੀ ਜਿਸ ਨੂੰ ਮਨੁੱਖੀ ਅਧਿਕਾਰਾਂ ਦੇ ਸਤਿਕਾਰ ਅਤੇ ਰਾਜਕੀ ਸ਼ਕਤੀ ਦੀ ਜਵਾਬਦੇਹੀ ਤੋਂ ਪੋਸ਼ਣ ਮਿਲਦਾ ਹੈ। ਇਹੋ ਜਿਹੇ ਬਹੁਤ ਕਾਰਨਾਂ ਕਰ ਕੇ ਪ੍ਰਭਾਵਸ਼ਾਲੀ ਤਸ਼ੱਦਦ ਵਿਰੋਧੀ ਕਾਨੂੰਨ ਦਾ ਤਰਕ ਹਰ ਸੰਦੇਹ ਤੋਂ ਮੁਕਤ ਹੈ। ਸਵਾਲ ਹੈ: ਕੀ ਸੰਵਿਧਾਨਕ ਅਕੀਦੇ ਦੇ ਪਾਲਣਹਾਰ, ਗਣਰਾਜ ਦੀ ਜ਼ਮੀਰ ਦੀ ਤਸਦੀਕ ਕਰਨਗੇ? ਅਗਾਂਹ ਵਧਦੇ ਇਸ ਰਾਸ਼ਟਰ ਦੀ ਲਚਕ ਦੀ ਪਰਖ ਇਸ ਗੱਲ ਤੋਂ ਕੀਤੀ ਜਾਵੇਗੀ ਕਿ ਦੇਸ਼ ਦੀ ਕਿਸਮਤ ਨੂੰ ਰੇਖਾਂਕਿਤ ਕਰਨ ਅਤੇ ਇਸ ਦੇ ਲੋਕਤੰਤਰ ਨੂੰ ਸੁਰਜੀਤ ਕਰਨ ਦੇ ਜ਼ਿੰਮੇਵਾਰ ਲੋਕ ਆਪਣੇ ਫ਼ਰਜ਼ਾਂ 'ਤੇ ਪੂਰਾ ਉਤਰਦੇ ਹਨ ਕਿ ਨਹੀਂ।

Dosanjh Family
AUTO GROUP

DUBLIN CHEVOLET
DUBLIN CADILLAC
DUBLIN BUICK GMC
DUBLIN KIA
DUBLIN NISSAN
DUBLIN INFINITI

FREMONT CHEVROLET
FREMONT CADILLAC
FREMONT BUICK GMC
STEVENS CREEK CHEVROLET
STEVENS CREEK CADILLAC
SEASIDE CHRYSLER DODGE JEEP RAM
SEASIDE CADILLAC
SEASIDE VOLKSWAGEN

CONCORD CHEVROLET
ACURA OF CONCORD
CONCORD NISSAN
LIVERMORE TOYOTA
FREMONT FORD